


PUNJABSTAR.COM
# ਪੰਜਾਬ ਸਟਾਰ





Phone: 905-673-7666 , Fax: 1-289-206-8611 | 15 ਮਈ ਤੋਂ 21 ਮਈ, 2025 | Email :- editor@punjabstar.com, Vo. 20. Issue:1185


# ਕੈਨੇਡਾ: ਪ੍ਰਧਾਨ ਮੰਤਰੀ ਵੱਲੋਂ ਮੰਤਰੀ ਮੰਡਲ ਦਾ ਗਠਨ

## ਕੈਨੇਡਾ 'ਚ ਇਤਿਹਾਸ ਸਿਰਜੇਗਾ ਨਵਾਂ ਮੰਤਰੀ ਮੰਡਲ: ਕਾਰਨੀ



ਵੈਨਕੂਵਰ (ਪੰਜਾਬ ਸਟਾਰ ਬਿਊਰੋ): ਕੈਨੇਡਾ ਦੀਆਂ ਫੈਡਰਲ ਚੋਣਾਂ ਤੋਂ ਦੋ ਹਫਤੇ ਬਾਅਦ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੇ ਮੰਤਰੀ ਮੰਡਲ ਦਾ ਗਠਨ ਕਰ ਲਿਆ ਹੈ ਜਿਸ ਵਿੱਚ ਸ਼ਾਮਲ ਕੀਤੇ ਮੰਤਰੀਆਂ ਵਿੱਚ ਦੋ ਦਰਜਨ ਨਵੇਂ ਚਿਹਰੇ ਸ਼ਾਮਲ ਕੀਤੇ ਗਏ ਹਨ ਤੇ ਇਸ ਵਿਚ ਔਰਤਾਂ ਅਤੇ ਖੇਤਰੀ ਪ੍ਰਤੀਨਿਧਤਾ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਕਈ ਸਾਲਾਂ ਬਾਅਦ (ਸਾਬਆ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਤੋਂ ਬਾਅਦ) ਕੁਝ ਸੰਸਦ ਮੈਂਬਰਾਂ ਨੂੰ ਰਾਜ ਮੰਤਰੀ (ਪ੍ਰਿੰਸੀਪਲ ਸਕੱਤਰ) ਵਜੋਂ ਨਿਵਾਜਿਆ ਗਿਆ ਹੈ। ਸਰੀ ਸੈਂਟਰ ਤੋਂ ਲਗਾਤਾਰ ਚੌਥੀ ਵਾਰ ਚੁਣ ਕੇ ਆਏ ਜਲੰਧਰ ਨੇੜਲੇ ਪਿੰਡ ਸਰਾਏ ਖਾਸ ਦੇ ਪਿਛੋਕੜ ਵਾਲੇ ਰਣਦੀਪ ਸਿੰਘ ਸਰਾਏ (ਪਗੜੀਧਾਰੀ) (ਰਾਜ ਮੰਤਰੀ ਅੰਤਰਰਾਸ਼ਟਰੀ ਵਿਕਾਸ ਵਿਭਾਗ), ਬਰੈਂਪਟਨ ਤੋਂ ਚੁਣੇ ਗਏ ਮਨਿੰਦਰ ਸਿੱਧੂ ( ਕੌਮਾਂਤਰੀ ਵਪਾਰ ਵਿਭਾਗ) ਅਤੇ ਰੂਬੀ ਸਹੋਤਾ (ਰਾਜ ਮੰਤਰੀ ਜੁਰਮ ਰੋਕੂ ਵਿਭਾਗ) ਨੂੰ ਸ਼ਾਮਲ ਕਰਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਗਿਆ ਹੈ। ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਫਿਰ ਤੋਂ ਸ਼ਾਮਲ ਕਰਕੇ ਟਰਾਂਸਪੋਰਟ ਤੇ ਟਰੇਡ ਵਿਭਾਗ ਸੌਂਪਿਆ ਗਿਆ ਹੈ। ਓਂਟਾਰੀਓ ਦੇ ਟਰਾਂਟੋ ਖੇਤਰ ਤੋਂ 12 ਸੰਸਦ ਮੈਂਬਰਾਂ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ ਹੈ।

* ਬਾਕੀ ਸਫਾ 2 'ਤੇ

ਪੰਜਾਬੀਆਂ ਲਈ ਮਾਣ ਵਾਲੀ ਗੱਲ

## ਮਾਰਕ ਕਾਰਨੀ ਨੇ ਚਾਰ ਪੰਜਾਬੀਆਂ ਨੂੰ ਦਿੱਤੀ ਵੱਡੀ ਜ਼ਿੰਮੇਵਾਰੀ




ਅਨੀਤਾ ਆਨੰਦ — ਵਿਦੇਸ਼ ਮੰਤਰੀ
ਰਣਦੀਪ ਸਿੰਘ ਸਰਾਏ — ਸਟੇਟ ਸਕੱਤਰ ਕੌਮਾਂਤਰੀ ਵਿਕਾਸ ਵਿਭਾਗ
ਮਨਿੰਦਰ ਸਿੱਧੂ — ਅੰਤਰਰਾਸ਼ਟਰੀ ਵਪਾਰ ਮੰਤਰਾਲਾ
ਰੂਬੀ ਸਹੋਤਾ — ਸਟੇਟ ਸਕੱਤਰ ਅਪਰਾਧ ਰੋਕਥਾਮ

ਵੈਨਕੂਵਰ (ਪੰਜਾਬ ਸਟਾਰ ਬਿਊਰੋ): ਕੈਨੇਡਾ ਦੀਆਂ ਫੈਡਰਲ ਚੋਣਾਂ ਤੋਂ ਦੋ ਹਫ਼ਤੇ ਮਗਰੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਵਜ਼ਾਰਤ ਦਾ ਗਠਿਨ ਕੀਤਾ ਹੈ ਜਿਸ ਵਿੱਚ ਚਾਰ ਪੰਜਾਬੀਆਂ ਮਨਿੰਦਰਿ ਸੱਧੂ, ਰੂਬੀ ਸਹੋਤਾ, ਰਣਦੀਪ ਸਿੰਘ ਸਰਾਏ ਤੇ ਅਨੀਤਾ ਆਨੰਦ ਨੂੰ ਥਾਂ ਮਿਲੀ ਹੈ। ਸਾਬਕਾ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਦੇ ਕਾਰਜਕਾਲ ਤੋਂ ਬਾਅਦ ਕੁਝ ਸੰਸਦ ਮੈਂਬਰਾਂ ਨੂੰ ਰਾਜ ਮੰਤਰੀ (ਪ੍ਰਿੰਸੀਪਲ ਸਕੱਤਰ) ਬਣਾਇਆ ਗਿਆ ਹੈ। ਕਾਰਨੀ ਨੇ ਸਰੀ ਸੈਂਟਰ ਤੋਂ ਲਗਾਤਾਰ ਚੌਥੀ ਵਾਰ ਸੰਸਦ ਮੈਂਬਰ ਬਣੇ ਜਲੰਧਰ ਨੇੜਲੇ ਪਿੰਡ ਸਰਾਏ ਖਾਸ ਦੇ ਰਣਦੀਪ ਸਿੰਘ ਸਰਾਏ (ਪੱਗੜੀਧਾਰੀ) (ਰਾਜ ਮੰਤਰੀ ਕੌਮਾਂਤਰੀ ਵਿਕਾਸ ਵਿਭਾਗ), ਬਰੈਂਪਟਨ ਤੋਂ ਸੰਸਦ ਮੈਂਬਰ ਮਨਿੰਦਰ ਸਿੱਧੂ

* ਬਾਕੀ ਸਫਾ 2 'ਤੇ

# ਇਜ਼ਰਾਇਲੀ ਹਮਲੇ 'ਚ 22 ਬੱਚਿਆਂ ਸਣੇ 70 ਹਲਾਕ

### ਅਮਰੀਕੀ ਬੰਦੀ ਨੂੰ ਰਿਹਾਅ ਕਰਨ ਦੇ ਇਕ ਦਿਨ ਬਾਅਦ ਹੋਇਆ ਹਮਲਾ



ਦੀਰ ਅਲ-ਬਲਾ (ਪੰਜਾਬ ਸਟਾਰ ਬਿਊਰੋ): ਗਾਜ਼ਾ ਵਿੱਚ ਅੱਜ ਤੜਕੇ ਇਜ਼ਰਾਇਲੀ ਹਵਾਈ ਹਮਲਿਆਂ ਵਿੱਚ ਘੱਟੋ-ਘੱਟ 22 ਬੱਚਿਆਂ ਸਣੇ 60 ਵਿਅਕਤੀਆਂ ਦੀ ਮੌਤ ਹੋ ਗਈ। ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਹਮਲਿਆਂ ਵਿੱਚ ਕੁੱਲ 70 ਵਿਅਕਤੀਆਂ ਦੀ ਮੌਤ ਹੋਈ ਹੈ, ਜਿਨ੍ਹਾਂ 'ਚੋਂ 10 ਵਿਅਕਤੀਆਂ ਦੀ ਮੌਤ ਦੱਖਣੀ ਸ਼ਹਿਰ ਖਾਨ ਯੂਨਿਸ ਵਿੱਚ ਹੋਈ ਹੈ। ਇਹ ਹਮਲੇ ਹਮਾਸ ਵੱਲੋਂ

* ਬਾਕੀ ਸਫਾ 2 'ਤੇ

## ਮੈਨੀਟੋਬਾ: ਜੰਗਲਾਂ 'ਚ ਲੱਗੀ ਭਿਆਨਕ ਅੱਗ ਕਾਰਨ 2 ਦੀ ਮੌਤ



ਵੈਨਕੂਵਰ (ਪੰਜਾਬ ਸਟਾਰ ਬਿਊਰੋ): ਤਿੰਨ ਦਿਨਾਂ ਤੋਂ ਮੈਨੀਟੋਬਾ ਸੂਬੇ ਦੇ ਜੰਗਲਾਂ ਵਿਚ ਲੱਗੀ ਅੱਗ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਬਚਾਅ ਦਲ ਨੇ ਇਕ ਘਰ ਦੇ ਮਲਬੇ ਚੋਂ ਮਰਦ ਤੇ ਔਰਤ ਦੀਆਂ ਸੜੀਆਂ ਹੋਈਆਂ ਲਾਸ਼ਾਂ ਕੱਢੀਆਂ ਹਨ।

* ਬਾਕੀ ਸਫਾ 2 'ਤੇ

# ਕੈਨੇਡਾ: ਮਿਸੀਸਾਗਾ 'ਚ ਪੰਜਾਬੀ ਕਾਰੋਬਾਰੀ ਦੀ ਗੋਲੀਆਂ ਮਾਰ ਕੇ ਹੱਤਿਆ

### ਦਫ਼ਤਰ ਦੇ ਬਾਹਰ ਕਾਰ 'ਚ ਬੈਠਣ ਮੌਕੇ ਨਾਮਾਲੂਮ ਵਿਅਕਤੀਆਂ ਨੇ ਚਲਾਈਆਂ 15-16 ਗੋਲੀਆਂ



ਵੈਨਕੂਵਰ (ਬਲਜਿੰਦਰ ਸੇਖਾ) : ਮਿਸੀਸਾਗਾ ਦੀ ਡੈਰੀ ਰੋਡ ਨੇੜੇ ਟੈਲਫੋਰਡ ਵੇਅ ਤੇ ਪੰਜਾਬੀ ਕਾਰੋਬਾਰੀ ਹਰਜੀਤ ਸਿੰਘ ਢੱਡਾ (50) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ ਤੇ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ। ਪੁਲੀਸ ਨੇ ਮ੍ਰਿਤਕ ਦੀ ਪਹਿਚਾਣ ਜ਼ਾਹਿਰ ਨਹੀਂ ਕੀਤੀ, ਪਰ ਘਟਨਾ ਸਥਾਨ 'ਤੇ ਮੌਜੂਦ ਸੂਤਰਾਂ ਨੇ ਦੱਸਿਆ ਕਿ ਵਾਰਦਾਤ ਮੌਕੇ ਹਰਜੀਤ ਸਿੰਘ ਢੱਡਾ ਆਪਣੇ ਦਫਤਰ ਦੇ ਬਾਹਰ ਖੜੇ ਆਪਣੇ ਵਾਹਨ ਨਜ਼ਦੀਕ ਆਇਆ ਤਾਂ ਪਹਿਲਾਂ ਤੋਂ ਤਾਕ ਲਾ ਕੇ ਖੜੇ ਅਣਪਛਾਤੇ ਦੋਸ਼ੀਆਂ ਨੇ ਉਸ 'ਤੇ 15-16 ਗੋਲੀਆਂ ਚਲਾਈਆਂ ਅਤੇ ਮੌਕੇ ਤੋਂ ਫਰਾਰ ਹੋ ਗਏ। ਘਟਨਾ ਮੌਕੇ ਪਾਰਕਿੰਗ 'ਚ ਮੌਜੂਦ ਲੋਕਾਂ ਨੇ ਉੱਥੋਂ ਭੱਜ ਕੇ ਆਪਣੀ ਜਾਨ ਬਚਾਈ। ਢੱਡਾ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ, ਪਰ ਜ਼ਖ਼ਮਾਂ ਦੀ ਤਾਬ ਨਾ ਸਹਿੰਦੇ ਹੋਏ ਉਸ ਨੇ ਦਮ ਤੋੜ ਦਿੱਤਾ।

ਪੁਲੀਸ ਬੁਲਾਰੀ ਮਾਈਕਲ ਸਟੈਫਰਡ ਨੇ ਕਿਹਾ ਕਿ ਕੇਸ ਜਾਂਚ ਅਧਿਕਾਰੀਆਂ ਨੂੰ ਸੌਂਪਿਆ ਗਿਆ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਦਾ ਪਤਾ ਲਾਉਣ ਲਈ ਆਸ ਪਾਸ ਦੇ ਸੀਸੀਟੀਵੀ ਕੈਮਰਿਆਂ ਦੀ ਫੁੱਟੇਜ ਖੰਗਾਲੀ ਜਾ ਰਹੀ ਹੈ। ਇਕ ਚਸ਼ਮਦੀਦ ਨੇ ਦੱਸਿਆ, ''ਉਹ ਥੋੜੀ ਦੂਰ ਖੜਾ ਸੀ, ਜਦੋਂ ਬੰਦੂਕਧਾਰੀ ਪਾਰਕਿੰਗ 'ਚ ਖੜੀ ਕਾਰ 'ਚੋਂ ਨਿਕਲੇ ਅਤੇ ਗੋਲੀਆਂ ਚਲਾ ਕੇ ਵਾਪਸ ਉਸੇ ਕਾਰ ਵਿਚ ਫਰਾਰ ਹੋ ਗਏ।'' ਉੱਥੇ ਨਜ਼ਦੀਕ ਸਥਿਤ

* ਬਾਕੀ ਸਫਾ 2 'ਤੇ

# ਕੈਨੇਡਾ 'ਚ 20,245 ਵਿਦਿਆਰਥੀਆਂ ਨੇ ਮੰਗੀ ਪਨਾਹ

### * 2023 ਦੇ ਮੁਕਾਬਲੇ ਵਿਚ 2024 'ਚ ਦੁੱਗਣੀ ਹੋਈ ਗਿਣਤੀ
### * ਅਸਾਇਲਮ ਕਲੇਮ ਕਰਨ ਵਾਲਿਆਂ 'ਚ ਹਜ਼ਾਰਾਂ ਪੰਜਾਬੀ



ਟੋਰਾਂਟੋ (ਪੰਜਾਬ ਸਟਾਰ ਬਿਊਰੋ): ਕੈਨੇਡਾ ਪੜ੍ਹਨ ਆਏ ਹਜ਼ਾਰਾਂ ਪੰਜਾਬੀ ਮੁੰਡੇ-ਕੁੜੀਆਂ ਦਾ ਰੱਬ ਹੀ ਰਾਖਾ ਹੈ ਜਿਨ੍ਹਾਂ ਨੇ ਪਰਮਾਨੈਂਟ ਰੈਜ਼ੀਡੈਂਸੀ ਮਿਲਣ ਦੀ ਆਖਰੀ ਉਮੀਦ ਖਤਮ ਹੋਣ ਮਗਰੋਂ ਅਸਾਇਲਮ ਦੇ ਦਾਅਵੇ ਕਰ ਦਿਤੇ। ਜੀ ਹਾਂ, ਕੌਮਾਂਤਰੀ ਵਿਦਿਆਰਥੀਆਂ ਨੇ ਸਾਰੇ ਰਿਕਾਰਡ ਤੋੜਦਿਆਂ 2024 ਦੌਰਾਨ ਕੈਨੇਡਾ ਵਿਚ ਪਨਾਹ ਦੇ 20,245 ਦਾਅਵੇ ਦਾਖਲ ਕੀਤੇ ਅਤੇ ਇਨ੍ਹਾਂ ਵਿਚੋਂ ਵੱਡੀ ਗਿਣਤੀ ਪੰਜਾਬੀਆਂ ਦੀ ਹੈ। ਕੈਨੇਡਾ ਸਰਕਾਰ ਵੱਲੋਂ ਸਟੱਡੀ ਵੀਜ਼ਿਆਂ ਦੀ ਗਿਣਤੀ ਘਟਾਏ ਜਾਣ ਦੇ ਬਾਵਜੂਦ ਪਨਾਹ ਮੰਗਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ ਅਤੇ ਇੰਮੀਗ੍ਰੇਸ਼ਨ ਮਾਹਰਾਂ ਮੁਤਾਬਕ ਮੌਜੂਦਾ ਵਰ੍ਹੇ ਦੌਰਾਨ ਇਹ ਅੰਕੜਾ 30 ਹਜ਼ਾਰ ਤੋਂ ਟੱਪ ਸਕਦਾ ਹੈ। 2025 ਦੇ ਪਹਿਲੇ ਤਿੰਨੇ ਮਹੀਨੇ ਦੌਰਾਨ ਸਾਢੇ ਪੰਜ ਹਜ਼ਾਰ ਤੋਂ ਵੱਧ ਕੌਮਾਂਤਰੀ ਵਿਦਿਆਰਥੀ ਅਸਾਲਿਮ ਦਾ ਦਾਅਵਾ ਦਾਖਲ ਕਰ ਚੁੱਕੇ ਹਨ ਅਤੇ 2024 ਦੇ ਪਹਿਲੇ ਤਿੰਨ ਮਹੀਨਿਆਂ ਦੇ ਮੁਕਾਬਲੇ ਇਹ ਗਿਣਤੀ 22 ਫੀ ਸਦੀ ਵੱਧ ਬਣਦੀ ਹੈ।

ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਮੰਤਰਾਲੇ ਦੇ ਅੰਕੜਿਆਂ ਨੂੰ ਡੂੰਘਾਈ ਨੇ ਦੇਖਿਆ ਜਾਵੇ ਤਾਂ 2023 ਦੇ ਮੁਕਾਬਲੇ 2024 ਦੌਰਾਨ ਪਨਾਹ ਮੰਗਣ ਵਾਲਿਆਂ ਦੀ ਗਿਣਤੀ ਦੁੱਗਣੀ ਹੋ ਗਈ ਜਦਕਿ 2019 ਦੇ ਮੁਕਾਬਲੇ ਇਹ ਅੰਕੜਾ ਛੇ ਗੁਣਾ ਵੱਧ ਬਣਦਾ ਹੈ। ਇੰਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਪੀ.ਆਰ. ਮਿਲਣ ਦਾ ਰਾਹ ਬੇਹੱਦ ਔਖਾ ਹੋ ਚੁੱਕਾ ਹੈ ਜਿਸ ਦੇ ਮੱਦੇਨਜ਼ਰ ਕੌਮਾਂਤਰੀ ਵਿਦਿਆਰਥੀ ਬਦਲਵੇਂ ਤਰੀਕਿਆਂ ਵੱਲ ਦੌੜ ਰਹੇ ਹਨ। ਚੋਣਾਂ ਵਿਚ ਜਿੱਤ ਮਗਰੋਂ ਪਹਿਲੀ ਪ੍ਰੈਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣਾ ਵਾਅਦਾ ਦੁਹਰਾਇਆ ਕਿ ਆਰਜ਼ੀ ਕਾਮਿਆਂ ਅਤੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਕੈਨੇਡਾ ਦੀ ਕੁਲ ਵਸੋਂ ਦਾ ਪੰਜ ਫ਼ੀ ਸਦੀ 'ਤੇ ਲਿਆਂਦੀ ਜਾਵੇਗੀ ਜੋ ਇਸ ਵੇਲੇ 7 ਫ਼ੀ ਸਦੀ ਦੇ ਨੇੜੇ ਚੱਲ ਰਹੀ ਹੈ। ਮਾਰਕ ਕਾਰਨੀ ਅੱਜ ਆਪਣੇ ਮੰਤਰੀ ਮੰਡਲ ਦਾ ਐਲਾਨ ਕਰ ਰਹੇ ਹਨ ਅਤੇ ਕੈਨੇਡਾ ਨੂੰ ਨਵਾਂ ਇੰਮੀਗ੍ਰੇਸ਼ਨ ਮੰਤਰੀ ਵੀ ਮਿਲੇਗਾ। ਔਟਵਾ ਦੇ ਇੰਮੀਗ੍ਰੇਸ਼ਨ ਵਕੀਲ ਵੌਰਨ ਕ੍ਰੀਏਟਸ ਦਾ ਮੰਨਣਾ ਹੈ ਕਿ ਮਾਰਕ ਕਾਰਨੀ ਇੰਮੀਗ੍ਰੇਸ਼ਨ ਅੰਕੜੇ ਘਟਾਉਣ ਦੇ ਭਾਰੀ ਭਰਕਮ ਦਬਾਅ ਵਿਚੋਂ ਲੰਘ ਰਹੇ ਹਨ ਅਤੇ ਇਸ ਤੋਂ ਬਗੈਰ ਉਨ੍ਹਾਂ ਦੀ ਸਰਕਾਰ ਦਾ ਗੁਜ਼ਾਰਾ ਨਹੀਂ ਹੋਣਾ।

ਉਨ੍ਹਾਂ ਕਿਹਾ ਕਿ ਕੈਨੇਡਾ ਦੇ ਹੈਲਥ ਕੇਅਰ ਸੈਕਟਰ ਵਿਚ ਸੰਕਟ ਹੈ, ਹਾਊਸਿੰਗ ਸੈਕਟਰ ਵੀ ਮਾਰ ਹੇਠ ਹੈ ਅਤੇ ਹੋਰ ਕਈ ਸਮੱਸਿਆਵਾਂ ਦਾ ਟਾਕਰਾ ਕਰਨਾ ਪੈ ਰਿਹਾ ਹੈ।

* ਬਾਕੀ ਸਫਾ 2 'ਤੇ

# ਟਰੰਪ ਨੇ ਪ੍ਰਵਾਸੀਆਂ ਨੂੰ ਡਿਪੋਰਟ ਕਰਨ 'ਤੇ ਖਰਚੇ 21 ਮਿਲੀਅਨ ਡਾਲਰ

### * ਗੁਆਂਤਨਾਮੋ ਜੇਲ੍ਹ ਵੱਲ ਭੇਜੇ ਸਨ ਫੌਜ ਦੇ ਜਹਾਜ਼
### * 19 ਸਾਲ ਦੀ ਕੁੜੀ ਵਿਰੁੱਧ ਲਾਏ ਦੋਸ਼ ਪੁਲਿਸ ਨੇ ਵਾਪਸ ਲਏ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): ਟਰੰਪ ਸਰਕਾਰ ਨੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਦਿਆਂ ਫੌਜੀ ਜਹਾਜ਼ਾਂ ਰਾਹੀਂ ਗੁਆਂਤਨਾਮੋ ਬੇਅ ਜੇਲ ਭੇਜਣ 'ਤੇ 21 ਮਿਲੀਅਨ ਡਾਲਰ ਖਰਚ ਕਰ ਦਿਤੇ। ਡੈਮੋਕ੍ਰੈਟਿਕ ਪਾਰਟੀ ਦੀ ਸੈਨੇਟ ਮੈਂਬਰ ਐਲਿਜ਼ਾਬੈਥ ਵੌਰਨ ਵੱਲੋਂ ਸਦਨ ਵਿਚ ਪੁੱਛੇ ਗਏ ਸਵਾਲਾਂ ਦੇ ਜਵਾਬ ਵਿਚ ਇਹ ਜਾਣਕਾਰੀ ਉਭਰ ਕੇ ਸਾਹਮਣੇ ਆਈ ਜਿਨ੍ਹਾਂ ਦਾ ਦੋਸ਼ ਹੈ ਕਿ ਡੋਨਲਡ ਟਰੰਪ ਆਪਣੇ ਸਿਆਸੀ ਸਟੰਟਾਂ ਵਾਸਤੇ ਫੌਜੀ ਵਸੀਲਿਆਂ ਦੀ ਦੁਰਵਰਤੋਂ ਕਰ ਰਹੇ ਹਨ। ਪੈਂਟਾਗਨ ਵੱਲੋਂ ਮੁਹੱਈਆ ਕਰਵਾਏ ਵੇਰਵਿਆਂ ਮੁਤਾਬਕ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਲਈ 20 ਜਨਵਰੀ ਤੋਂ 8 ਅਪ੍ਰੈਲ ਦਰਮਿਆਨ ਫੌਜੀ ਜਹਾਜ਼ਾਂ ਨੇ ਗੁਆਂਤਨਾਮੋ ਬੇਅ ਜਾਣ ਵਾਸਤੇ 46 ਉਡਾਣਾਂ ਭਰੀਆਂ ਅਤੇ ਕੁਲ 802 ਘੰਟੇ ਜਹਾਜ਼ ਹਵਾ ਵਿਚ ਰਹੇ।

ਇਕ ਘੰਟੇ ਦਾ ਔਸਤ ਖਰਚਾ 26,277 ਡਾਲਰ ਬਣਦਾ ਹੈ ਅਤੇ ਕੁਲ ਜੋੜ 21 ਮਿਲੀਅਨ ਡਾਲਰ ਤੱਕ ਪੁੱਜ ਗਿਆ। ਦੱਸ ਦੇਈਏ ਕਿ ਫਰਵਰੀ ਵਿਚ ਟਰੰਪ ਸਰਕਾਰ ਨੇ ਵੈਨੇਜ਼ੁਏਲਾ ਨਾਲ ਸਬੰਧਤ ਪ੍ਰਵਾਸੀਆਂ ਨੂੰ ਗੁਆਂਤਨਾਮੋ ਜੇਲ ਭੇਜਿਆ ਅਤੇ ਬਾਅਦ ਵਿਚ ਹੌਂਡੂਰਸ ਦੀ ਜੇਲ ਵਿਚ ਤਬਦੀਲ ਕੀਤਾ ਗਿਆ। ਰੱਖਿਆ ਵਿਭਾਗ ਦੇ ਵੇਰਵਿਆਂ ਮੁਤਾਬਕ ਇਸ ਵੇਲੇ ਗੁਆਂਤਨਾਮੋ ਜੇਲ ਵਿਚ ਸਿਰਫ਼ 69 ਪ੍ਰਵਾਸੀ ਬੰਦ ਹਨ ਜਿਨ੍ਹਾਂ ਵਿਚੋਂ 43 ਪ੍ਰਵਾਸੀਆਂ ਨੂੰ ਘੱਟ ਖਤਰਨਾਕ ਮੰਨਿਆ ਜਾ ਰਿਹਾ ਹੈ

* ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ

• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available

Jasbir Singh Hundal
Registered Credit Counsellor
www.MakeMeDebtFree.ca 416-502-3100 1888-864-3131
Unit #20 - 7015 Tranmere Drive, Mississauga, ON, L5S 1T7


BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW
PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS

Harjit Brar
Sales Representative
416-417-6010

ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090

Vik Mehmi
Broker
416-500-6262

ਪੰਜਾਬ ਸਟਾਰ www.punjabstar.com

# ਕੈਨੇਡਾ : 3 ਲੱਖ 56 ਹਜ਼ਾਰ ਪ੍ਰਵਾਸੀਆਂ ਨੂੰ ਮਿਲੀ ਸਿਟੀਜ਼ਨਸ਼ਿਪ

## ਜਨਵਰੀ ਤੋਂ ਮਾਰਚ ਦਰਮਿਆਨ 1 ਲੱਖ ਤੋਂ ਵੱਧ ਪ੍ਰਵਾਸੀਆਂ ਨੂੰ ਪੀ.ਆਰ.




ਟੋਰਾਂਟੋ : ਕੈਨੇਡਾ ਵੱਲੋਂ ਲੱਖਾਂ ਦੀ ਗਿਣਤੀ ਵਿਚ ਵੀਜ਼ਾ ਅਰਜ਼ੀਆਂ ਰੱਦ ਕੀਤੇ ਜਾਣ ਦਰਮਿਆਨ ਜਨਵਰੀ ਤੋਂ ਮਾਰਚ ਤੱਕ 104,300 ਪ੍ਰਵਾਸੀਆਂ ਨੂੰ ਪੀ.ਆਰ. ਦਿਤੀ ਗਈ ਅਤੇ 8 ਲੱਖ 53 ਹਜ਼ਾਰ ਅਰਜ਼ੀਆਂ ਇੰਮੀਗ੍ਰੇਸ਼ਨ ਤੇ ਸਿਟੀਜ਼ਨਸ਼ਿਪ ਵਿਭਾਗ ਕੋਲ ਵਿਚਾਰ ਅਧੀਨ ਹਨ। ਕੈਨੇਡੀਅਨ ਨਾਗਰਿਕਤਾ ਨਾਲ ਸਬੰਧਤ ਅਰਜ਼ੀਆਂ ਦੀ ਗੱਲ ਕੀਤੀ ਜਾਵੇ ਤਾਂ 2 ਲੱਖ 39 ਹਜ਼ਾਰ ਅਰਜ਼ੀਆਂ ਦੀ ਪ੍ਰੋਸੈਸਿੰਗ ਚੱਲ ਰਹੀ ਹੈ ਜਿਨ੍ਹਾਂ ਵਿਚੋਂ 1 ਲੱਖ 96 ਹਜ਼ਾਰ ਦਾ ਨਿਪਟਾਰਾ ਤੈਅਸ਼ੁਦਾ ਸਮਾਂ ਹੱਦ ਦੇ ਅੰਦਰ ਹੋਣ ਦੀ ਉਮੀਦ ਹੈ। ਇੰਮੀਗ੍ਰੇਸ਼ਨ ਵਿਭਾਗ ਨੇ ਦੱਸਿਆ ਕਿ 1 ਅਪ੍ਰੈਲ 2024 ਤੋਂ 31 ਮਾਰਚ 2025 ਤੱਕ 356,300 ਪ੍ਰਵਾਸੀਆਂ ਨੂੰ ਕੈਨੇਡੀਅਨ ਸਿਟੀਜ਼ਨਸ਼ਿਪ ਦਿਤੀ ਗਈ। ਵਿਜ਼ਟਰ ਵੀਜ਼ਾ, ਸਟੂਡੈਂਟ ਵੀਜ਼ਾ ਅਤੇ ਵਰਕ ਪਰਮਿਟ ਨਾਲ ਸਬੰਧਤ ਅਰਜ਼ੀਆਂ ਦਾ ਜ਼ਿਕਰ ਕੀਤਾ ਜਾਵੇ ਤਾਂ ਮੌਜੂਦਾ ਵਰ੍ਹੇ ਦੇ ਪਹਿਲੇ ਤਿੰਨ ਮਹੀਨੇ ਦੌਰਾਨ 1 ਲੱਖ 59 ਹਜ਼ਾਰ ਸਟੱਡੀ ਵੀਜ਼ਾ ਅਰਜ਼ੀਆਂ ਦਾ ਨਿਪਟਾਰਾ ਕੀਤਾ ਗਿਆ ਜਦਕਿ ਵਰਕ ਪਰਮਿਟ ਵਿਚ ਵਾਧੇ ਅਤੇ ਨਵੇਂ ਵਰਕ ਪਰਮਿਟ ਵਾਲੀਆਂ 3 ਲੱਖ 96 ਹਜ਼ਾਰ ਅਰਜ਼ੀਆਂ ਦੀ ਪ੍ਰੋਸੈਸਿੰਗ ਮੁਕੰਮਲ ਕੀਤੀ ਗਈ।

ਦੱਸ ਦੇਈਏ ਕਿ ਇੰਮੀਗ੍ਰੇਸ਼ਨ ਵਿਭਾਗ ਕੋਲ 20 ਲੱਖ ਤੋਂ ਵੱਧ ਵੀਜ਼ਾ ਅਰਜ਼ੀਆਂ ਵਿਚਾਰ ਅਧੀਨ ਹਨ ਜਿਨ੍ਹਾਂ ਵਿਚੋਂ 7 ਲੱਖ 80 ਹਜ਼ਾਰ ਬੈਕਲਾਗ ਵਿਚ ਮੰਨੀਆਂ ਜਾ ਰਹੀਆਂ ਹਨ। ਵਿਜ਼ਟਰ ਵੀਜ਼ਾ 'ਤੇ ਕੈਨੇਡਾ ਪੁੱਜੇ ਲੋਕ ਆਪਣੀ ਵੀਜ਼ਾ ਮਿਆਦ ਵਿਚ ਵਾਧਾ ਕਰਵਾਉਂਦਿਆਂ ਵੱਧ ਤੋਂ ਵੱਧ ਸਮਾਂ ਮੁਲਕ ਵਿਚ ਰਹਿਣ ਨੂੰ ਤਰਜੀਹ ਦੇ ਰਹੇ ਹਨ। 2019 ਵਿਚ ਅਜਿਹੇ ਲੋਕਾਂ ਦੀ ਗਿਣਤੀ 1 ਲੱਖ 97 ਹਜ਼ਾਰ ਦਰਜ ਕੀਤੀ ਗਈ ਜੋ 2024 ਤੱਕ ਵਧ ਕੇ 3 ਲੱਖ 90 ਹਜ਼ਾਰ ਦੇ ਨੇੜੇ ਪੁੱਜਦੀ ਨਜ਼ਰ ਆਈ। ਕੈਨੇਡਾ ਵਿਚ ਮੌਜੂਦ ਹੁੰਦਿਆਂ ਵਿਜ਼ਟਰ ਵੀਜ਼ਾ ਮਿਆਦ ਵਿਚ ਵਾਧੇ ਦੀਆਂ ਸੰਭਾਵਨਾਵਾਂ ਕਾਫ਼ੀ ਵਧ ਜਾਂਦੀਆਂ ਹਨ ਅਤੇ 95 ਫ਼ੀ ਸਦੀ ਅਰਜ਼ੀਆਂ ਪ੍ਰਵਾਨ ਹੋਣ ਦੀ ਰਿਪੋਰਟ ਹੈ। ਉਧਰ ਸਟੱਡੀ ਵੀਜ਼ਾ ਅਰਜ਼ੀਆਂ ਰੱਦ ਹੋਣ ਦੀ ਰਫ਼ਤਾਰ ਬਹੁਤ ਜ਼ਿਆਦਾ ਹੋਣ ਕਾਰਨ ਭਾਰਤੀ ਵਿਦਿਆਰਥੀ ਹੁਣ ਆਇਰਲੈਂਡ ਵਰਗੇ ਮੁਲਕਾਂ ਨੂੰ ਤਰਜੀਹ ਦੇ ਰਹੇ ਹਨ ਜਿਸ ਦੇ ਮੱਦੇਨਜ਼ਰ ਕੈਨੇਡਾ ਦੇ ਸਟੱਡੀ ਵੀਜ਼ਾ ਲਈ 2024 ਦੌਰਾਨ ਪੁੱਜੀਆਂ ਅਰਜ਼ੀਆਂ ਦੀ ਗਿਣਤੀ 4 ਲੱਖ 69 ਹਜ਼ਾਰ ਰਹਿ ਗਈ ਜੋ 2023 ਵਿਚ 8 ਲੱਖ 68 ਹਜ਼ਾਰ ਦਰਜ ਕੀਤੀ ਗਈ ਸੀ।

### ਇੰਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ 8 ਲੱਖ ਤੋਂ ਹੇਠਾਂ ਆਇਆ

ਕੈਨੇਡਾ ਤੋਂ ਇਲਾਵਾ ਆਸਟ੍ਰੇਲੀਆ, ਯੂ.ਕੇ. ਅਤੇ ਅਮਰੀਕਾ ਦੇ ਸਟੱਡੀ ਵੀਜ਼ਾ ਲਈ ਵੀ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਅਰਜ਼ੀਆਂ ਵਿਚ ਵੱਡੀ ਕਮੀ ਆਈ ਹੈ। ਚੇਤੇ ਰਹੇ ਕਿ ਕੈਨੇਡੀਅਨ ਇੰਮੀਗ੍ਰੇਸ਼ਨ ਦੇ ਇਤਿਹਾਸ ਵਿਚ ਪਹਿਲੀ ਵਾਰ ਇਕ ਕੈਲੰਡਰ ਵਰ੍ਹੇ ਦੌਰਾਨ 23 ਲੱਖ ਤੋਂ ਵੱਧ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਗਈਆਂ। 2024 ਦੇ ਹੈਰਾਨਕੁੰਨ ਅੰਕੜੇ ਦਰਸਾਉਂਦੇ ਹਨ ਕਿ ਟੈਂਪਰੇਰੀ ਰੈਜ਼ੀਡੈਂਟ ਦੀਆਂ ਕੁਲ ਅਰਜ਼ੀਆਂ ਵਿਚੋਂ 50 ਫ਼ੀ ਸਦੀ ਸਿੱਧੇ ਤੌਰ 'ਤੇ ਰੱਦ ਹੋ ਗਈਆਂ ਅਤੇ ਇਹ ਅੰਕੜਾ 23 ਲੱਖ 50 ਹਜ਼ਾਰ ਰਿਹਾ। 2023 ਵਿਚ 18 ਲੱਖ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਗਈਆਂ ਸਨ। ਸਭ ਤੋਂ ਵੱਧ ਸਖ਼ਤੀ ਵਿਜ਼ਟਰ ਵੀਜ਼ਾ ਮੰਗਣ ਵਾਲਿਆਂ ਨਾਲ ਵਰਤੀ ਗਈ ਅਤੇ 54 ਫ਼ੀ ਸਦੀ ਅਰਜ਼ੀਆਂ ਰੱਦ ਹੋਈਆਂ ਜਦਕਿ 2023 ਵਿਚ 40 ਫੀ ਸਦੀ ਅਰਜ਼ੀਆਂ ਰੱਦ ਹੋਈਆਂ ਸਨ। ਦੂਜੇ ਪਾਸੇ ਇੰਮੀਗ੍ਰੇਸ਼ਨ ਵਿਭਾਗ ਵੱਲੋਂ ਤਿੰਨ ਮਹੀਨੇ ਬਾਅਦ ਕੈਨੇਡੀਅਨ ਤਜਰਬੇ ਵਾਲੀ ਸ਼੍ਰੇਣੀ ਵਿਚ ਐਕਸਪ੍ਰੈਸ ਐਂਟਰੀ ਦਾ ਡਰਾਅ ਕਢਦਿਆਂ 500 ਉਮੀਦਵਾਰਾਂ ਨੂੰ ਪੀ.ਆਰ. ਲਈ ਅਰਜ਼ੀ ਦਾਖਲ ਕਰਨ ਦਾ ਸੱਦਾ ਦਿਤਾ ਗਿਆ ਹੈ। ਘੱਟੋ ਘੱਟ ਸੀ.ਆਰ.ਐਸ. 547 ਰਿਹਾ ਅਤੇ ਯੋਗ ਉਮੀਦਵਾਰਾਂ ਨੂੰ 21 ਮਈ ਤੱਕ ਪ੍ਰੋਫਾਈਲ ਕ੍ਰੀਏਟ ਕਰਨ ਦੀ ਹਦਾਇਤ ਦਿਤੀ ਗਈ ਹੈ।

# ਲੀਨਾ ਮੇਟਲੇਜ ਦਿਆਬ ਕੈਨੇਡਾ ਦੇ ਨਵੇਂ ਇੰਮੀਗਰੇਸ਼ਨ ਮੰਤਰੀ ਬਣੇ



ਟੋਰਾਂਟੋ (ਬਲਜਿੰਦਰ ਸੇਖਾ) ਕੱਲ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਵਿੱਚ ਲੀਨਾ ਮੇਟਲੇਜ ਦਿਆਬ ਨੇ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਮੰਤਰੀ (IRCC) ਵਜੋਂ ਅਹੁਦਾ ਸੰਭਾਲਿਆ। ਪਹਿਲਾਂ ਇਹ ਬੀਬੀ 8 ਸਾਲ ਨੋਵਾ ਸਕੋਸ਼ੀਆ ਦੀ ਇਮੀਗ੍ਰੇਸ਼ਨ ਮੰਤਰੀ ਵੀ ਰਹਿ ਚੁੱਕੀ ਹੈ।

ਉਮੀਦ ਹੈ ਕਿ ਜਲਦੀ ਹੀ ਕੈਨੇਡਾ ਦੀ ਇੰਮੀਗਰੇਸ਼ਨ ਦਾ ਵਿੱਚ ਵੱਡਾ ਬਦਲਾਅ ਆ ਸਕਦਾ ਹੈ। ਸਾਡੇ ਸੂਤਰਾਂ ਅਨੁਸਾਰ ਆਉਣ ਵਾਲੇ ਸਮੇਂ ਵਿੱਚ ਬਾਹਰ ਤੋਂ ਆਉਣ ਵਾਲੇ ਲੋਕਾਂ ਸਖ਼ਤੀ ਵਰਤੀ ਜਾਵੇਗੀ। ਭਾਰੀ ਮੰਦੀ ਦੇ ਦੌਰ ਵਿੱਚ ਚੱਲ ਰਹੇ ਕੈਨੇਡਾ ਨੂੰ ਪਹਿਲਾਂ ਸਰਕਾਰ ਵੱਲੋਂ ਇਸ ਵਿੱਚੋਂ ਕੱਢਣਾ ਪੈਣਾ ਜੇਕਰ ਨਵੇਂ ਰੁਜ਼ਗਾਰ ਵੱਧਦੇ ਹਨ ਤਾਂ ਸਰਕਾਰ ਕੈਨੇਡਾ ਅੰਦਰ ਰਹਿਣ ਵਾਲਿਆਂ ਨੂੰ ਪਹਿਲਾਂ ਪੱਕੇ ਕਰੇਗੀ। ਵਿਜਟਰ ਆ ਕੇ ਕੰਮ ਕਰਨ ਵਾਲਿਆਂ ਤੇ ਹੋਰ ਸਖ਼ਤੀ ਵਰਤੀ ਜਾ ਸਕਦੀ ਹੈ। ਉਮੀਦ ਹੈ ਕਿ ਨਵੀ ਸਰਕਾਰ ਤੇ ਮੰਤਰੀ ਜਲਦੀ ਇੰਮੀਗਰੇਸਨ ਵਿੱਚ ਵੱਡਾ ਬਦਲਾਅ ਲਿਆ ਸਕਦੇ ਹਨ।

# ਕੈਨੇਡਾ 'ਚ ਨਵੀਂ ਸਰਕਾਰ ਦਾ ਲੋਕਾਂ ਨੂੰ ਵੱਡਾ ਤੋਹਫ਼ਾ




ਕੈਨੇਡਾ 'ਚ ਨਵੀਂ ਸਰਕਾਰ ਵਲੋਂ ਮੱਧ ਵਰਗ ਲਈ ਵੱਡਾ ਤੋਹਫ਼ਾ: ਆਮਦਨ ਟੈਕਸ 'ਚ ਕਟੌਤੀ ਕੈਨੇਡਾ ਦੀ ਨਵੀਂ ਸਰਕਾਰ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਹੇਠ ਮੱਧ ਵਰਗ ਨੂੰ ਵੱਡੀ ਰਾਹਤ ਦਿੱਤੀ ਹੈ। ਨਵੀਂ ਕੈਬਨਿਟ ਦੇ ਗਠਨ ਤੋਂ ਤੁਰੰਤ ਬਾਅਦ, ਸਰਕਾਰ ਨੇ ਘੋਸ਼ਣਾ ਕੀਤੀ ਹੈ ਕਿ 1 ਜੁਲਾਈ 2025 ਤੋਂ ਨਿੱਜੀ ਆਮਦਨ ਟੈਕਸ ਦੀ ਸਭ ਤੋਂ ਘੱਟ ਦਰ 15% ਤੋਂ ਘਟਾ ਕੇ 14% ਕਰ ਦਿੱਤੀ ਜਾਵੇਗੀ।

ਕਿਹੜੇ ਲੋਕਾਂ ਨੂੰ ਹੋਵੇਗਾ ਲਾਭ?

ਇਹ ਟੈਕਸ ਕਟੌਤੀ ਲਗਭਗ 2.2 ਕਰੋੜ (22 ਮਿਲੀਅਨ) ਕੈਨੇਡੀਅਨਾਂ ਨੂੰ ਲਾਭ ਦੇਵੇਗੀ। ਸਰਕਾਰੀ ਅਨੁਮਾਨ ਅਨੁਸਾਰ, ਦੋ-ਆਮਦਨ ਵਾਲਾ ਪਰਿਵਾਰ 2026 ਤੱਕ ਸਾਲਾਨਾ 840 ਅਮਰੀਕੀ ਡਾਲਰ ਤੱਕ ਦੀ ਬਚਤ ਕਰ ਸਕੇਗਾ। ਪੰਜ ਸਾਲਾਂ ਵਿੱਚ, ਕੁੱਲ ਟੈਕਸ ਬਚਤ $27 ਬਿਲੀਅਨ (ਅਮਰੀਕੀ ਡਾਲਰ) ਤੋਂ ਵੱਧ ਹੋਣ ਦੀ ਸੰਭਾਵਨਾ ਹੈ। ਕਦੋਂ ਲਾਗੂ ਹੋਵੇਗਾ ਨਵਾਂ ਨਿਯਮ? ਇਹ ਨਵਾਂ ਟੈਕਸ ਦਰ 1 ਜੁਲਾਈ 2025 ਤੋਂ ਲਾਗੂ ਹੋਵੇਗੀ। 2025 ਲਈ ਮਿਲੀ-ਜੁਲੀ ਦਰ 14.5% ਹੋਵੇਗੀ, ਪਰ 2026 ਤੋਂ ਪੂਰਾ ਸਾਲ 14% ਦਰ ਲਾਗੂ ਰਹੇਗੀ। ਕੈਨੇਡਾ ਰੈਵਿਨਿਊ ਏਜੰਸੀ ਜੁਲਾਈ ਤੋਂ ਨਵੀਆਂ ਟੈਕਸ ਕਟੌਤੀਆਂ ਲਾਗੂ ਕਰੇਗੀ, ਜਿਸ ਨਾਲ ਨਾਗਰਿਕਾਂ ਦੀ ਤਨਖਾਹ 'ਚੋਂ ਘੱਟ ਟੈਕਸ ਕੱਟਿਆ ਜਾਵੇਗਾ।

ਸਰਕਾਰ ਦਾ ਮਕਸਦ ਇਹ ਫੈਸਲਾ ਮਹਿੰਗਾਈ ਅਤੇ ਜੀਵਨ-ਯਾਪਨ ਦੀ ਲਾਗਤ ਵਧਣ ਕਾਰਨ ਲਿਆ ਗਿਆ ਹੈ, ਤਾਂ ਜੋ ਮਿਹਨਤੀ ਕੈਨੇਡੀਅਨ ਆਪਣੇ ਘਰ ਦੀਆਂ ਜ਼ਰੂਰਤਾਂ ਤੇ ਵਧੇਰੇ ਖਰਚ ਕਰ ਸਕਣ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ, "ਇਹ ਕਦਮ ਮੱਧ ਵਰਗ ਲਈ ਵਧੀਆ ਭਵਿੱਖ ਬਣਾਉਣ ਅਤੇ ਆਰਥਿਕਤਾ ਨੂੰ ਮਜ਼ਬੂਤ ਕਰਨ ਵੱਲ ਵੱਡਾ ਕਦਮ ਹੈ"। ਸੰਖੇਪ ਨਵੀਂ ਸਰਕਾਰ ਵਲੋਂ ਮੱਧ ਵਰਗ ਲਈ ਆਮਦਨ ਟੈਕਸ 'ਚ ਵੱਡੀ ਕਟੌਤੀ। 1 ਜੁਲਾਈ 2025 ਤੋਂ ਘੱਟੋ-ਘੱਟ ਟੈਕਸ ਦਰ 15% ਤੋਂ ਘਟਾ ਕੇ 14%। ਲਗਭਗ 22 ਮਿਲੀਅਨ ਲੋਕਾਂ ਨੂੰ ਲਾਭ, ਦੋ-ਆਮਦਨ ਪਰਿਵਾਰ ਲਈ 2026 ਤੱਕ $840 ਸਾਲਾਨਾ ਬਚਤ। ਇਹ ਫੈਸਲਾ ਕੈਨੇਡਾ ਦੇ ਮੱਧ ਵਰਗ ਲਈ ਵੱਡਾ ਆਰਥਿਕ ਤੋਹਫ਼ਾ ਮੰਨਿਆ ਜਾ ਰਿਹਾ ਹੈ, ਜੋ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਅਤੇ ਜੀਵਨ-ਯਾਪਨ ਵਿੱਚ ਆਸਾਨੀ ਲਿਆਉਣਗਾ।




# ਪੇਜ ਇੱਕ ਦੀ ਬਾਕੀ

## ਕੈਨੇਡਾ: ਪ੍ਰਧਾਨ ਮੰਤਰੀ...

ਰਿਡਿਊ ਹਾਲ ਦੇ ਮੁੱਖ ਹਾਲ ਵਿੱਚ ਸਹੁੰ ਚੁੱਕ ਸਮਾਗਮ ਵਿੱਚ ਦਾਖਲੇ ਤੋਂ ਪਹਿਲਾਂ ਸ਼ਾਮਲ ਕੀਤੇ ਜਾਣ ਵਾਲੇ ਮੰਤਰੀਆਂ ਨੂੰ ਸਟੇਜ ਦੇ ਸਾਹਮਣੇ ਬਿਠਾਉਣ ਤੋਂ ਬਾਅਦ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਗਵਰਨਰ ਜਨਰਲ ਮੈਰੀ ਸਾਈਮਨ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਸਾਢੇ 10 ਵਜੇ ਸ਼ੁਰੂ ਹੋਣ ਵਾਲਾ ਸਹੁੰ ਚੁੱਕ ਸਮਾਗਮ ਕੁਝ ਮਿੰਟ ਦੇਰੀ ਨਾਲ ਸ਼ੁਰੂ ਹੋਇਆ। ਮੰਤਰੀਆਂ ਦੀ ਗਿਣਤੀ ਕਿਆਫਿਆਂ ਦੇ ਨੇੜੇ ਹੀ ਰਹੀ। ਹਾਲਾਂ ਕਿ 14 ਮਾਰਚ ਨੂੰ ਪ੍ਰਧਾਨ ਮੰਤਰੀ ਬਣੇ ਮਾਰਕ ਕਾਰਨੀ ਨੇ 23 ਮੰਤਰੀ ਹੀ ਬਣਾਏ ਹਨ। ਮਿਲਾਨੀ ਜੋਲੀ ਤੇ ਸੀਆਨ ਫਰੇਜ਼ਰ ਫਿਰ ਤੋਂ ਮੰਤਰੀ ਬਣੇ ਹਨ। ਇੰਦਰਾ ਅਨੀਤਾ ਆਨੰਦ ਨੂੰ ਫਿਰ ਤੋਂ ਵਿਦੇਸ਼ ਵਿਭਾਗ ਦਿੱਤਾ ਗਿਆ ਹੈ। ਰੱਖਿਆ ਮੰਤਰਾਲਾ ਡੇਵਿਡ ਜੋਸਫ਼ ਨੂੰ ਦਿੱਤਾ ਗਿਆ ਹੈ। ਸ਼ਫਕਤੀ ਅਲੀ ਨੂੰ ਵੀ ਮੰਤਰੀ ਬਣਾਇਆ ਗਿਆ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੇ ਮੰਤਰੀ ਮੰਡਲ ਦੇ ਗਠਨ ਮਗਰੋਂ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਮੰਤਰੀ ਮੰਡਲ ਅਮਰੀਕਾ ਨਾਲ ਪੁਰਾਣੇ ਰਿਸ਼ਤਿਆਂ ਦੀ ਬਹਾਲੀ ਦੇ ਨਾਲ-ਨਾਲ ਕੈਨੇਡਾ ਦੀ ਆਰਥਿਕਤਾ ਮਜ਼ਬੂਤ ਕਰਕੇ ਇੱਕ ਤੀਰ ਨਾਲ ਦੋ ਨਿਸ਼ਾਨੇ ਫੁੰਡੇਗਾ। ਸਹੁੰ ਚੁੱਕ ਸਮਾਗਮ ਤੋਂ ਬਾਅਦ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਾਰਨੀ ਨੇ ਕਿਹਾ ਕਿ ਉਨ੍ਹਾਂ ਦਾ ਮੰਤਰੀ ਮੰਡਲ ਆਪਣੇ ਕੰਮ ਸਦਕਾ ਕੈਨੇਡਾ ਦੇ ਇਤਿਹਾਸ ਦੇ ਪੰਨਿਆਂ ਵਿੱਚ ਸੁਨਹਿਰੀ ਅੱਖਰਾਂ ਵਿੱਚ ਆਪਣਾ ਨਾਮ ਦਰਜ ਕਰਵਾਏਗਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਵੋਟਰਾਂ ਦਾ ਭਰੋਸਾ ਕਾਇਮ ਰੱਖਣ ਲਈ ਉਨ੍ਹਾਂ ਦੇ ਵਜ਼ਾਰਤੀ ਭਾਈਵਾਲ ਪੂਰੀ ਦ੍ਰਿੜ੍ਹਤਾ ਨਾਲ ਕੰਮ ਕਰਨਗੇ। ਨੀਤੀਗਤ ਸੁਧਾਰ, ਵਿਕਾਸ ਅਤੇ ਬਦਲਾਅ ਕੈਨੇਡਿਆਈ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਬਣਨਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਹਰ ਮੰਤਰੀ ਨੂੰ ਉਸ ਦੀ ਮੁਹਾਰਤ ਅਨੁਸਾਰ ਵਿਭਾਗ ਸੌਂਪੇ ਗਏ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਹਫਤੇ ਅਮਰੀਕੀ ਸਦਰ ਨਾਲ ਗੱਲਬਾਤ ਦੌਰਾਨ ਮਿਲੇਨੀ ਜੋਲੀ ਦੇ ਠੋਸ ਤੇ ਬਾਦਲੀਲ ਰੋਲ ਕਰਕੇ ਉਨ੍ਹਾਂ ਨੂੰ ਸਨਅਤ ਅਤੇ ਆਰਥਿਕਤਾ ਵਿਕਾਸ ਵਿਭਾਗ ਸੌਂਪਿਆ ਗਿਆ ਹੈ। ਅਨੀਤਾ ਆਨੰਦ ਨੂੰ ਵਿਦੇਸ਼ ਵਿਭਾਗ ਦਿੰਦਿਆਂ ਪ੍ਰਧਾਨ ਮੰਤਰੀ ਨੇ ਉਨ੍ਹਾਂ ਦੀ ਆਲਮੀ ਸੂਝ ਦਾ ਹਵਾਲਾ ਦਿੱਤਾ। ਵਿੱਤੀ ਮੁਹਾਰਤ ਕਰਕੇ ਫਰੈਂਕੋ ਫਿਲਿਪਸ ਨੂੰ ਵਿੱਤ ਮੰਤਰੀ ਬਣਾਇਆ ਗਿਆ ਹੈ। 28 ਮੈਂਬਰੀ ਕੈਬਨਿਟ ਵਿੱਚ 14 ਔਰਤਾਂ ਸ਼ਾਮਲ ਕੀਤੇ ਜਾਣ 'ਤੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਮੰਤਰੀ ਮੰਡਲ ਵਿੱਚ ਔਰਤਾਂ ਨੂੰ ਬਰਾਬਰ ਦੀਆਂ ਭਾਈਵਾਲ ਬਣਾ ਕੇ ਲਿੰਗ ਵਿਤਕਰਾ ਖ਼ਤਮ ਕੀਤਾ ਹੈ।

## ਮਾਰਕ ਕਾਰਨੀ ਨੇ...

(ਕੌਮਾਂਤਰੀ ਵਪਾਰ ਵਿਭਾਗ) ਅਤੇ ਰੂਬੀ ਸਹੋਤਾ (ਰਾਜ ਮੰਤਰੀ ਅਪਰਾਧ ਰੋਕੂ ਵਿਭਾਗ) ਨੂੰ ਸ਼ਾਮਲ ਕਰਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ। ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਟਰਾਂਸਪੋਰਟ ਤੇ ਵਪਾਰ ਵਿਭਾਗ ਦਿੱਤਾ ਗਿਆ ਹੈ। ਓਂਟਾਰੀਓ ਦੇ ਟੋਰਾਂਟੋ ਖੇਤਰ ਤੋਂ 12 ਸੰਸਦ ਮੈਂਬਰਾਂ ਨੂੰ ਮੰਤਰੀ ਮੰਡਲ ਵਿੱਚ ਥਾਂ ਮਿਲੀ ਹੈ। ਇਸ ਦੌਰਾਨ ਰਿਡਿਊ ਹਾਲ ਦੇ ਮੁੱਖ ਹਾਲ ਵਿੱਚ ਹਲਫ਼ਦਾਰੀ ਸਮਾਗਮ ਹੋਇਆ। ਹਰੇਕ ਮੰਤਰੀ ਹਲਫ਼ ਲੈਣ ਮਗਰੋਂ ਅਹਿਦਨਾਮੇ 'ਤੇ ਦਸਤਖ਼ਤ ਕਰਕੇ ਆਪਣੀਆਂ ਸੀਟਾਂ 'ਤੇ ਬੈਠਦੇ ਰਹੇ। ਮੰਤਰੀਆਂ ਦੀ ਗਿਣਤੀ ਕਿਆਫਿਆਂ ਦੇ ਨੇੜੇ ਹੀ ਰਹੀ। ਹਾਲਾਂਕਿ, 14 ਮਾਰਚ ਨੂੰ ਪ੍ਰਧਾਨ ਮੰਤਰੀ ਬਣੇ ਮਾਰਕ ਕਾਰਨੀ ਨੇ 23 ਮੰਤਰੀ ਹੀ ਬਣਾਏ ਹਨ। ਮਿਲਾਨੀ ਜੋਲੀ ਤੇ ਸੀਆਨ ਫਰੇਜ਼ਰ ਮੁੜ ਮੰਤਰੀ ਬਣੇ ਹਨ। ਇੰਦਰਾ ਅਨੀਤਾ ਅਨੰਦ ਨੂੰ ਮੁੜ ਵਿਦੇਸ਼ ਵਿਭਾਗ ਸੌਂਪਿਆ ਗਿਆ ਹੈ। ਡੇਵਿਡ ਜੋਸਫ਼ ਨੂੰ ਰੱਖਿਆ ਮੰਤਰਾਲਾ ਦਿੱਤਾ ਗਿਆ ਹੈ।

## ਇਜ਼ਰਾਇਲੀ ਹਮਲੇ 'ਚ...

ਸੰਯੁਕਤ ਰਾਜ ਅਮਰੀਕਾ ਦੀ ਵਿਚੋਲਗੀ ਵਿੱਚ ਕੀਤੇ ਗਏ ਸੌਦੇ ਤਹਿਤ ਇਜ਼ਰਾਇਲੀ-ਅਮਰੀਕੀ ਬੰਦੀ ਨੂੰ ਰਿਹਾਅ ਕੀਤੇ ਜਾਣ ਤੋਂ ਇਕ ਦਿਨ ਬਾਅਦ ਅਤੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਸਾਊਦੀ ਅਰਬ ਦੇ ਦੌਰੇ ਦੌਰਾਨ ਹੋਏ ਹਨ। ਮੰਗਲਵਾਰ ਨੂੰ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਇਹ ਬਿਲਕੁਲ ਨਹੀਂ ਹੋ ਸਕਦਾ ਕਿ ਇਜ਼ਰਾਈਲ ਗਾਜ਼ਾ ਵਿੱਚ ਜੰਗ ਰੋਕ ਦੇਵੇ, ਜਿਸ ਨਾਲ ਜੰਗਬੰਦੀ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ ਹੈ।

ਇਜ਼ਰਾਇਲੀ ਫੌਜ ਨੇ ਹਮਲਿਆਂ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਖੇਤਰ ਵਿੱਚ ਹਮਾਸ ਦੇ ਬੁਨਿਆਦੀ ਢਾਂਚੇ ਕਰ ਕੇ ਮੰਗਲਵਾਰ ਦੇਰ ਰਾਤ ਜਬਾਲੀਆ ਦੇ ਵਸਨੀਕਾਂ ਨੂੰ ਸ਼ਹਿਰ ਖਾਲੀ ਕਰਨ ਦੀ ਚਿਤਾਵਨੀ ਦਿੱਤੀ ਗਈ ਸੀ।

## ਮੈਨੀਟੋਬਾ: ਜੰਗਲਾਂ 'ਚ ਲੱਗੀ...

ਪੁਲੀਸ ਸੁਪਰਡੈਂਟ ਕਰਿਸ ਹੇਸਟੀ ਨੇ ਦੋਹਾਂ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਅੱਗ ਦੀ ਕੁਦਰਤੀ ਪ੍ਰਕੋਪ ਕਾਰਨ ਬੀਤੇ ਦਿਨ ਸ਼ਾਮ ਤੱਕ ਉਸ ਘਰ ਤੱਕ ਬਚਾਅ ਦਲ ਆਪਣੀ ਪਹੁੰਚ ਨਹੀਂ ਸੀ ਬਣਾ ਸਕਿਆ। ਉਨ੍ਹਾਂ ਕਿਹਾ ਕਿ ਮ੍ਰਿਤਕਾਂ ਦੀ ਪਹਿਚਾਣ ਕਰਨ ਵਿੱਚ ਸਮਾਂ ਲੱਗ ਸਕਦਾ ਹੈ। ਇੱਥੋਂ ਦੇ ਰਿਹਾਇਸ਼ੀ ਲੋਕਾਂ ਅੱਗ ਲੱਗਣ ਦੀਆਂ ਘਟਨਾਵਾਂ ਸਬੰਧੀ ਆਪਣਾ ਡਰ ਜ਼ਾਹਿਰ ਕਰਦਿਆਂ ਕਿਹਾ ਕਿ ਗਰਮੀ ਦੀ ਸ਼ੁਰੂਆਤ ਤੋਂ ਪਹਿਲਾਂ ਹੀ ਭਿਆਨਕ ਅੱਗਾਂ ਲੱਗ ਰਹੀਆਂ ਹਨ, ਜਿਸ ਵਿਚ ਗਰਮੀ ਵਧਣ ਦੇ ਨਾਲ ਨਾਲ ਹੋਰ ਵੀ ਵਾਧਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਇਸ ਦੀ ਰੋਕਥਾਮ ਦੇ ਠੋਸ ਪ੍ਰਬੰਧ ਨਹੀਂ ਕੀਤੇ ਜਾ ਰਹੇ। ਕੁਝ ਦਿਨ ਪਹਿਲਾਂ ਇਸੇ ਜੰਗਲ ਦੀ ਅੱਗ ਬੁਝਾਉਣ ਦਾ ਯਤਨ ਕਰਦਿਆਂ ਅੱਗ ਬੁਝਾਊ ਦਸਤਾ ਖ਼ੁਦ ਲਪੇਟ ਵਿਚ ਆ ਗਿਆ ਸੀ ਅਤੇ ਉਨ੍ਹਾਂ ਦੇ ਵਾਹਨ ਵੀ ਨੁਕਸਾਨਿਆ ਗਿਆ ਸੀ।

## ਕੈਨੇਡਾ: ਮਿਸੀਸਗਾ 'ਚ ਪੰਜਾਬੀ...

ਲਾਅ ਫਰਮ ਦੇ ਇਕ ਮੁਲਾਜ਼ਮ ਨੇ ਦੱਸਿਆ ਕਿ ਇਕ ਗੋਲੀ ਉਨ੍ਹਾਂ ਦੇ ਦਫਤਰ ਅੰਦਰ ਆਕੇ ਉਸ ਦੀ ਖਾਲੀ ਕੁਰਸੀ 'ਤੇ ਲੱਗੀ ਵੱਜੀ, ਕਿਸੇ ਕੰਮ ਲਈ ਉਹ ਕੁਰਸੀ ਤੋਂ ਉੱਠਿਆ ਸੀ ਜਿਸ ਕਾਰਣ ਉਸਦਾ ਜਾਨੀ ਬਚਾਅ ਹੋ ਗਿਆ। ਜ਼ਿਕਰਯੋਗ ਹੈ ਕਿ ਮਿਸੀਸਾਗਾ ਵਿਚ ਇਸ ਸਾਲ ਦੀ ਸ਼ੁਰੂਆਤ ਵਿਚ ਇਹ ਛੇਵਾਂ ਕਤਲ ਹੋਇਆ ਹੈ, ਜਿਸ ਕਾਰਨ ਲੋਕ ਸਹਿਮੇ ਹੋਏ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਉਤਰਾਖੰਡ ਦੇ ਬਾਜਪੁਰ ਜਿਲ੍ਹੇ ਤੋਂ ਕਿਸਾਨੀ ਪਿਛੋਕੜ ਨਾਲ ਸਬੰਧਤ ਹਰਜੀਤ ਸਿੰਘ ਢੱਡਾ ਕਰੀਬ 30 ਵਰ੍ਹੇ ਪਹਿਲਾਂ ਕੈਨੇਡਾ ਆਏ ਸਨ ਤੇ ਟਰੱਕਾਂ ਸਬੰਧਤ ਸਹੂਲਤਾਂ ਪ੍ਰਦਾਨ ਕਰਨ ਦੇ ਵੱਡੇ ਕਾਰੋਬਾਰੀ ਸਨ। ਨਜ਼ਦੀਕੀਆਂ ਨੇ ਦੱਸਿਆ ਕਿ ਕੁਝ ਸਮੇਂ ਤੋਂ ਉਸ ਨੂੰ ਖ਼ਤਮ ਕਰਨ ਦੀਆਂ ਧਮਕੀਆਂ ਮਿਲ ਰਹੀਆਂ ਸਨ ਤੇ ਪੀਲ ਪੁਲੀਸ ਨੇ ਵੀ ਹਰਜੀਤ ਨੂੰ ਸੁਚੇਤ ਕੀਤਾ ਹੋਇਆ ਸੀ। ਹਰਜੀਤ ਸਿੰਘ ਨੂੰ ਦੇ ਨਜ਼ੀਦੀਕੀਆਂ ਨੇ ਪਹਿਚਾਣ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਭਾਰਤੀ ਨੰਬਰਾਂ ਤੋਂ ਆਉਂਦੀਆਂ ਧਮਕੀਆਂ ਕਾਰਨ ਕੁਝ ਸਮੇਂ ਤੋਂ ਉਹ ਪ੍ਰੇਸ਼ਾਨ ਰਹਿਣ ਲੱਗਿਆ ਸੀ।

## ਕੈਨੇਡਾ 'ਚ 20,245...

ਇਥੇ ਦਸਣਾ ਬਣਦਾ ਹੈ ਕਿ ਕੈਨੇਡਾ ਸਰਕਾਰ ਵੱਲੋਂ ਪਿਛਲੇ ਸਾਲ ਸਟੱਡੀ ਵੀਜ਼ਿਆਂ ਵਿਚ 40 ਫੀ ਸਦੀ ਕਟੌਤੀ ਕਰਦਿਆਂ ਇਨ੍ਹਾਂ ਨੂੰ 3 ਲੱਖ 60 ਹਜ਼ਾਰ ਸਾਲਾਨਾ ਦੇ ਨੇੜੇ ਲਿਆਂਦਾ ਗਿਆ। ਸਿਰਫ਼ ਐਨਾ ਹੀ ਨਹੀਂ ਸਟੱਡੀ ਵੀਜ਼ੇ 'ਤੇ ਆਉਣ ਵਾਲਿਆਂ ਦੇ ਜੀਵਨ ਸਾਥੀ ਨੂੰ ਵਰਕ ਪਰਮਿਟ ਤੋਂ ਵਾਂਝਾ ਕਰ ਦਿਤਾ ਗਿਆ। ਉਸ ਵੇਲੇ ਕਈ ਕੈਨੇਡੀਅਨ ਵਿਦਿਅਕ ਅਦਾਰਿਆਂ ਨੂੰ ਡਿਪਲੋਮਾ ਮਿਲਜ਼ ਦਾ ਨਾਂ ਵੀ ਦਿਤਾ ਗਿਆ ਜੋ ਸਿਰਫ਼ ਅਤੇ ਸਿਰਫ਼ ਕਾਗਜ਼ ਦੇ ਸਰਟੀਫ਼ਿਕੇਟ ਮੁਹੱਈਆ ਕਰਵਾ ਰਹੇ ਸਨ। 2024 ਦੌਰਾਨ ਸਭ ਤੋਂ ਵੱਧ ਅਸਾਇਲਮ ਕਲੇਮ ਕੌਨੈਸਟੋਗਾ ਕਾਲਜ ਵੱਲੋਂ ਆਏ ਅਤੇ 720 ਵਿਦਿਆਰਥੀਆਂ ਨੇ ਕੈਨੇਡਾ ਵਿਚ ਪਨਾਹ ਮੰਗੀ। ਸੈਨੇਕਾ ਕਾਲਜ ਆਫ਼ ਅਪਲਾਈਡ ਆਰਟਸ ਐਂਡ ਟੈਕਨਾਲੋਜੀ ਦੇ 60 ਵਿਦਿਆਰਥੀਆਂ ਨੇ ਅਸਾਇਲਮ ਕਲੇਮ ਦਾਖਲ ਕੀਤੇ ਜਦਕਿ ਯੂਨੀਵਰਸਿਟੀ ਆਫ਼ ਕਿਊਬੈਕ ਤੋਂ 500 ਦਾਅਵੇ ਆਏ। ਇਸੇ ਤਰ੍ਹਾਂ ਨਿਆਗਰਾ ਕਾਲਜ ਦੇ 495 ਵਿਦਿਆਰਥੀਆਂ ਨੇ ਅਸਾਇਲਮ ਕਲੇਮ ਕੀਤਾ ਜਦਕਿ ਕਾਲਜ ਐਲਿਸ ਦੇ 475 ਵਿਦਿਆਰਥੀ ਨੇ ਕੈਨੇਡਾ ਵਿਚ ਪਨਾਹ ਮੰਗੀ। ਉਧਰ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਮੰਤਰਾਲੇ ਦੇ ਇਕ ਬੁਲਾਰੇ ਨੇ ਕਿਹਾ ਕਿ ਕੌਮਾਂਤਰੀ ਦਾਖਲਿਆਂ ਵਿਚ ਕਟੌਤੀ ਦਾ ਮੁਕੰਮਲ ਅਸਰ ਹਾਲੇ ਨਜ਼ਰ ਆਉਣਾ ਬਾਕੀ ਹੈ।

## ਟਰੰਪ ਨੇ ਪ੍ਰਵਾਸੀਆਂ ਨੂੰ...

ਜਦਕਿ 26 ਵਧੇਰੇ ਖਤਰਨਾਕ ਮੰਨੇ ਜਾ ਰਹੇ ਹਨ। ਪ੍ਰਵਾਸੀਆਂ ਨੂੰ ਡਿਪੋਰਟ ਕਰਨ ਲਈ ਫੌਜ ਜਹਾਜ਼ ਭਾਰਤ ਵਰਗੇ ਮੁਲਕਾਂ ਵੱਲ ਵੀ ਭੇਜੇ ਗਏ ਪਰ ਖਰਚਾ ਬਹੁਤ ਜ਼ਿਆਦਾ ਹੋਣ ਕਰ ਕੇ ਫੌਜੀ ਜਹਾਜ਼ਾਂ ਦੀ ਵਰਤੋਂ ਰੋਕਦਿਆਂ ਚਾਰਟਰਡ ਫਲਾਈਟਸ 'ਤੇ ਜ਼ੋਰ ਦਿਤਾ ਗਿਆ। ਦੂਜੇ ਪਾਸੇ ਜਾਰਜੀਆ ਦੇ ਡਾਲਟਨ ਸ਼ਹਿਰ ਦੀ ਪੁਲਿਸ ਨੇ 19 ਸਾਲ ਦੀ ਵਿਦਿਆਰਥਣ ਵਿਰੁੱਧ ਲਾਏ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਦੇ ਦੋਸ਼ ਵਾਪਸ ਲੈ ਲਏ ਪਰ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਵਾਲੇ ਉਸ ਨੂੰ ਰਿਹਾਅ ਕਰਨ ਲਈ ਰਾਜ਼ੀ ਨਹੀਂ। ਸਿਰਫ਼ ਚਾਰ ਸਾਲ ਦੀ ਉਮਰ ਵਿਚ ਅਮਰੀਕਾ ਪੁੱਜੀ ਜ਼ਿਮਨਾ ਆਰੀਅਸ ਕ੍ਰਿਸਟਾਬੈਲ ਦਾ ਕੋਈ ਅਪਰਾਧਕ ਰਿਕਾਰਡ ਨਾ ਹੋਣ ਦੇ ਬਾਵਜੂਦ ਉਸ ਨੂੰ ਬੇੜੀਆਂ ਵਿਚ ਜਕੜ ਕੇ ਰੱਖਿਆ ਗਿਆ ਅਤੇ ਇਕ ਮਹੀਨੇ ਬਾਅਦ ਜੱਜ ਸਾਹਮਣੇ ਪੇਸ਼ ਕੀਤਾ। ਕ੍ਰਿਸਟਾਬੈਲ ਇਸ ਵੇਲੇ ਜਾਰਜੀਆ ਦੇ ਲੰਪਕਿਨ ਵਿਖੇ ਸਥਿਤ ਇੰਮੀਗ੍ਰੇਸ਼ਨ ਡਿਟੈਨਸ਼ਨ ਸੈਂਟਰ ਵਿਚ ਬੰਦ ਹੈ ਅਤੇ ਉਸ ਨੂੰ ਡਿਪੋਰਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

ਆਈਸ ਵੱਲੋਂ ਇਸ ਮੁੱਦੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਗਈ ਪਰ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਦੀ ਤਰਜਮਾਨ ਟ੍ਰਿਸ਼ੀਆ ਮੈਕਲਾਫਲਿਨ ਨੇ ਕਿਹਾ ਕਿ ਕ੍ਰਿਸਟਾਬੈਲ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਦਾਖਲ ਹੋਈ ਜਿਸ ਦੇ ਮੱਦੇਨਜ਼ਰ ਉਹ ਕਿਸੇ ਰਾਹਤ ਦੀ ਹੱਕਦਾਰ ਨਹੀਂ। ਉਨ੍ਹਾਂ ਕਿਹਾ ਕਿ ਕ੍ਰਿਸਟਾਬੈਲ ਅਤੇ ਉਸ ਦੇ ਪਿਤਾ ਨੂੰ ਸੈਲਫ਼ ਡਿਪੋਰਟ ਹੋਣ ਦਾ ਮੌਕਾ ਵੀ ਦਿਤਾ ਜਾ ਸਕਦਾ ਹੈ ਪਰ ਮੁਲਕ ਵਿਚ ਰਹਿਣ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ। ਉਧਰ ਸੋਮਵਾਰ ਨੂੰ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਡਾਲਟਨ ਪੁਲਿਸ ਦੇ ਮੁਖੀਖ ਕ੍ਰਿਸ ਕਰੌਸਰ ਨੇ ਆਪਣੇ ਮਹਿਕਮੇ ਤੋਂ ਹੋਈ ਗਲਤੀ 'ਤੇ ਅਫਸੋਸ ਜ਼ਾਹਰ ਕੀਤਾ। ਉਨ੍ਹਾਂ ਕਿਹਾ ਕਿ ਮਿਲਦੀਆਂ ਜੁਲਦੀਆਂ ਗੱਡੀਆਂ ਹੋਣ ਕਾਰਨ ਮੌਕੇ 'ਤੇ ਮੌਜੂਦ ਪੁਲਿਸ ਅਫ਼ਸਰ ਨੂੰ ਭੁਲੇਖਾ ਲੱਗ ਗਿਆ।

# ਹਵਾਈ ਜਹਾਜ਼ 'ਚ ਛੇੜਛਾੜ ਕਰਨ ਵਾਲੇ ਭਾਰਤੀ ਨੂੰ ਤਿੰਨ ਹਫ਼ਤਿਆਂ ਦੀ ਕੈਦ



ਸਿੰਗਾਪੁਰ : ਪਰਥ ਤੋਂ ਸਿੰਗਾਪੁਰ ਜਾ ਰਹੀ ਸਿੰਗਾਪੁਰ ਏਅਰਲਾਈਨਜ਼ ਦੀ ਉਡਾਣ ਵਿੱਚ ਸਵਾਰ ਇੱਕ 20 ਸਾਲਾ ਭਾਰਤੀ ਨਾਗਰਿਕ ਨੂੰ ਛੇੜਛਾੜ ਕਰਨ ਦੇ ਦੋਸ਼ ਹੇਠ ਤਿੰਨ ਹਫ਼ਤਿਆਂ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਉਸ ਦੀ ਪਛਾਣ ਰਜਤ ਵਜੋਂ ਹੋਈ ਹੈ ਜਿਸ ਨੇ 28 ਫਰਵਰੀ ਨੂੰ ਸਿੰਗਾਪੁਰ ਏਅਰਲਾਈਨਜ਼ ਦੀ ਉਡਾਣ ਦੌਰਾਨ ਹਵਾਈ ਅਮਲੇ ਦੀ ਔਰਤ ਨਾਲ ਛੇੜਛਾੜ ਕੀਤੀ ਸੀ। ਇਸ ਉਡਾਣ ਦੇ ਸਿੰਗਾਪੁਰ ਦੇ ਚਾਂਗੀ ਹਵਾਈ ਅੱਡੇ 'ਤੇ ਪਹੁੰਚਣ 'ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਡਿਪਟੀ ਸਰਕਾਰੀ ਵਕੀਲ ਯੂਜੀਨ ਲੌ ਨੇ ਤਿੰਨ ਤੋਂ ਛੇ ਹਫ਼ਤਿਆਂ ਦੀ ਜੇਲ੍ਹ ਦੀ ਸਜ਼ਾ ਦੀ ਮੰਗ ਕੀਤੀ ਸੀ।

# ਪਿਅਰੇ ਪੋਇਲੀਵਰੇ ਵੱਲੋਂ ਜਿਮਨੀ ਚੋਣ ਲੜਨ ਦੀ ਚਰਚਾ!



ਵੈਨਕੂਵਰ : ਪਿਛਲੇ ਮਹੀਨੇ ਮੁਕੰਮਲ ਹੋਈਆਂ ਕੈਨੇਡਾ ਦੀਆਂ ਫੈਡਰਲ ਚੋਣਾਂ 'ਚ ਪ੍ਰਮੁੱਖ ਵਿਰੋਧੀ ਪਾਰਟੀ ਕੰਜ਼ਰਵੇਟਿਵ ਚੋਣ ਹਾਰ ਗਈ ਸੀ। ਚੋਣ ਹਾਰ ਚੁੱਕੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੋਇਲੀਵਰੇ ਵੱਲੋਂ ਹੁਣ ਅਲਬਰਟਾ ਦੇ ਰਿਵਰ ਕਲੋਂਫਟ ਹਲਕੇ ਤੋਂ ਜਿਮਨੀ ਚੋਣ ਲੜਨ ਦੀਆਂ ਕਿਆਸ ਅਰਾਈਆਂ ਦੀ ਸਿਆਸੀ ਚਰਚਾ ਚੱਲ ਰਹੀ ਹੈ। ਪ੍ਰਾਪਤ ਵੇਰਵਿਆਂ ਮੁਤਾਬਕ ਅਲਬਰਟਾ ਦੇ ਰਿਵਰ ਕਲੋਂਬਟ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਚੋਣ ਜਿੱਤ ਚੁੱਕੇ ਇੱਕ ਐਮ.ਪੀ ਡੀਮੀਅਨ ਕੁਰੇਕ ਵੱਲੋਂ ਆਪਣੀ ਪਾਰਟੀ ਦੇ ਆਗੂ ਪਿਅਰੇ ਪੋਇਲੀਵਰੇ ਨੂੰ ਆਪਣੀ ਸੀਟ ਤੋਂ ਜਿਮਨੀ ਚੋਣ ਲੜਨ ਦੀ ਪੇਸ਼ਕਸ਼ ਕੀਤੀ ਗਈ ਹੈ ਤਾਂ ਜੋ ਪੋਇਲੀਵਰੇ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਜਵਾਬਦੇਹ ਬਣਾਉਣ ਲਈ ਪਾਰਲੀਮੈਂਟ ਪਹੁੰਚ ਸਕਣਙ ਜ਼ਿਕਰਯੋਗ ਹੈ ਕਿ ਰਾਜਧਾਨੀ ਔਟਵਾ ਦੇ ਕਾਰਲਟਨ ਹਲਕੇ ਤੋਂ ਪਿਅਰੇ ਪੋਇਲੀਵਰੇ ਲਿਬਰਲ ਉਮੀਦਵਾਰ ਤੋਂ ਚੋਣ ਹਾਰ ਗਏ






# "ਇਹ ਮੌਤਾਂ ਨਹੀਂ ਕਤਲ ਨੇ", ਜ਼ਹਿਰੀਲੀ ਸ਼ਰਾਬ ਮਾਮਲੇ 'ਚ ਫੁੱਟਿਆ CM ਮਾਨ ਦਾ ਗੁੱਸਾ



ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਕਰੀਬ 23 ਲੋਕਾਂ ਦੀ ਮੌਤ ਹੋ ਗਈ ਹੈ। ਜਦੋਂ ਕਿ 6 ਹੋਰਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਇਹ ਸਾਰੇ ਲੋਕ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਹਨ।

ਸੀਐੱਮ ਭਗਵੰਤ ਮਾਨ ਵੱਲੋਂ ਮਾਮਲੇ 'ਤੇ ਦੁੱਖ ਪ੍ਰਗਟਾਇਆ ਹੈ ਅਤੇ ਕਿਹਾ ਕਿ ਇਹ ਮੌਤਾਂ ਨਹੀਂ ਕਤਲ ਨੇ ਤੇ ਕਿਸੇ ਵੀ ਕਾਤਲ ਨੂੰ ਬਖਸ਼ਿਆ ਨਹੀਂ ਜਾਵੇਗਾ।

CM ਭਗਵੰਤ ਮਾਨ ਨੇ ਆਪਣੇ ਐਕਸ ਅਕਾਊਂਟ 'ਤੇ ਪੋਸਟ ਸਾਂਝੀ ਕਰਕੇ ਲਿਖਿਆ ਕਿ ਮਜੀਠੇ ਦੇ ਆਲੇ-ਦੁਆਲੇ ਦੇ ਕੁੱਝ ਪਿੰਡਾਂ 'ਚ ਜ਼ਹਿਰੀਲੀ ਸ਼ਰਾਬ ਪੀਣ ਕਰਕੇ ਕਈ ਲੋਕਾਂ ਦੀ ਮੌਤ ਹੋਣ ਦੀ ਦੁਖਦਾਈ ਖ਼ਬਰ ਮਿਲੀ ਹੈ। ਮਾਸੂਮ ਲੋਕਾਂ ਦੇ ਇਹਨਾਂ ਕਾਤਲਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਇਹ ਮੌਤਾਂ ਨਹੀਂ ਕਤਲ ਨੇ। ਜ਼ਹਿਰੀਲੀ ਸ਼ਰਾਬ ਨਾਲ ਲੋਕਾਂ ਦੇ ਘਰਾਂ 'ਚ ਸੱਥਰ ਵਿਛਾਉਣ ਵਾਲੇ ਇਹਨਾਂ ਦੋਸ਼ੀਆਂ ਨੂੰ ਕਾਨੂੰਨ ਮੁਤਾਬਕ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ। ਮੁੱਖ ਮੰਤਰੀ ਭਗਵੰਤ ਮਾਨ ਨੇ ਅੱਗੇ ਲਿਖਿਆ ਕਿ ਮੈਂ ਪਰਮਾਤਮਾ ਅੱਗੇ ਵਿੱਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਦੀ ਅਰਦਾਸ ਕਰਦਾ ਹਾਂ। ਸਰਕਾਰ ਪਰਿਵਾਰਾਂ ਦੇ ਨਾਲ ਖੜ੍ਹੀ ਹੈ ਤੇ ਹਰ ਸੰਭਵ ਮਦਦ ਕੀਤੀ ਜਾਵੇਗੀ। ਜਾਣਕਾਰੀ ਅਨੁਸਾਰ CM ਮਾਨ ਅੱਜ ਅੰਮ੍ਰਿਤਸਰ ਦੇ ਮਜੀਠਾ ਜਾਣਗੇ ਅਤੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਨਗੇ।

# ਅੰਮ੍ਰਿਤਸਰ 'ਚ ਜ਼ਹਿਰੀਲੀ ਸ਼ਰਾਬ ਨੇ ਮਚਾਇਆ ਕਹਿਰ, 23 ਲੋਕਾਂ ਦੀ ਮੌਤ



ਅੰਮ੍ਰਿਤਸਰ: ਪੰਜਾਬ ਦੇ ਮਜੀਠਾ ਵਿਧਾਨ ਸਭਾ ਹਲਕੇ ਦੇ ਭੰਗਾਲੀ, ਧਾਰੀਆਵਾਲ ਅਤੇ ਮਰਾੜੀ ਕਲਾਂ ਪਿੰਡਾਂ ਵਿੱਚ ਜ਼ਹਿਰੀਲੀ ਸ਼ਰਾਬ ਨੇ ਤਬਾਹੀ ਮਚਾ ਦਿੱਤੀ ਹੈ। ਜ਼ਹਿਰੀਲੀ ਸ਼ਰਾਬ ਪੀਣ ਨਾਲ 23 ਲੋਕਾਂ ਦੀ ਮੌਤ ਹੋ ਗਈ ਹੈ। ਇਹ ਹਾਦਸਾ ਸੋਮਵਾਰ ਦੇਰ ਰਾਤ ਵਾਪਰਿਆ ਹੈ। 23 ਲੋਕਾਂ ਦੀ ਮੌਤ ਨੇ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਇਹ ਤਿੰਨ ਸਾਲਾਂ ਵਿੱਚ ਪੰਜਾਬ ਵਿੱਚ ਚੌਥੀ ਵੱਡੀ ਜ਼ਹਿਰੀਲੀ ਸ਼ਰਾਬ ਦੀ ਘਟਨਾ ਹੈ।

ਐਸਐਸਪੀ ਅੰਮ੍ਰਿਤਸਰ ਮਨਿੰਦਰ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਲਗਭਗ 9:30 ਵਜੇ ਸੂਚਨਾ ਮਿਲੀ ਸੀ ਕਿ ਨਕਲੀ ਸ਼ਰਾਬ ਪੀਣ ਨਾਲ ਲੋਕ ਮਰ ਰਹੇ ਹਨ। ਅਸੀਂ ਤੁਰੰਤ ਕਾਰਵਾਈ ਕੀਤੀ ਅਤੇ ਚਾਰ ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ। ਉਨ੍ਹਾਂ ਮੁੱਖ ਸਪਲਾਇਰ ਪਰਬਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਹ ਉਸ ਤੋਂ ਪੁੱਛਗਿੱਛ ਕੀਤੀ ਅਤੇ ਕਿੰਗਪਿਨ ਸਪਲਾਇਰ ਸਾਹਬ ਸਿੰਘ ਬਾਰੇ ਪਤਾ ਲਗਾਇਆ। ਉਸਨੂੰ ਵੀ ਹਿਰਾਸਤ ਵਿੱਚ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਉਹ ਜਾਂਚ ਕਰ ਰਹੇ ਹਾਂ ਕਿ ਉਸਨੇ ਇਹ ਸ਼ਰਾਬ ਕਿਹੜੀਆਂ ਕੰਪਨੀਆਂ ਤੋਂ ਖਰੀਦੀ ਹੈ।

ਸਾਨੂੰ ਪੰਜਾਬ ਸਰਕਾਰ ਵੱਲੋਂ ਨਕਲੀ ਸ਼ਰਾਬ ਦੇ ਸਪਲਾਇਰਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ ਗਏ ਹਨ। ਛਾਪੇਮਾਰੀ ਜਾਰੀ ਹੈ। ਨਿਰਮਾਤਾਵਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਸਖ਼ਤ ਧਾਰਾਵਾਂ ਤਹਿਤ ਦੋ ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਸਿਵਲ ਪ੍ਰਸ਼ਾਸਨ ਅਤੇ ਉਹ ਘਰ-ਘਰ ਜਾ ਕੇ ਪਤਾ ਲਗਾ ਰਹੇ ਹਾਂ ਕਿ ਕਿਸਨੇ ਨਕਲੀ ਸ਼ਰਾਬ ਪੀਤੀ ਹਨ ਤਾਂ ਜੋ ਹੋਰ ਜਾਨਾਂ ਬਚਾਈਆਂ ਜਾ ਸਕਣ। 23 ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ ਅਤੇ 6 ਲੋਕ ਇਸ ਸਮੇਂ ਹਸਪਤਾਲ ਵਿੱਚ ਦਾਖਲ ਹਨ। ਇਹ ਘਟਨਾ ਪੰਜ ਪਿੰਡਾਂ ਵਿੱਚ ਵਾਪਰੀ ਹੈ।

# ਮਜੀਠਾ ਨਕਲੀ ਸ਼ਰਾਬ ਕਾਂਡ: DSP ਅਤੇ SHO ਮੁਅਤਲ, ਕਈ ਗ੍ਰਿਫ਼ਤਾਰ, ਪੰਜਾਬ ਸਰਕਾਰ ਵੱਲੋਂ ਤੁਰੰਤ ਕਾਰਵਾਈ



ਅੰਮ੍ਰਿਤਸਰ: ਅੰਮ੍ਰਿਤਸਰ ਦੇ ਮਜੀਠਾ ਵਿੱਚ ਨਕਲੀ ਤੇ ਜ਼ਹਿਰੀਲੀ ਸ਼ਰਾਬ ਕਾਰਨ ਹੋਈ ਮੌਤਾਂ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਵੱਡਾ ਕਦਮ ਚੁੱਕਦਿਆਂ ਮਜੀਠਾ ਦੇ DSP ਅਮੋਲਕ ਸਿੰਘ ਅਤੇ SHO ਅਵਤਾਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਅਪਰਾਧੀਆਂ ਵਿਰੁੱਧ ਵਿਭਾਗੀ ਜਾਂਚ ਸ਼ੁਰੂ ਹੋ ਚੁੱਕੀ ਹੈ। ਪੁਲਿਸ ਨੇ ਨਕਲੀ ਸ਼ਰਾਬ ਵੇਚਣ ਦੇ ਦੋਸ਼ ਵਿੱਚ 7 ਵਿਅਕਤੀ ਗ੍ਰਿਫ਼ਤਾਰ ਕੀਤੇ ਹਨ ਅਤੇ ਉਨ੍ਹਾਂ ਤੋਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਹ ਸ਼ਰਾਬ ਕਿੱਥੋਂ ਤੇ ਕਿਵੇਂ ਆਈ। DGP ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਮਾਮਲਾ ਤੁਰੰਤ ਸਖ਼ਤੀ ਨਾਲ ਨਿਪਟਿਆ ਗਿਆ ਹੈ। ਨਕਲੀ ਸ਼ਰਾਬ ਰੈਕੇਟ ਦੇ ਸਰਗਣਾ ਸਮੇਤ ਕਈ ਸਥਾਨਕ ਵਿਅਕਤੀਆਂ ਨੂੰ ਫੜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਥੇ ਈਥਾਨੋਲ ਵਰਤ ਕੇ ਨਕਲੀ ਸ਼ਰਾਬ ਤਿਆਰ ਕੀਤੀ ਜਾਂਦੀ ਸੀ ਜੋ ਆਨਲਾਈਨ ਖਰੀਦੀ ਜਾਂਦੀ ਸੀ। ਇੱਕ ਪੀੜਤ ਮਹਿਲਾ ਨੇ ਕਿਹਾ ਕਿ ਉਸਦਾ ਪੁੱਤਰ ਸ਼ਰਾਬ ਪੀਣ ਤੋਂ ਬਾਅਦ ਉਲਟੀਆਂ ਕਰਨ ਲੱਗ ਪਿਆ ਤੇ ਹਸਪਤਾਲ ਲੈ ਜਾਂਦੇ ਸਮੇਂ ਉਸਦੀ ਮੌਤ ਹੋ ਗਈ। ਇਲਾਕਾ ਵਾਸੀਆਂ ਅਨੁਸਾਰ ਇਹ ਕਾਰੋਬਾਰ ਲੰਬੇ ਸਮੇਂ ਤੋਂ ਚੱਲ ਰਿਹਾ ਸੀ ਪਰ ਕੋਈ ਸਖ਼ਤ ਕਾਰਵਾਈ ਨਹੀਂ ਹੋਈ। ਹੁਣ ਜਦੋਂ ਜਾਨਾਂ ਗਈਆਂ ਨੇ ਤਾਂ ਪ੍ਰਸ਼ਾਸਨ ਨੇ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਅੰਮ੍ਰਿਤਸਰ ਜ਼ਿਲ੍ਹੇ ਵਿੱਚ ਇਹ ਮਾਮਲਾ ਤਿੰਨ ਸਾਲਾਂ ਵਿੱਚ ਚੌਥੀ ਵਾਰੀ ਵਾਪਰਿਆ ਹੈ, ਜਿਸ ਵਿੱਚ ਹੁਣ ਤੱਕ 17 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਤਿੰਨ ਦੀ ਹਾਲਤ ਗੰਭੀਰ ਹੈ। ਇਨ੍ਹਾਂ ਸਾਰਿਆਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਪੁਲਿਸ ਨੇ ਭਾਰਤੀ ਦੰਡ ਸੰਜੀਤਾ ਅਤੇ ਆਬਕਾਰੀ ਐਕਟ ਹੇਠ ਮਾਮਲਾ ਦਰਜ ਕਰਕੇ ਪ੍ਰਭਜੀਤ ਸਿੰਘ, ਕੁਲਬੀਰ ਸਿੰਘ, ਸਾਹਿਬ ਸਿੰਘ, ਗੁਰਜੰਟ ਸਿੰਘ ਅਤੇ ਨਿੰਦਰ ਕੌਰ ਸਮੇਤ 7 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਆਸਟਰੇਲੀਆ ਪੁਲਿਸ ਵੱਲੋਂ ਇਕ ਟਨ ਕੋਕੀਨ ਸਮੇਤ ਪੰਜ ਗ੍ਰਿਫ਼ਤਾਰ

## ਕਿਸ਼ਤੀ 'ਤੇ ਕੋਕੀਨ ਦੇ ਲਗਭਗ 1,110 ਬਲਾਕ ਮਿਲੇ, ਜਿਨ੍ਹਾਂ ਦਾ ਭਾਰ 1,039 ਕਿਲੋਗ੍ਰਾਮ ਸੀ ਅਤੇ ਜਿਸਦੀ ਬਾਜ਼ਾਰ ਕੀਮਤ 623.4 ਮਿਲੀਅਨ ਆਸਟਰੇਲੀਆਈ ਡਾਲਰ





ਆਸਟਰੇਲੀਆਈ ਪੁਲਿਸ ਨੂੰ ਵੱਡੀ ਸਫਲਤਾ ਹਾਸਲ ਹੋਈ ਹੈ। ਆਸਟਰੇਲੀਆਈ ਪੁਲਿਸ ਨੇ ਦੇਸ਼ ਦੇ ਪੂਰਬੀ ਤੱਟ ਤੋਂ ਇਕ ਕਿਸ਼ਤੀ 'ਤੇ ਇਕ ਟਨ ਤੋਂ ਵੱਧ ਕੋਕੀਨ ਸਮੇਤ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਆਸਟਰੇਲੀਆਈ ਸੰਘੀ ਪੁਲਿਸ (ਏ.ਐਫ਼.ਪੀ) ਅਤੇ ਨਿਊ ਸਾਊਥ ਵੇਲਜ਼ (ਐਨ.ਐਸ.ਡਬਲਿਊ) ਰਾਜ ਪੁਲਿਸ ਨੇ ਐਤਵਾਰ ਨੂੰ ਇਕ ਸਾਂਝੀ ਮੀਡੀਆ ਰਿਲੀਜ਼ ਵਿਚ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਅਨੁਸਾਰ ਨੰਬੂਕਾ ਹੈੱਡਸ ਦੇ ਤੱਟ ਤੋਂ ਲਗਭਗ ਨੌਂ ਸਮੁੰਦਰੀ ਮੀਲ ਦੂਰ ਜਹਾਜ਼ ਨੂੰ ਰੋਕਿਆ। ਕਿਸ਼ਤੀ 'ਤੇ ਕੋਕੀਨ ਦੇ ਲਗਭਗ 1,110 ਬਲਾਕ ਮਿਲੇ, ਜਿਨ੍ਹਾਂ ਦਾ ਭਾਰ 1,039 ਕਿਲੋਗ੍ਰਾਮ ਸੀ ਅਤੇ ਜਿਸਦੀ ਬਾਜ਼ਾਰ ਕੀਮਤ 623.4 ਮਿਲੀਅਨ ਆਸਟਰੇਲੀਆਈ ਡਾਲਰ (ਲਗਭਗ 399.7 ਮਿਲੀਅਨ ਅਮਰੀਕੀ ਡਾਲਰ) ਸੀ। ਇਸ ਸਬੰਧ ਵਿੱਚ ਕਿਸ਼ਤੀ 'ਤੇ ਸਵਾਰ 24 ਅਤੇ 26 ਸਾਲ ਦੇ ਦੋ ਆਦਮੀਆਂ ਨੂੰ ਗ੍ਰਿਫ਼ਤਾਰ ਕਰ ਕੇ ਕਿਨਾਰੇ ਲਿਜਾਇਆ ਗਿਆ। ਉਸੇ ਸਮੇਂ, 28, 29 ਅਤੇ 35 ਸਾਲ ਦੀ ਉਮਰ ਦੇ ਤਿੰਨ ਹੋਰ ਆਦਮੀਆਂ ਨੂੰ ਤੱਟ ਤੋਂ ਗ੍ਰਿਫ਼ਤਾਰ ਕੀਤਾ ਗਿਆ। ਕਿਸ਼ਤੀ 'ਤੇ ਸਵਾਰ ਦੋ ਲੋਕਾਂ 'ਤੇ ਵੱਡੀ ਮਾਤਰਾ ਵਿਚ ਪਾਬੰਦੀਸ਼ੁਦਾ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਅਤੇ ਇਕ ਅਪਰਾਧਿਕ ਸਮੂਹ ਵਿਚ ਹਿੱਸਾ ਲੈਣ ਦੇ ਦੋਸ਼ ਲਗਾਏ ਗਏ ਹਨ। ਬਾਕੀ ਤਿੰਨ ਵਿਅਕਤੀਆਂ 'ਤੇ ਵੱਡੀ ਮਾਤਰਾ ਵਿਚ ਪਾਬੰਦੀਸ਼ੁਦਾ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਅਤੇ ਇਕ ਅਪਰਾਧਿਕ ਸਮੂਹ ਵਿਚ ਹਿੱਸਾ ਲੈਣ ਦੇ ਦੋਸ਼ ਲਗਾਏ ਗਏ ਹਨ।

# ਸਾਊਦੀ ਅਰਬ ਦੇ ਰੇਸਤਰਾਂ 'ਚੋਂ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਹਟਵਾਉਣ ਦੀ ਅਪੀਲ




ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਊਦੀ ਅਰਬ ਦੇ ਰਿਆਧ ਸਥਿਤ ਭਾਰਤੀ ਸਫਾਰਤਖਾਨੇ ਨੂੰ ਇੱਕ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਉੱਥੇ ਇੱਕ ਰੇਸਤਰਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਗਈ ਹੈ ਜਿਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਇਸ ਲਈ ਭਾਰਤੀ ਸਫਾਰਤਖਾਨੇ ਵੱਲੋਂ ਇਹ ਮਾਮਲਾ ਸਬੰਧਤ ਸਰਕਾਰ ਕੋਲ ਉਠਾਇਆ ਜਾਵੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸਿੱਖ ਸੰਸਥਾ ਵੱਲੋਂ ਭਾਰਤੀ ਦੂਤਾਵਾਸ ਅਤੇ ਕੇਂਦਰ ਸਰਕਾਰ ਨੂੰ ਇਸ ਸਬੰਧੀ ਇੱਕ ਪੱਤਰ ਭੇਜਿਆ ਗਿਆ ਹੈ ਤਾਂ ਜੋ ਉਹ ਸਾਊਦੀ ਅਰਬ ਦੇ ਸਬੰਧਤ ਅਧਿਕਾਰੀਆਂ ਅਤੇ ਰੈਸਟੋਰੈਂਟ ਦੇ ਮਾਲਕ ਕੋਲ ਸਿੱਖ ਸੰਸਥਾ ਦਾ ਸਖਤ ਇਤਰਾਜ਼ ਰੱਖਣ ਅਤੇ ਇਸ ਸਬੰਧੀ ਦਖਲ ਦੇਣ। ਇਸ ਸਬੰਧੀ ਉਥੋਂ ਦੇ ਸਥਾਨਕ ਸਿੱਖਾਂ ਵੱਲੋਂ ਸ਼੍ਰੋਮਣੀ ਕਮੇਟੀ ਕੋਲ ਇੱਕ ਸ਼ਿਕਾਇਤ ਪੱਤਰ ਭੇਜਿਆ ਗਿਆ ਹੈ ਜਿਸ 'ਤੇ ਵਿਚਾਰ ਕਰਨ ਤੋਂ ਬਾਅਦ ਸਿੱਖ ਸੰਸਥਾ ਵੱਲੋਂ ਇਸ ਮਾਮਲੇ ਨੂੰ ਕੇਂਦਰ ਸਰਕਾਰ ਕੋਲ ਅਗਲੇਰੀ ਕਾਰਵਾਈ ਵਾਸਤੇ ਭੇਜਿਆ ਗਿਆ ਹੈ। ਇਸ ਰੈਸਟੋਰੈਂਟ ਦਾ ਨਾਮ ਵੀ ਸਿੱਖ ਧਾਰਮਿਕ ਸਥਾਨ ਨਾਲ ਮਿਲਦਾ ਜੁਲਦਾ ਹੈ ਅਤੇ ਇਸ ਦਾ ਆਰਕੀਟੈਕਚਰ ਵੀ ਇਸੇ ਤਰ੍ਹਾਂ ਦਾ ਹੈ। ਇਸ ਇਮਾਰਤ ਦੇ ਅੰਦਰ ਅਤੇ ਬਾਹਰ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਗਈ ਹੈ ਜਦੋਂ ਕਿ ਇਸ ਰੈਸਟੋਰੈਂਟ ਦੇ ਅੰਦਰ ਮੀਟ, ਸ਼ਰਾਬ ਅਤੇ ਹੋਰ ਅਜਿਹੀਆਂ ਵਸਤਾਂ ਆਦਿ ਦਾ ਸੇਵਨ ਹੁੰਦਾ ਹੈ।

ਇਸ ਇਮਾਰਤ ਵਿੱਚ ਸਿੱਖਾਂ ਦੇ ਧਾਰਮਿਕ ਸਥਾਨ ਦੀਆਂ ਤਸਵੀਰਾਂ ਨੂੰ ਵਪਾਰਕ ਹਿਤਾਂ ਲਈ ਵਰਤਿਆ ਗਿਆ ਹੈ ਜੋ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਕਾਰਵਾਈ ਹੈ। ਸਿੱਖ ਭਾਈਚਾਰੇ ਨੂੰ ਇਸ 'ਤੇ ਸਖਤ ਇਤਰਾਜ਼ ਹੈ ਕਿਉਂਕਿ ਇਹ ਸਿੱਖ ਸਿਧਾਂਤਾਂ, ਧਰਮ ਅਤੇ ਸਮੁੱਚੇ ਸਿੱਖ ਭਾਈਚਾਰੇ ਦਾ ਨਿਰਾਦਰ ਕਰਨ ਦੇ ਬਰਾਬਰ ਹੈ। ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਧਾਰਮਿਕ ਅਤੇ ਰੂਹਾਨੀ ਅਸਥਾਨ ਹੈ ਜਿੱਥੇ ਦੇਸ਼ ਵਿਦੇਸ਼ ਤੋਂ ਵਸਦੇ ਸਿੱਖ ਭਾਈਚਾਰੇ ਦੇ ਲੋਕ ਅਤੇ ਹੋਰ ਸ਼ਰਧਾਲੂ ਨਤਮਸਤਕ ਹੋਣ ਲਈ ਆਉਂਦੇ ਹਨ। ਇਸ ਸਬੰਧ ਵਿੱਚ ਸਿੱਖ ਭਾਈਚਾਰੇ ਵੱਲੋਂ ਸ਼੍ਰੋਮਣੀ ਕਮੇਟੀ, ਸ੍ਰੀ ਅਕਾਲ ਤਖਤ ਅਤੇ ਪੰਜਾਬ ਸਰਕਾਰ ਕੋਲ ਵੀ ਸ਼ਿਕਾਇਤ ਭੇਜੀ ਗਈ ਹੈ। ਸਿੱਖ ਸੰਸਥਾ ਨੇ ਇਸ ਸਬੰਧ ਵਿੱਚ ਸਾਊਦੀ ਅਰਬ ਦੇ ਰਿਆਧ ਵਿਖੇ ਭਾਰਤੀ ਸਫਾਰਤਖਾਨੇ ਦੇ ਸਫੀਰ ਡਾ ਸੁਹੇਲ ਅਜਾਜ ਖਾਨ ਨੂੰ ਪੱਤਰ ਭੇਜਿਆ ਹੈ ਅਤੇ ਇਸ ਮਾਮਲੇ ਵਿੱਚ ਦਖਲ ਦੇਣ ਦੀ ਅਪੀਲ ਕੀਤੀ ਹੈ।

# ਬਰਤਾਨੀਆ ਵੱਲੋਂ ਪਰਵਾਸੀਆਂ 'ਤੇ ਸਖ਼ਤੀ ਦੀ ਤਿਆਰੀ




ਲੰਡਨ : ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅੱਜ ਨਵੇਂ ਨੀਤੀਗਤ ਉਪਾਅ ਦਾ ਐਲਾਨ ਕੀਤਾ ਜਿਸ 'ਚ ਨਾਗਰਿਕਤਾ ਦੇ ਚਾਹਵਾਨ ਪਰਵਾਸੀਆਂ ਲਈ ਉਡੀਕ ਦੀ ਮਿਆਦ ਪੰਜ ਸਾਲ ਤੋਂ ਵਧਾ ਦੇ 10 ਸਾਲ ਕਰਨਾ ਸ਼ਾਮਲ ਹੈ। ਇਸ ਕਦਮ ਦਾ ਮਕਸਦ ਅਗਲੇ ਪੰਜ ਸਾਲਾਂ ਅੰਦਰ ਪਰਵਾਸੀਆਂ ਦੀ ਗਿਣਤੀ 'ਚ ਜ਼ਿਕਰਯੋਗ ਕਮੀ ਲਿਆਉਣਾ ਹੈ। ਨਵੇਂ ਨਿਯਮਾਂ 'ਚ ਪਰਵਾਸੀਆਂ ਲਈ ਅੰਗਰੇਜ਼ੀ ਦੇ ਉੱਚ ਪੈਮਾਨੇ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਇਸ ਨਾਲ ਭਾਰਤ ਸਮੇਤ ਹੋਰ ਮੁਲਕਾਂ ਦੇ ਪਰਵਾਸੀ ਪ੍ਰਭਾਵਿਤ ਹੋਣਗੇ।

ਲੇਬਰ ਪਾਰਟੀ ਦੀ ਸਰਕਾਰ ਵੱਲੋਂ ਪਰਵਾਸ ਬਾਰੇ ਲੰਮੇ ਸਮੇਂ ਤੋਂ ਉਡੀਕੇ ਜਾ ਰਹੇ ਵ੍ਹਾਈਟ ਪੇਪਰ ਨੂੰ ਸੰਸਦ 'ਚ ਪੇਸ਼ ਕੀਤੇ ਜਾਣ ਤੋਂ ਪਹਿਲਾਂ ਡਾਊਨਿੰਗ ਸਟਰੀਟ (ਪ੍ਰਧਾਨ ਮੰਤਰੀ ਦੀ ਰਿਹਾਇਸ਼) 'ਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸਟਾਰਮਰ ਨੇ ਪਿਛਲੀ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ 'ਤੇ ਸਰਹੱਦਾਂ ਖੁੱਲ੍ਹੀਆਂ ਰੱਖ ਕੇ 'ਗੜਬੜੀ' ਕਰਨ ਦਾ ਦੋਸ਼ ਲਾਇਆ। ਸਟਾਰਮਰ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਜਿਹੀ ਸਖਤ ਪਰਵਾਸ ਨੀਤੀ ਬਣਾਏਗੀ ਜੋ 'ਕੰਟਰੋਲ ਹੇਠ, ਚੋਣਵੀਂ ਤੇ ਨਿਰਪੱਖ' ਹੋਵੇਗੀ। ਸਟਾਰਮਰ ਨੇ ਕਿਹਾ, 'ਇਸ ਯੋਜਨਾ ਦਾ ਮਤਲਬ ਹੈ ਕਿ ਪਰਵਾਸੀਆਂ ਦੀ ਗਿਣਤੀ ਘਟੇਗੀ।' ਉਨ੍ਹਾਂ ਵ੍ਹਾਈਟ ਪੇਪਰ ਦਾ ਹਵਾਲਾ ਦਿੰਦਿਆਂ ਕਿਹਾ, 'ਪਰਵਾਸ ਪ੍ਰਣਾਲੀ ਦੇ ਹਰ ਖੇਤਰ ਨੂੰ ਸਖ਼ਤ ਕੀਤਾ ਜਾਵੇਗਾ ਤਾਂ ਜੋ ਸਾਡਾ ਕੰਟਰੋਲ ਵੱਧ ਹੋਵੇ। ਨਿਰਪੱਖ ਨਿਯਮਾਂ ਦਾ ਪਾਲਣ ਕੀਤਾ ਜਾਣਾ ਚਾਹੀਦਾ ਹੈ।' ਨਵੇਂ ਸਿਸਟਮ ਨਾਲ ਬਰਤਾਨੀਆ 'ਚ ਪੰਜ ਸਾਲ ਤੱਕ ਰਹਿਣ ਵਾਲੇ ਭਾਰਤੀਆਂ ਸਮੇਤ ਕਿਸੇ ਵੀ ਵਿਅਕਤੀ ਲਈ ਆਪਣੇ ਆਪ ਵਸਣ ਤੇ ਨਾਗਰਿਕਤਾ ਪ੍ਰਾਪਤ ਕਰਨ ਦੀ ਮੌਜੂਦਾ ਪ੍ਰਣਾਲੀ ਖਤਮ ਹੋ ਜਾਵੇਗੀ। ਇਸ ਦੀ ਥਾਂ ਪਰਵਾਸੀਆਂ ਨੂੰ ਸਥਾਈ ਰਿਹਾਇਸ਼ ਲਈ ਅਰਜ਼ੀ ਦੇਣ ਤੋਂ ਪਹਿਲਾਂ ਬਰਤਾਨੀਆ 'ਚ ਇੱਕ ਦਹਾਕਾ ਬਿਤਾਉਣਾ ਪਵੇਗਾ, ਜਦੋਂ ਤੱਕ ਕਿ ਉਹ 'ਅਰਥਚਾਰੇ ਤੇ ਸਮਾਜ 'ਚ ਅਸਲ ਤੇ ਸਥਾਈ ਯੋਗਦਾਨ' ਨਾ ਦਿਖਾ ਦੇਣ। ਇਸ ਨਵੇਂ ਢਾਂਚੇ ਤਹਿਤ ਬਰਤਾਨੀਆ ਦੇ ਅਰਥਚਾਰੇ 'ਚ ਯੋਗਦਾਨ ਪਾਉਣ ਵਾਲੇ 'ਬਹੁਤ ਹੁਨਰਮੰਦ ਤੇ ਵੱਧ ਯੋਗਦਾਨ ਦੇਣ ਵਾਲੇ' ਲੋਕਾਂ ਜਿਵੇਂ ਡਾਕਟਰ, ਨਰਸ, ਇੰਜਨੀਅਰ ਤੇ ਏਆਈ ਖੇਤਰ ਦੇ ਲੋਕਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ। ਡਾਊਨਿੰਗ ਸਟਰੀਟ ਨੇ ਕਿਹਾ ਕਿ ਨਵੇਂ ਨਿਯਮ ਅੰਗਰੇਜ਼ੀ ਦੇ ਉੱਚ ਪੈਮਾਨੇ ਨੂੰ ਯਕੀਨੀ ਬਣਾਉਣ ਲਈ ਹਰ ਪਰਵਾਸ ਮਾਰਗ 'ਤੇ ਭਾਸ਼ਾ ਸਬੰਧੀ ਜ਼ਰੂਰਤਾਂ ਨੂੰ ਸਖ਼ਤ ਕਰਨਗੇ। ਪਹਿਲੀ ਵਾਰ ਇਹ ਨਿਯਮ ਵਿਦੇਸ਼ੀਆਂ ਦੇ ਸਾਰੇ ਬਾਲਗ ਆਸ਼ਰਿਤਾਂ 'ਤੇ ਵੀ ਲਾਗੂ ਹੋਵੇਗਾ, ਜਿਸ ਲਈ ਉਨ੍ਹਾਂ ਨੂੰ ਅੰਗਰੇਜ਼ੀ ਦੇ ਬੁਨਿਆਦੀ ਗਿਆਨ ਦਾ ਮੁਜ਼ਾਹਰਾ ਕਰਨਾ ਪਵੇਗਾ।

# 911 ਦੀ ਦੁਰਵਰਤੋਂ ਬਾਰੇ ਪਹਿਲੀ ਸੂਬਾ-ਪੱਧਰੀ ਮੁਹਿੰਮ ਦਾ ਉਦਘਾਟਨ




(ਬਰੈਂਪਟਨ): 911 ਸਰਵਿਸ ਦੀ ਦੁਰਵਰਤੋਂ ਖ਼ਿਲਾਫ਼ ਨਵੀਂ ਅਤੇ ਪਹਿਲੀ ਸੂਬਾ-ਪੱਧਰੀ ਮੁਹਿੰਮ ਦਾ ਉਦਘਾਟਨ ਕੀਤਾ ਗਿਆ ਹੈ। ਇਸ ਮੁਹਿੰਮ ਦਾ ਉਦਘਾਟਨ ਐਮਰਜੰਸੀ ਸਰਵਿਸਜ਼ ਸਟੀਅਰਿੰਗ ਕਮੇਟੀ (ESSC) ਵਲੋਂ ਕੀਤਾ ਗਿਆ ਹੈ ਅਤੇ ਇਸ ਨੂੰ 'ਹਰ ਸੈਕੰਡ ਅਹਿਮ ਹੈ' (When Every Second Counts) ਦਾ ਨਾਂ ਦਿੱਤਾ ਗਿਆ ਹੈ। ਇਸ ਮੁਹਿੰਮ ਦਾ ਮਕਸਦ ਲੋਕਾਂ ਨੂੰ 911 ਸਰਵਿਸ ਦੀ ਵਰਤੋਂ ਬਾਰੇ ਜਾਗਰੂਕ ਕਰਨਾ ਹੈ ਤਾਂ ਜੋ ਗੈਰ-ਐਮਰਜੰਸੀ ਕੰਮਾਂ ਲਈ ਇਸ ਦੀ ਵਰਤੋਂ ਨੂੰ ਘਟਾਇਆ ਜਾ ਸਕਦੇ। ਇਸ ਤੋਂ ਇਲਾਵਾ ਲੋਕਾਂ ਨੂੰ ਬਦਲਵੇਂ ਗੈਰ-ਐਮਰਜੰਸੀ ਨੰਬਰਾਂ ਬਾਰੇ ਜਾਣਕਾਰੀ ਦੇਣਾ ਅਤੇ ਸਰਵਿਸ ਦੀ ਦੁਰਵਰਤੋਂ ਦੇ ਨਤੀਜਿਆਂ ਬਾਰੇ ਦੱਸਣਾ ਵੀ ਇਸ ਮੁਹਿੰਮ ਦਾ ਹਿੱਸਾ ਹੈ।

ਐਮਰਜੰਸੀ ਸਰਵਿਸਜ਼ ਸਟੀਅਰਿੰਗ ਕਮੇਟੀ ਦੇ ਮੈਂਬਰ ਅਤੇ ਪੀਲ ਰੀਜਨ ਵਿਚ ਕਮਿਸ਼ਨਰ ਔਫ ਹੈਲਥ ਸਰਵਿਸਜ਼ ਨੈਂਸੀ ਪੌਲਸੀਨੈਲੀ ਨੇ ਕਿਹਾ, "911 ਅਜਿਹੀਆਂ ਐਮਰਜੰਸੀ ਸਥਿਤੀਆਂ ਵਾਸਤੇ ਹੈ, ਜਦੋਂ ਜਾਨ ਨੂੰ ਖਤਰਾ ਹੋਵੇ ਜਾਂ ਕੋਈ ਸਿਹਤ ਨਾਲ ਸੰਬੰਧਤ ਐਮਰਜੰਸੀ ਹੋਵੇ। ਪਰ ਪੂਰੇ ਸੂਬੇ ਵਿਚ ਹੀ ਲੋਕ ਇਸ ਵਾਸਤੇ ਵੀ 911 ਕਾਲ ਕਰਦੇ ਹਨ ਕਿ ਉਹ ਬੋਰ ਹੋ ਗਏ ਹਨ ਜਾਂ ਰੈਸਟੋਰੈਂਟ ਔਰਡਰ ਬਾਰੇ ਸ਼ਿਕਾਇਤ ਸੀ ਜਾਂ ਉਨ੍ਹਾਂ ਦਾ ਟੀਵੀ ਨਹੀਂ ਚੱਲ ਰਿਹਾ।

ਇਸ ਤੋਂ ਇਲਾਵਾ ਗੈਰ-ਐਮਰਜੰਸੀ ਸੜਕ ਹਾਦਸਿਆਂ, ਮੈਡੀਕਲ ਸਮੱਸਿਆਵਾਂ ਅਤੇ ਬਾਇਲਾਅ ਮਸਲਿਆਂ ਬਾਰੇ ਵੀ ਕਾਲਾਂ ਕੀਤੀਆਂ ਜਾਂਦੀਆਂ ਹਨ, ਜਿੱਥੇ ਕਿ ਹੋਰ ਸੰਪਰਕ ਅਤੇ ਸਰੋਤ ਉਪਬਲਧ ਹੁੰਦੇ ਹਨ ਪਰ ਲੋਕਾਂ ਨੂੰ ਹੋ ਸਕਦਾ ਹੈ ਕਿ ਉਨ੍ਹਾਂ ਦਾ ਪਤਾ ਨਾ ਹੋਵੇ। ਜਦੋਂ ਅਜਿਹੇ ਕੰਮਾਂ ਲਈ 911 ਨੂੰ ਬਿਜ਼ੀ ਰੱਖਿਆ ਜਾਂਦਾ ਹੈ ਤਾਂ ਕਿਸੇ ਦੂਸਰੇ ਲਈ ਅਜਿਹੀ ਦੁਰਵਰਤੋਂ ਜਾਨ ਦਾ ਖਤਰਾ ਬਣ ਸਕਦੀ ਹੈ"। ਪੂਰੇ ਓਨਟੇਰੀਓ ਵਿਚ 911 ਅਪਰੇਟਰਾਂ ਤੇ ਲਗਾਤਾਰ ਵਧ ਰਹੀਆਂ ਕਾਲਾਂ ਦਾ ਵੱਡਾ ਭਾਰ ਹੈ। ਓਨਟੇਰੀਓ ਵਿੱਚ ਕਈ ਪੁਲਿਸ ਸਰਵਿਸਜ਼ ਦਾ ਕਹਿਣਾ ਹੈ ਕਿ 911 ਕਾਲਾਂ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ, ਅਤੇ ਅੱਧ ਤੋਂ ਵੱਧ 911 ਕਾਲਾਂ ਗੈਰ-ਐਮਰਜੰਸੀ ਕਾਲਾਂ ਹਨ, ਜਿਨ੍ਹਾਂ ਵਿੱਚ ਜੇਬ-ਡਾਇਲ, ਹੈਂਗ- ਅੱਪ ਅਤੇ ਕਿੰਨੇ ਹੋਰ ਨਿਗੂਣੇ ਜਾਂ ਬੇਤੁਕੇ ਕਾਰਨ ਹੋ ਸਕਦੇ ਹਨ।

ਓਨਟੇਰੀਓ ਦੇ ਸਲਿਸਟਰ ਜਨਰਲ ਮਾਣਯੋਗ ਮਾਈਕਲ ਐਸ ਕਰਜ਼ਨਰ ਨੇ ਕਿਹਾ, " ਕੁੱਝ ਸੁਧਾਰਾਂ ਦੇ ਬਾਵਜੂਦ 911 ਦੀ ਦੁਰਵਰਤੋਂ ਅਤੇ ਕਿਸ ਹਾਲਤ ਵਿਚ ਕਿਹੜਾ ਨੰਬਰ ਡਾਇਲ ਕਰਨਾ ਹੈ, ਉਸ ਬਾਰੇ ਜਾਣਕਾਰੀ ਦੀ ਘਾਟ ਅਜੇ ਵੀ ਇਕ ਚੁਣੌਤੀ ਬਣਿਆ ਹੋਇਆ ਹੈ। ਇਹ ਮੁਹਿੰਮ ਲੋਕਾਂ ਨੂੰ ਇਹ ਜਾਣਕਾਰੀ ਅਤੇ ਸਰੋਤ ਪ੍ਰਦਾਨ ਕਰਦੀ ਹੈ ਕਿ ਕਦੋਂ ਤੇ ਕਿਸ ਨੂੰ ਕਾਲ ਕਰਨਾ ਹੈ ਤਾਂ ਕਿ ਉਨ੍ਹਾਂ ਨੂੰ ਸਹੀ ਸਹਾਇਤਾ ਮਿਲ ਸਕੇ। ਸਾਨੂੰ ਪਤਾ ਹੈ ਕਿ ਵੱਡੀ ਗਿਣਤੀ ਵਿੱਚ ਓਨਟੇਰੀਓ ਵਾਸੀ ਸਹੀ ਕੰਮ ਕਰਨਾ ਚਾਹੁੰਦੇ ਹਨ ਅਤੇ ਲਾਈਨਾਂ ਖੁੱਲ੍ਹੀਆਂ ਰੱਖਣਾ ਚਾਹੁੰਦੇ ਹਨ ਤਾਂ ਜੋ ਲੋੜ ਪੈਣ ਤੇ ਸਾਨੂੰ ਮਦਦ ਮਿਲ ਸਕੇ"।

# ਸਿੱਖ ਦੰਗਿਆਂ 'ਤੇ ਰਾਹੁਲ ਗਾਂਧੀ ਦਾ ਵੱਡਾ ਬਿਆਨ

ਨਵੀਂ ਦਿੱਲੀ: ਕਾਂਗਰਸ ਨੇਤਾ ਰਾਹੁਲ ਗਾਂਧੀ ਦਾ ਇਕ ਵੀਡੀਉ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਵੀਡੀਉ ਵਿਚ, ਰਾਹੁਲ ਗਾਂਧੀ ਅਮਰੀਕਾ ਦੀ ਬ੍ਰਾਊਨ ਯੂਨੀਵਰਸਿਟੀ ਵਿਚ ਇਕ ਪ੍ਰੋਗਰਾਮ ਦੌਰਾਨ ਲੋਕਾਂ ਨਾਲ ਗੱਲ ਕਰ ਰਹੇ ਹਨ। ਗੱਲਬਾਤ ਦੌਰਾਨ, ਇਕ ਸਿੱਖ ਵਿਦਿਆਰਥੀ ਨੇ ਰਾਹੁਲ ਗਾਂਧੀ ਤੋਂ '84 ਦੇ ਦੰਗਿਆਂ ਅਤੇ ਸਿੱਖਾਂ ਦੇ ਮੁੱਦਿਆਂ ਨਾਲ ਸਬੰਧਤ ਕੁੱਝ ਸਵਾਲ ਪੁੱਛੇ। ਵਿਦਿਆਰਥੀ ਨੇ ਰਾਹੁਲ ਗਾਂਧੀ ਨੂੰ ਕਿਹਾ, 'ਤੁਸੀਂ ਕਿਹਾ ਸੀ ਕਿ ਰਾਜਨੀਤੀ ਨਿਡਰ ਹੋਣੀ ਚਾਹੀਦੀ ਹੈ, ਡਰਨ ਵਾਲੀ ਕੋਈ ਗੱਲ ਨਹੀਂ ਹੋਣੀ ਚਾਹੀਦੀ।' ਪਰ ਅਸੀਂ ਸਿਰਫ਼ ਕੜਾ ਨਹੀਂ ਪਹਿਨਣਾ ਚਾਹੁੰਦੇ, ਅਸੀਂ ਸਿਰਫ਼ ਪੱਗ ਨਹੀਂ ਬੰਨ੍ਹਣਾ ਚਾਹੁੰਦੇ, ਅਸੀਂ ਪ੍ਰਗਟਾਵੇ ਦੀ ਆਜ਼ਾਦੀ ਚਾਹੁੰਦੇ ਹਾਂ, ਜਿਸ ਦੀ ਕਾਂਗਰਸ ਪਾਰਟੀ ਦੇ ਸ਼ਾਸਨ ਦੌਰਾਨ ਇਜਾਜ਼ਤ ਨਹੀਂ ਸੀ। ਉਨ੍ਹਾਂ ਕਾਂਗਰਸ 'ਤੇ ਸਿੱਖਾਂ ਦੀਆਂ ਆਵਾਜ਼ਾਂ ਨੂੰ ਕੰਨਾਂ ਤੋਂ ਹਟਾਉਣ ਅਤੇ 1984 ਦੇ ਦੰਗਿਆਂ ਦੇ ਦੋਸ਼ੀ ਸੱਜਣ ਕੁਮਾਰ ਵਰਗੇ ਲੋਕਾਂ ਨੂੰ ਬਚਾਉਣ ਦਾ ਦੋਸ਼ ਵੀ ਲਗਾਇਆ। ਇਸ ਸਵਾਲ ਦੇ ਜਵਾਬ ਵਿਚ ਰਾਹੁਲ ਗਾਂਧੀ ਨੇ ਕਿਹਾ, 'ਮੈਂ ਜ਼ਿੰਮੇਵਾਰੀ ਲੈਂਦਾ ਹਾਂ, 1980 ਦੇ ਦਹਾਕੇ ਵਿਚ ਜੋ ਹੋਇਆ ਉਹ ਗਲਤ ਸੀ।'

ਇਕ ਯੂਜ਼ਰ ਨੇ ਟਵੀਟ ਕੀਤਾ, '21-04-25 ਨੂੰ ਬ੍ਰਾਊਨ ਯੂਨੀਵਰਸਿਟੀ ਵਿਖੇ ਸਿੱਖਾਂ ਲਈ ਰਾਹੁਲ ਗਾਂਧੀ ਦੇ ਮਗਰਮੱਛ ਦੇ ਹੰਝੂ ਇਕ ਅਪਮਾਨ ਹੈ।' ਉਹ ਦਾਅਵਾ ਕਰਦਾ ਹੈ ਕਿ ਭਾਜਪਾ ਪੱਗ ਅਤੇ ਕੜਾ ਖ਼ਤਰੇ ਵਿਚ ਪਾਉਂਦੀ ਹੈ, ਪਰ ਕਾਂਗਰਸ ਨੇ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ 1984 ਦੇ ਸਿੱਖ ਵਿਰੋਧੀ ਦੰਗੇ ਕਰਵਾਏ। ਦੇਸ਼ ਭਰ ਵਿਚ 3,350+ ਮਾਰੇ ਗਏ, 2,800 ਇਕੱਲੇ ਦਿੱਲੀ ਵਿਚ।

# ਯੂ.ਕੇ ਦੇ ਪ੍ਰਧਾਨ ਮੰਤਰੀ ਸਟਾਰਮਰ ਦੇ ਘਰ ਅੱਗ ਲੱਗੀ, ਇੱਕ ਸ਼ੱਕੀ ਗ੍ਰਿਫ਼ਤਾਰ



ਲੰਦਨ: ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਘਰ ਅੱਗ ਲੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਹਾਲਾਂਕਿ, ਇਹ ਅੱਗ ਉਨ੍ਹਾਂ ਦੇ ਨਿੱਜੀ ਨਿਵਾਸ ਵਿੱਚ ਲੱਗੀ ਹੈ। ਕੀਰ ਸਟਾਰਮਰ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਇਸ ਰਿਹਾਇਸ਼ ਵਿੱਚ ਰਹਿੰਦੇ ਸਨ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਚੁਣੇ ਜਾਣ ਤੋਂ ਬਾਅਦ, ਉਹ ਸਰਕਾਰੀ ਰਿਹਾਇਸ਼ 'ਡਾਊਨਿੰਗ ਸਟ੍ਰੀਟ' ਵਿੱਚ ਰਹਿ ਰਹੇ ਹਨ। ਇਸ ਮਾਮਲੇ ਵਿੱਚ, ਬ੍ਰਿਟਿਸ਼ ਪੁਲਿਸ ਨੇ ਅੱਗਜ਼ਨੀ ਦੇ ਸ਼ੱਕ ਵਿੱਚ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਸ਼ੱਕੀ ਦੀ ਉਮਰ 21 ਸਾਲ ਦੱਸੀ ਜਾ ਰਹੀ ਹੈ, ਜਿਸਨੂੰ ਮੰਗਲਵਾਰ ਸਵੇਰੇ ਗ੍ਰਿਫ਼ਤਾਰ ਕੀਤਾ ਗਿਆ। ਤੁਹਾਨੂੰ ਦੱਸ ਦੇਈਏ ਕਿ ਇਸ ਅੱਗ ਦੀ ਘਟਨਾ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

ਅਸਲ 'ਚ ਬ੍ਰਿਟਿਸ਼ ਪੁਲਿਸ ਇਸ ਮਾਮਲੇ ਦੀ ਜਾਂਚ ਵਿੱਚ ਰੁੱਝੀ ਹੋਈ ਸੀ। ਸੋਮਵਾਰ ਨੂੰ ਲੰਦਨ ਵਿੱਚ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਨਿੱਜੀ ਨਿਵਾਸ ਸਥਾਨ 'ਤੇ ਅੱਗ ਲੱਗ ਗਈ। ਖੁਸ਼ਕਿਸਮਤੀ ਨਾਲ, ਪ੍ਰਧਾਨ ਮੰਤਰੀ ਸਟਾਰਮਰ ਇਸ ਰਿਹਾਇਸ਼ ਵਿੱਚ ਮੌਜੂਦ ਨਹੀਂ ਸਨ। ਸਟਾਰਮਰ ਜੁਲਾਈ ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਪ੍ਰਧਾਨ ਮੰਤਰੀ ਦੇ ਅਧਿਕਾਰਤ ਡਾਊਨਿੰਗ ਸਟ੍ਰੀਟ ਨਿਵਾਸ ਵਿੱਚ ਰਹਿ ਰਹੇ ਹਨ। ਉਹਨਾਂ ਨੇ ਕੈਂਟਿਸ਼ ਟਾਊਨ ਇਲਾਕੇ ਵਿੱਚ ਆਪਣਾ ਪਰਿਵਾਰਕ ਘਰ ਕਿਰਾਏ 'ਤੇ ਦਿੱਤਾ ਹੈ। ਅੱਗ ਲੱਗਣ ਦੀ ਘਟਨਾ ਬਾਰੇ, ਲੰਦਨ ਫਾਇਰ ਬ੍ਰਿਗੇਡ ਨੇ ਕਿਹਾ ਕਿ ਅੱਗ ਬੁਝਾਊ ਕਰਮਚਾਰੀਆਂ ਨੂੰ ਸਵੇਰੇ 1 ਵਜੇ ਤੋਂ ਬਾਅਦ "ਛੋਟੀ ਜਿਹੀ ਅੱਗ" ਲੱਗਣ 'ਤੇ ਬੁਲਾਇਆ ਗਿਆ। ਫਾਇਰ ਬ੍ਰਿਗੇਡ ਨੇ ਦੱਸਿਆ ਕਿ ਅੱਗ 'ਤੇ ਅੱਧੇ ਘੰਟੇ ਦੇ ਅੰਦਰ ਕਾਬੂ ਪਾ ਲਿਆ ਗਿਆ। ਪੁਲਿਸ ਜਾਂਚ ਵਿੱਚ ਲੱਗੀ

ਮੈਟਰੋਪੋਲੀਟਨ ਪੁਲਿਸ ਫੋਰਸ ਨੇ ਕਿਹਾ ਕਿ ਮੌਕੇ 'ਤੇ ਪਹੁੰਚ ਰਹੇ ਅਧਿਕਾਰੀਆਂ ਨੂੰ "ਜਾਇਦਾਦ ਦੇ ਪ੍ਰਵੇਸ਼ ਦੁਆਰ" ਨੂੰ ਨੁਕਸਾਨ ਹੋਇਆ ਪਰ ਕੋਈ ਜ਼ਖਮੀ ਨਹੀਂ ਹੋਇਆ। ਪੁਲਿਸ ਫੋਰਸ ਨੇ ਕਿਹਾ, "ਅੱਗ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਪੁੱਛਗਿੱਛ ਜਾਰੀ ਰਹਿਣ ਦੌਰਾਨ ਇੱਕ ਘੇਰਾਬੰਦੀ ਕਰ ਦਿੱਤੀ ਗਈ ਹੈ।" ਸਟਾਰਮਰ ਦੇ ਬੁਲਾਰੇ, ਡੇਵ ਪੇਰੇਸ ਨੇ ਕਿਹਾ, ਸੋਮਵਾਰ ਨੂੰ ਘਰ ਦੇ ਬਾਹਰ ਪੁਲਿਸ ਟੇਪ ਦੀ ਘੇਰਾਬੰਦੀ ਦਿਖਾਈ ਦੇ ਰਹੀ ਸੀ। ਪ੍ਰਧਾਨ ਮੰਤਰੀ ਐਮਰਜੈਂਸੀ ਸੇਵਾਵਾਂ ਦਾ ਉਨ੍ਹਾਂ ਦੇ ਕੰਮ ਲਈ ਧੰਨਵਾਦ ਕਰਦੇ ਹਨ।

# ਪੈਨਸਿਲਵੇਨੀਆ ਵਿੱਚ ਇੱਕ ਕਾਰ ਹਾਦਸੇ ਵਿੱਚ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ

ਅਮਰੀਕਾ ਦੇ ਪੈਨਸਿਲਵੇਨੀਆ ਵਿੱਚ ਭਾਰਤੀ ਮੂਲ ਦੇ ਦੋ ਵਿਦਿਆਰਥੀਆਂ ਦੀ ਉਸ ਸਮੇਂ ਮੌਤ ਹੋ ਗਈ ਜਦੋਂ ਉਹ ਸਵਾਰ ਸੀ ਕਿ ਕਾਰ ਇੱਕ ਦਰੱਖ਼ਤ ਨਾਲ ਟਕਰਾ ਗਈ ਅਤੇ ਪੁਲ ਤੋਂ ਡਿੱਗ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਸ਼ਨੀਵਾਰ ਸਵੇਰੇ ਹੋਏ ਇਸ ਹਾਦਸੇ ਵਿੱਚ ਗੱਡੀ ਦੀ ਅਗਲੀ ਸੀਟ 'ਤੇ ਬੈਠਾ ਇੱਕ ਹੋਰ ਵਿਅਕਤੀ ਵੀ ਜ਼ਖ਼ਮੀ ਹੋ ਗਿਆ ਅਤੇ ਉਸਨੂੰ ਇਲਾਜ ਲਈ ਸਥਾਨਕ ਹਸਪਤਾਲ ਲਿਜਾਇਆ ਗਿਆ। ਨਿਊਯਾਰਕ ਸਥਿਤ ਭਾਰਤੀ ਕੌਂਸਲੇਟ ਨੇ ਸੋਮਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, "ਇਸ ਮੰਦਭਾਗੀ ਸੜਕ ਹਾਦਸੇ ਬਾਰੇ ਜਾਣ ਕੇ ਬਹੁਤ ਦੁੱਖ ਹੋਇਆ। ਇਸ ਹਾਦਸੇ ਵਿੱਚ ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿੱਚ ਪੜ੍ਹ ਰਹੇ ਭਾਰਤੀ ਮੂਲ ਦੇ ਵਿਦਿਆਰਥੀ ਮਾਨਵ ਪਟੇਲ (20) ਅਤੇ ਸੌਰਵ ਪ੍ਰਭਾਕਰ (23) ਦੀ ਜਾਨ ਚਲੀ ਗਈ।" ਕੌਂਸਲੇਟ ਨੇ ਕਿਹਾ, "ਇਸ ਮੁਸ਼ਕਲ ਸਮੇਂ ਦੌਰਾਨ ਸਾਡੀਆਂ ਸੰਵੇਦਨਾਵਾਂ ਅਤੇ ਪ੍ਰਾਰਥਨਾਵਾਂ ਉਨ੍ਹਾਂ ਦੇ ਪਰਿਵਾਰ ਨਾਲ ਹਨ। ਕੌਂਸਲੇਟ ਮ੍ਰਿਤਕਾਂ ਦੇ ਪਰਿਵਾਰਾਂ ਦੇ ਸੰਪਰਕ ਵਿੱਚ ਹੈ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ ਹੈ।"






# ਅਮਰੀਕਾ 'ਚ 2 ਭਾਰਤੀ ਵਿਦਿਆਰਥੀਆਂ ਦੀ ਮੌਤ

## ਪੈਨਸਿਲਵੇਨੀਆ 'ਚ ਕਾਰ ਬੇਕਾਬੂ ਹੋ ਕੇ ਦਰੱਖਤ ਨਾਲ ਟਕਰਾਈ



ਕਲੀਵਲੈਂਡ : ਅਮਰੀਕਾ ਵਿਚ ਵਾਪਰੇ ਹੌਲਨਾਕ ਹਾਦਸੇ ਦੌਰਾਨ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈ ਅਤੇ ਇਕ ਹੋਰ ਗੰਭੀਰ ਜ਼ਖਮੀ ਹੋ ਗਿਆ। ਵਿਦਿਆਰਥੀਆਂ ਦੀ ਸ਼ਨਾਖਤ 20 ਸਾਲ ਦੇ ਮਾਨਵ ਪਟੇਲ ਅਤੇ 23 ਸਾਲ ਦੇ ਸੌਰਵ ਪ੍ਰਭਾਕਰ ਵਜੋਂ ਕੀਤੀ ਗਈ ਹੈ ਜੋ ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਪੜ੍ਹਦੇ ਸਨ। ਹਾਦਸਾ ਪੈਨਸਿਲਵੇਨੀਆ ਵਿਚ ਵਾਪਰਿਆ ਜਦੋਂ ਭਾਰਤੀ ਵਿਦਿਆਰਥੀਆਂ ਦੀ ਗੱਡੀ ਬੇਕਾਬੂ ਹੋ ਕੇ ਦਰੱਖਤ ਵਿਚ ਜਾ ਵੱਜੀ। ਗੱਡੀ ਵਿਚ ਸਵਾਰ ਦੋ ਜਣਿਆਂ ਨੇ ਮੌਕੇ 'ਤੇ ਹੀ ਦਮ ਤੋੜ ਦਿਤਾ ਜਦਕਿ ਤੀਜੇ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੈਨਸਿਲਵੇਨੀਆ ਸਟੇਟ ਪੁਲਿਸ ਨੇ ਦੱਸਿਆ ਕਿ ਦਰੱਖਤ ਨਾਲ ਟਕਰਾਉਣ ਮਗਰੋਂ ਗੱਡੀ ਇਕ ਪੁਲ ਨਾਲ ਵੀ ਟਕਰਾਈ। ਪੁਲਿਸ ਮੁਤਾਬਕ ਗੱਡੀ ਸੌਰਵ ਪ੍ਰਭਾਕਰ ਚਲਾ ਰਿਹਾ ਸੀ ਜਦਕਿ ਮਾਨਵ ਪਟੇਲ ਪਿਛਲੀ ਸੀਟ 'ਤੇ ਬੈਠਾ ਸੀ। ਸੌਰਵ ਪ੍ਰਭਾਕਰ ਦੇ ਨਾਲ ਬੈਠੇ ਵਿਦਿਆਰਥੀ ਦੀ ਹਾਲਤ ਫ਼ਿਲਹਾਲ ਸਥਿਰ ਦੱਸੀ ਜਾ ਰਹੀ ਹੈ। ਲੈਨਕੈਸਟਰ ਕਾਊਂਟੀ ਦੇ ਕੌਰੋਨਰ ਦਫ਼ਤਰ ਨੇ ਦੱਸਿਆ ਕਿ ਸਰੀਰ ਦੇ ਵੱਖ ਵੱਖ ਅੰਗਾਂ 'ਤੇ ਡੂੰਘੀਆਂ ਸੱਟਾਂ ਵੱਜਣ ਕਾਰਨ ਮਾਨਵ ਪਟੇਲ ਅਤੇ ਸੌਰਵ ਪ੍ਰਭਾਕਰ ਦੀ ਮੌਤ ਹੋਈ ਅਤੇ ਇਸ ਮਾਮਲੇ ਨੂੰ ਸ਼ੱਕੀ ਨਹੀਂ ਮੰਨਿਆ ਜਾ ਰਿਹਾ। ਪੁਲਿਸ ਵੱਲੋਂ ਹਾਦਸੇ ਦੇ ਕਾਰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ। ਉਧਰ ਨਿਊ ਯਾਰਕ ਸਥਿਤ ਭਾਰਤੀ ਕੌਂਸਲੇਟ ਵੱਲੋਂ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਗਿਆ ਹੈ ਕਿ ਉਹ ਪੀੜਤ ਪਰਵਾਰਾਂ ਦੇ ਲਗਾਤਾਰ ਸੰਪਰਕ ਵਿਚ ਹੈ। ਕੌਂਸਲੇਟ ਨੇ ਕਿਹਾ ਕਿ ਪੀੜਤ ਪਰਵਾਰਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ।

# ਓਨਟਾਰੀਓ ਦੇ ਲੋਕਾਂ ਨੂੰ ਗੈਸ ਟੈਕਸ ਤੋਂ ਪੱਕੀ ਰਾਹਤ

## * ਹਾਈਵੇਅ 407 ਈਸਟ ਤੋਂ ਹਟਣਗੇ ਟੋਲ

## * ਡਗ ਫ਼ੋਰਡ ਸਰਕਾਰ ਨੇ ਕੀਤੇ 2 ਅਹਿਮ ਐਲਾਨ




ਟੋਰਾਂਟੋ : ਉਨਟਾਰੀਓ ਸਰਕਾਰ ਨੇ ਸੂਬੇ ਦੇ ਲੋਕਾਂ ਨੂੰ ਗੈਸ ਟੈਕਸ ਤੋਂ ਪੱਕੀ ਰਾਹਤ ਦੇਣ ਅਤੇ ਹਾਈਵੇਅ 407 ਈਸਟ ਤੋਂ ਟੋਲ ਹਟਾਉਣ ਦਾ ਐਲਾਨ ਕੀਤਾ ਹੈ। ਗੈਸ ਟੈਕਸ ਦੀ ਦਰ 9 ਸੈਂਟ ਪ੍ਰਤੀ ਲਿਟਰ ਬਣਦੀ ਹੈ ਅਤੇ ਇਸ ਦੇ ਪੱਕੇ ਤੌਰ 'ਤੇ ਮੁਆਫ਼ ਹੋਣ ਨਾਲ ਉਨਟਾਰੀਓ ਵਾਸੀਆਂ ਨੂੰ ਔਸਤਨ 115 ਡਾਲਰ ਸਾਲਾਨਾ ਦਾ ਫਾਇਦਾ ਹੋਵੇਗਾ ਜਦਕਿ ਹਾਈਵੇਅ 407 ਈਸਟ ਤੋਂ ਟੋਲ ਹਟਣ ਨਾਲ ਰੋਜ਼ਾਨਾ ਲੰਘਣ ਵਾਲਿਆਂ ਨੂੰ ਸਾਲਾਨਾ 7,200 ਡਾਲਰ ਦੀ ਬੱਚਤ ਹੋਵੇਗੀ। ਪ੍ਰੀਮੀਅਰ ਡਗ ਫੋਰਡ ਨੇ ਕਿਹਾ ਕਿ ਦੋਹਾਂ ਤਜਵੀਜ਼ਾਂ ਨੂੰ ਲਾਗੂ ਕਰਨ ਲਈ ਕਾਨੂੰਨ ਪਾਸ ਕਰਨਾ ਹੋਵੇਗਾ ਜਿਸ ਨੂੰ ਬਜਟ ਦਾ ਹਿੱਸਾ ਬਣਾਇਆ ਜਾ ਰਿਹਾ ਹੈ।

ਵਿੱਤ ਮੰਤਰੀ ਪੀਟਰ ਬੈਥਲੈਨਫੌਲਵੀ 15 ਮਈ ਨੂੰ ਬਜਟ ਪੇਸ਼ ਕਰਨਗੇ। ਦੱਸ ਦੇਈਏ ਕਿ ਉਨਟਾਰੀਓ ਦੀ ਡਗ ਫੋਰਡ ਸਰਕਾਰ ਵੱਲੋਂ ਪਹਿਲੀ ਵਾਰ ਗੈਸੋਲੀਨ ਟੈਕਸ 1 ਜੁਲਾਈ 2022 ਤੋਂ ਹਟਾਇਆ ਗਿਆ ਅਤੇ ਹੁਣ ਤੱਕ ਚਾਰ ਵਾਰ ਇਸ ਛੋਟ ਨੂੰ ਅੱਗੇ ਵਧਾਇਆ ਜਾ ਚੁੱਕਾ ਹੈ। ਇਸ ਤੋਂ ਪਹਿਲਾਂ ਸੂਬਾ ਸਰਕਾਰ ਗੈਸੋਲੀਨ 'ਤੇ 5.7 ਸੈਂਟ ਪ੍ਰਤੀ ਲਿਟਰ ਅਤੇ ਡੀਜ਼ਲ 'ਤੇ 5.3 ਸੈਂਟ ਪ੍ਰਤੀ ਲਿਟਰ ਟੈਕਸ ਵਸੂਲ ਰਹੀ ਸੀ। ਦੂਜੇ ਪਾਸੇ ਲੈਡਡ ਗੈਸੋਲੀਨ ਜਾਂ ਐਵੀਏਸ਼ਨ ਫਿਊਲ ਵਾਸਤੇ ਟੈਕਸ ਦਰਾਂ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾ ਰਹੀ। ਉਧਰ ਹਾਈਵੇਅ 407 ਤੋਂ ਟੋਲ ਹਟਾਉਣ ਨਾਲ ਸਬੰਧਤ ਕਾਨੂੰਨ ਪਾਸ ਹੋਣ ਮਗਰੋਂ ਬਰੌਕ ਰੋਡ ਤੋਂ ਹਾਈਵੇਅ 35/115 ਤੱਕ ਟੋਲ ਖਤਮ ਹੋ ਜਾਣਗੇ ਅਤੇ ਬਗੈਰ ਟੋਲ ਵਾਲਾ ਸਫ਼ਰ 1 ਜੂਨ 2025 ਤੋਂ ਸ਼ੁਰੂ ਹੋਵੇਗਾ।

ਪ੍ਰੀਮੀਅਰ ਡਗ ਫੋਰਡ ਨੇ ਕਿਹਾ ਕਿ ਉਨਟਾਰੀਓ ਦੇ ਪਰਵਾਰ ਅਤੇ ਕਾਰੋਬਾਰੀ ਲਗਾਤਾਰ ਵਧਦੀਆਂ ਕੀਮਤਾਂ ਤੋਂ ਚਿੰਤਤ ਹਨ। ਇਸ ਤੋਂ ਇਲਾਵਾ ਅਮਰੀਕਾ ਵੱਲੋਂ ਪੈਦਾ ਹੋਏ ਟੈਰਿਫ਼ਸ ਦੇ ਖਤਰੇ ਤੋਂ ਵੀ ਲੋਕ ਡਰੇ ਹੋਏ ਹਨ ਜੋ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀਆਂ ਚੀਜ਼ਾਂ ਮਹਿੰਗੀਆਂ ਹੋਣ ਦਾ ਕਾਰਨ ਬਣ ਸਕਦਾ ਹੈ। ਸਮੁੱਚੇ ਹਾਲਾਤ ਨੂੰ ਧਿਆਨ ਵਿਚ ਰਖਦਿਆਂ ਉਨਟਾਰੀਓ ਸਰਕਾਰ ਵੱਲੋਂ ਗੈਸ ਟੈਕਸ ਪੱਕੇ ਤੌਰ 'ਤੇ ਹਟਾਉਣ ਅਤੇ ਹਾਈਵੇਅ 407 ਈਸਟ ਤੋਂ ਟੋਲ ਹਟਾਉਣ ਦਾ ਫ਼ੈਸਲਾ ਕੀਤਾ ਗਿਆ।

# ਕਤਰ ਤੋਂ ਤੋਹਫ਼ੇ ਵਜੋਂ ਬੋਇੰਗ 747 ਜਹਾਜ਼ ਮਿਲਣ 'ਤੇ ਟਰੰਪ ਦਾ ਹੈਰਾਨ ਕਰਨ ਵਾਲਾ ਜਵਾਬ



ਵਾਸ਼ਿੰਗਟਨ: ਡੋਨਾਲਡ ਟਰੰਪ ਇਨ੍ਹੀਂ ਦਿਨੀਂ ਪੱਛਮੀ ਏਸ਼ੀਆ ਦੇ ਦੌਰੇ 'ਤੇ ਹਨ। ਟਰੰਪ ਆਪਣੇ ਦੌਰੇ ਦੌਰਾਨ ਕਤਰ ਵੀ ਜਾਣਗੇ। ਟਰੰਪ ਦੇ ਕਤਰ ਦੌਰੇ ਤੋਂ ਪਹਿਲਾਂ, ਉੱਥੋਂ ਦੀ ਸਰਕਾਰ ਨੇ ਅਮਰੀਕਾ ਨੂੰ ਇੱਕ ਆਲੀਸ਼ਾਨ ਬੋਇੰਗ 747 ਜਹਾਜ਼ ਤੋਹਫ਼ੇ ਵਜੋਂ ਦੇਣ ਦਾ ਐਲਾਨ ਕੀਤਾ ਹੈ। ਉਦੋਂ ਤੋਂ ਹੀ ਅਮਰੀਕਾ ਵਿੱਚ ਉਸ ਤੋਹਫ਼ੇ ਬਾਰੇ ਬਹੁਤ ਚਰਚਾ ਹੋ ਰਹੀ ਹੈ। ਹੁਣ ਰਾਸ਼ਟਰਪਤੀ ਟਰੰਪ ਨੇ ਇਸ ਸੰਬੰਧੀ ਇੱਕ ਬਿਆਨ ਦਿੱਤਾ ਹੈ ਅਤੇ ਕਿਹਾ ਹੈ ਕਿ ਸਿਰਫ਼ ਇੱਕ ਮੂਰਖ ਹੀ ਇਸਨੂੰ ਸਵੀਕਾਰ ਨਹੀਂ ਕਰੇਗਾ।

ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਇੱਕ ਪੋਸਟ ਵਿੱਚ, ਡੋਨਾਲਡ ਟਰੰਪ ਨੇ ਲਿਖਿਆ ਕਿ 'ਬੋਇੰਗ 747 ਮੈਨੂੰ ਨਹੀਂ, ਸਗੋਂ ਅਮਰੀਕੀ ਹਵਾਈ ਸੈਨਾ/ਰੱਖਿਆ ਵਿਭਾਗ ਨੂੰ ਤੋਹਫ਼ੇ ਵਜੋਂ ਦਿੱਤਾ ਜਾ ਰਿਹਾ ਹੈ।' ਇਹ ਕਤਰ ਵੱਲੋਂ ਇੱਕ ਤੋਹਫ਼ਾ ਹੈ, ਇੱਕ ਅਜਿਹਾ ਦੇਸ਼ ਜਿਸਦੀ ਅਸੀਂ ਕਈ ਸਾਲਾਂ ਤੋਂ ਸਫਲਤਾਪੂਰਵਕ ਰੱਖਿਆ ਕੀਤੀ ਹੈ। ਇਹ ਜਹਾਜ਼ ਸਾਡੀ ਸਰਕਾਰ ਦੁਆਰਾ ਅਸਥਾਈ ਤੌਰ 'ਤੇ ਵਰਤਿਆ ਜਾਵੇਗਾ ਜਦੋਂ ਤੱਕ ਸਾਡਾ ਆਪਣਾ ਨਵਾਂ ਬੋਇੰਗ ਜਹਾਜ਼ ਤਿਆਰ ਨਹੀਂ ਹੋ ਜਾਂਦਾ। ਜਿਸਨੂੰ ਪ੍ਰਾਪਤ ਹੋਣ ਵਿੱਚ ਬਹੁਤ ਸਮਾਂ ਲੱਗ ਰਿਹਾ ਹੈ। ਟਰੰਪ ਨੇ ਕਿਹਾ, 'ਸਾਡੀ ਫੌਜ ਨੂੰ ਟੈਕਸਦਾਤਾਵਾਂ ਨੂੰ ਅਰਬਾਂ ਡਾਲਰ ਦਾ ਭੁਗਤਾਨ ਕਰਨ ਲਈ ਕਿਉਂ ਮਜਬੂਰ ਕੀਤਾ ਜਾਣਾ ਚਾਹੀਦਾ ਹੈ ਜਦੋਂ ਅਸੀਂ ਇਸਨੂੰ ਇੱਕ ਅਜਿਹੇ ਦੇਸ਼ ਤੋਂ ਤੋਹਫ਼ੇ ਵਜੋਂ ਪ੍ਰਾਪਤ ਕਰ ਰਹੇ ਹਾਂ ਜਿਸ ਲਈ ਅਸੀਂ ਚੰਗਾ ਕੰਮ ਕੀਤਾ ਹੈ। ਇਹ ਇੱਕ ਵੱਡੀ ਬੱਚਤ ਹੈ ਅਤੇ ਅਸੀਂ ਇਸ ਬਚੇ ਹੋਏ ਪੈਸੇ ਨੂੰ ਅਮਰੀਕਾ ਦੀ ਬਿਹਤਰੀ ਲਈ ਵਰਤ ਸਕਦੇ ਹਾਂ। ਸਿਰਫ਼ ਇੱਕ ਮੂਰਖ ਹੀ ਇਸ ਤੋਹਫ਼ੇ ਨੂੰ ਸਵੀਕਾਰ ਨਹੀਂ ਕਰੇਗਾ। ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲੀਨ ਲੇਵਿਟ ਨੇ ਕਿਹਾ ਕਿ 'ਇਸ ਸਰਕਾਰ ਨੂੰ ਮਿਲਣ ਵਾਲਾ ਕੋਈ ਵੀ ਦਾਨ ਕਾਨੂੰਨ ਅਨੁਸਾਰ ਲਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਟਰੰਪ 14 ਮਈ ਨੂੰ ਕਤਰ ਦੌਰੇ 'ਤੇ ਪਹੁੰਚਣਗੇ। ਜਿੱਥੇ ਕਤਰ ਸਰਕਾਰ ਉਨ੍ਹਾਂ ਨੂੰ 400 ਮਿਲੀਅਨ ਡਾਲਰ ਦਾ ਇੱਕ ਲਗਜ਼ਰੀ ਬੋਇੰਗ ਜਹਾਜ਼ ਤੋਹਫ਼ੇ ਵਜੋਂ ਦੇਵੇਗੀ। ਇਸਦਾ ਅਧਿਕਾਰਿਤ ਐਲਾਨ ਟਰੰਪ ਦੇ ਕਤਰ ਪਹੁੰਚਣ 'ਤੇ ਕੀਤਾ ਜਾ ਸਕਦਾ ਹੈ। ਇਹ ਜਹਾਜ਼ ਆਪਣੀ ਉੱਨਤ ਤਕਨਾਲੋਜੀ ਅਤੇ ਲਗਜ਼ਰੀ ਲਈ ਜਾਣਿਆ ਜਾਂਦਾ ਹੈ। ਇਸ ਕਰਕੇ, ਇਸ ਜਹਾਜ਼ ਨੂੰ ਫਲਾਇੰਗ ਪੈਲੇਸ ਵੀ ਕਿਹਾ ਜਾਂਦਾ ਹੈ। ਇਸ ਜਹਾਜ਼ ਵਿੱਚ ਲਗਜ਼ਰੀ ਸੂਟ, ਮਾਸਟਰ ਬੈੱਡਰੂਮ, ਕਾਨਫਰੰਸ ਰੂਮ, ਡਾਇਨਿੰਗ ਏਰੀਆ, ਲਾਉਂਜ ਅਤੇ ਬਾਥਰੂਮ ਵਰਗੀਆਂ ਸਹੂਲਤਾਂ ਹਨ। ਇਹ ਜਹਾਜ਼ 1100 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਉੱਡ ਸਕਦਾ ਹੈ। ਇਹ ਦੁਨੀਆ ਦਾ ਸਭ ਤੋਂ ਵੱਡਾ ਵਪਾਰਕ ਜਹਾਜ਼ ਹੈ। ਅਮਰੀਕੀ ਰਾਸ਼ਟਰਪਤੀ ਦਾ ਅਧਿਕਾਰਤ ਜਹਾਜ਼ ਬੋਇੰਗ 757 ਜੈੱਟ ਹੈ, ਜਿਸਨੂੰ ਦੁਨੀਆ ਏਅਰ ਫੋਰਸ ਵਨ ਵਜੋਂ ਜਾਣਦੀ ਹੈ। ਇਹ 90 ਦੇ ਦਹਾਕੇ ਦਾ ਜਹਾਜ਼ ਹੈ। ਹੁਣ ਅਮਰੀਕੀ ਸਰਕਾਰ ਇੱਕ ਨਵਾਂ ਏਅਰ ਫੋਰਸ ਵਨ ਹਾਸਲ ਕਰਨ ਦੀ ਪ੍ਰਕਿਰਿਆ ਵਿੱਚ ਹੈ।

# ਸਿੱਖ ਯੂਥ ਸਿਮਪੋਜ਼ੀਅਮ 2025: ਸਿਨਸਿਨੈਟੀ ਗੁਰਦੁਆਰਾ ਸਾਹਿਬ ਵਿਖੇ ਸਿੱਖ ਨੌਜਵਾਨਾਂ ਵੱਲੋਂ ਗੁਰਮਤਿ ਵਿਚਾਰਾਂ ਦੀ ਰੂਹਾਨੀ



ਸਿਨਸਿਨੈਟੀ, ਓਹਾਇਓ: ਅਮਰੀਕਾ ਦੇ ਓਹਾਇਓ ਸੂਬੇ ਦੇ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨੈਟੀ ਗੁਰਦੁਆਰਾ ਸਾਹਿਬ ਵਿਖੇ ਸਿੱਖ ਨੌਜਵਾਨਾਂ ਨੇ ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਵੱਲੋਂ ਕਰਵਾਏ ਗਏ ਸਾਲਾਨਾ ਸਿੱਖ ਯੂਥ ਸਿਮਪੋਜ਼ੀਅਮ 2025 ਦੇ ਸਥਾਨਕ ਪੱਧਰ ਦੇ ਮੁਕਾਬਲੇ ਵਿੱਚ ਭਾਗ ਲਿਆ। ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਿੱਖ ਨੌਜਵਾਨਾਂ ਲਈ ਇਹ ਇੱਕ ਵਿਲੱਖਣ ਮੰਚ ਹੈ ਜੋ ਉਹਨਾਂ ਵਿੱਚ ਵਿਚਾਰ ਕਰਨ, ਗੁਰਮਤਿ ਨੂੰ ਸਮਝਣ ਅਤੇ ਭਾਸ਼ਣ ਦੀ ਕਲਾ ਨੂੰ ਉਭਾਰਨ ਦੇ ਉਦੇਸ਼ ਨਾਲ ਕਰਵਾਇਆ ਜਾਂਦਾ ਹੈ। ਇਸ ਸਾਲ ਸਿਮਪੋਜ਼ੀਆ ਵਿੱਚ 6 ਸਾਲ ਤੋਂ ਲੈ ਕੇ 22 ਸਾਲ ਤੱਕ ਦੇ 28 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ। ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ ਜਨਵਰੀ ਮਹੀਨੇ ਇਕ ਕਿਤਾਬ ਅਤੇ ਤਿੰਨ ਸਵਾਲ ਦਿੱਤੇ ਜਾਂਦੇ ਹਨ। ਇਹਨਾਂ ਤਿੰਨ ਸਵਾਲਾਂ ਦੇ ਜਵਾਬ ਸਿਮਪੋਜ਼ੀਅਮ ਦੌਰਾਨ ਬੱਚਿਆਂ ਨੇ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੂੰ "ਸਾਕਾ ਚਮਕੌਰ", ਦੂਜੇ ਨੂੰ "ਸਿੱਖ ਸਾਖੀਜ਼", ਤੀਜੇ ਨੂੰ "ਸਿੱਖ ਇਤਿਹਾਸ ਦੀਆਂ ਚੋਣਵੀਆਂ ਸਾਖੀਆਂ" ਅਤੇ ਚੌਥੇ ਨੂੰ "ਦ ਮੈਸੇਜ ਆਫ ਗੁਰਬਾਣੀ" ਪੁਸਤਕ ਦਿੱਤੀ ਗਈ। ਹਰ ਸਾਲ ਵਾਂਗ ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਭਾਈਚਾਰੇ ਦੇ ਸੀਨੀਅਰ ਮੈਂਬਰ ਅਤੇ ਪਿਛਲੇ ਕਈ ਸਾਲਾਂ ਤੋਂ ਜੱਜ ਦੀ ਸੇਵਾ ਕਰ ਰਹੇ ਤਰਲੋਚਨ ਸਿੰਘ ਸੰਧਾਵਾਲੀਆ ਨੇ ਇਸ ਸਮਾਗਮ ਦੀ ਸਫਲਤਾ ਲਈ ਬੱਚਿਆਂ, ਅਧਿਆਪਕਾਂ, ਮਾਪਿਆਂ, ਸੇਵਾਦਾਰਾਂ ਅਤੇ ਪ੍ਰਬੰਧਕਾ ਦਾ ਧੰਨਵਾਦ ਕੀਤਾ ਅਤੇ ਵਧਾਈ ਦਿੱਤੀ। ਉਹਨਾਂ ਕਿਹਾ, "ਛੋਟੇ ਬੱਚਿਆਂ ਨੇ ਅੱਜ ਵੱਡੇ ਸੰਦੇਸ਼ ਦਿੱਤੇ, ਭਾਗ ਲੈਣ ਵਾਲੇ ਸਾਰੇ ਬੱਚੇ ਜੇਤੂ ਹਨ।"

ਸੇਵਾਦਾਰ ਅਸੀਸ ਕੌਰ ਨੇ ਕਿਹਾ, "ਸਿਮਪੋਜ਼ੀਅਮ ਦੀ ਤਿਆਰੀ ਲਈ ਵਿਸ਼ੇਸ਼ ਕਲਾਸਾਂ ਗੁਰਦੁਆਰਾ ਸਾਹਿਬ ਵਿਖੇ ਲਾਈਆਂ ਜਾਂਦੀਆ ਹਨ, ਜਿੱਥੇ ਬੱਚਿਆਂ ਨੂੰ ਗੁਰਮਤਿ, ਭਾਸ਼ਣ ਲਿਖਣ ਅਤੇ ਦੇਣ ਸੰਬੰਧੀ ਤਿਆਰੀ ਕਰਾਈ ਜਾਂਦੀ ਹੈ। ਸਮਾਗਮ ਵਾਲੇ ਦਿਨ ਹਰੇਕ ਬੱਚੇ ਦੀ ਮਿਹਨਤ ਉਹਨਾਂ ਦੇ ਭਾਸ਼ਣ ਰਾਹੀਂ ਸਾਫ ਝਲਕ ਰਹੀ ਸੀ।" ਭਾਗ ਲੈਣ ਵਾਲੇ ਬੱਚਿਆਂ ਨੂੰ ਪੁਰਸਕਾਰ ਅਤੇ ਕਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਸਾਲ ਸਿਨਸਿਨੈਟੀ ਤੋਂ ਜੇਤੂ ਅੱਠ ਬੱਚੇ, ਓਹਾਇਓ ਅਤੇ ਪੈਨਸਲਵੇਨੀਆਂ ਸੂਬੇ ਦੇ ਹੋਰਨਾਂ ਸ਼ਹਿਰਾਂ ਦੇ ਜੇਤੂਆਂ ਨਾਲ ਕਲੀਵਲੈਂਡ ਵਿਖੇ ਹੋਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਵਿਚ ਭਾਗ ਲੈਣਗੇ। ਇਸ ਸਲਾਨਾ ਸਮਾਗਮ ਮੌਕੇ ਮਰਹੂਮ ਜੈਪਾਲ ਸਿੰਘ ਨੂੰ ਵੀ ਯਾਦ ਕੀਤਾ ਗਿਆ ਜਿਸ ਨੇ ਸਿੱਖ ਨੌਜਵਾਨਾਂ ਨੂੰ ਸਾਲ ਦਰ ਸਾਲ ਨਿਰਸਵਾਰਥ ਅਤੇ ਪੂਰੀ ਤਨਦੇਹੀ ਨਾਲ ਸਿੱਖਿਆ ਅਤੇ ਮਾਰਗਦਰਸ਼ਨ ਕੀਤਾ। ਇਸ ਤੋਂ ਇਲਾਵਾ, ਹਾਲ ਹੀ ਵਿੱਚ 12ਵੀ ਜਮਾਤ, ਕਾਲਜ ਜਾਂ ਯੂਨੀਵਰਸਿਟਤੀ ਦੀ ਡਿਗਰੀ ਪੂਰੀ ਕਰਕੇ ਗ੍ਰੈਜੂਏਟ ਹੋਏ ਬੀਤੇ ਸਾਲਾਂ ਦੇ ਭਾਗ ਲੈਣ ਵਾਲੇ ਨੌਜਵਾਨ ਬੱਚੇ ਅਤੇ ਬੱਚੀਆਂ ਨੂੰ ਵੀ ਵਿਸ਼ੇਸ਼ ਅਵਾਰਡ ਦਿੱਤੇ ਗਏ।

ਪੇਸ਼ਕਸ਼- ਸਮੀਪ ਸਿੰਘ ਗੁਮਟਾਲਾ

# ਅਮਰੀਕਾ 'ਚ ਭਾਰਤੀ ਮੂਲ ਦੇ ਵਿਦਿਆਰਥੀ ਦੀ ਦਰਦਨਾਕ ਮੌਤ



ਅਮਰੀਕਾ ਤੋਂ ਇਕ ਹੋਰ ਮੰਦਭਾਗੀ ਖ਼ਬਰ ਆਈ ਹੈ। ਇਥੇ ਭਾਰਤੀ ਮੂਲ ਦੇ ਵਿਦਿਆਰਥੀ ਦੀ ਗ੍ਰੈਜੂਏਸ਼ਨ ਪੂਰੀ ਕਰਨ ਤੋਂ ਕੁਝ ਦਿਨ ਪਹਿਲਾਂ ਬਹਾਮਾਸ ਵਿੱਚ ਇੱਕ ਹੋਟਲ ਦੀ ਬਾਲਕੋਨੀ ਤੋਂ ਡਿੱਗਣ ਕਾਰਨ ਮੌਤ ਹੋ ਗਈ।

ਮ੍ਰਿਤਕ ਦੀ ਪਹਿਚਾਣ ਗੌਰਵ ਜੈਸਿੰਘ ਵਜੋਂ ਹੋਈ ਹੈ, ਜੋ ਕਿ ਵਾਲਥਮ, ਮੈਸੇਚਿਉਸੇਟਸ ਵਿੱਚ ਬੈਂਟਲੇ ਯੂਨੀਵਰਸਿਟੀ ਦਾ ਵਿਦਿਆਰਥੀ ਸੀ ਅਤੇ ਕਾਲਜ ਦੇ ਵਿਦਿਆਰਥੀਆਂ ਨਾਲ ਸਾਲਾਨਾ ਯਾਤਰਾ ਲਈ ਬਹਾਮਾਸ ਗਿਆ ਸੀ। ਇਸ ਦੌਰਾਨ, ਐਤਵਾਰ ਨੂੰ ਉਸ ਦੀ ਮੌਤ ਹੋ ਗਈ।

ਬੈਂਟਲੇ ਯੂਨੀਵਰਸਿਟੀ ਨੇ X 'ਤੇ ਇੱਕ ਪੋਸਟ ਵਿੱਚ ਕਿਹਾ ਕਿ 'ਸਾਡਾ ਭਾਈਚਾਰਾ ਗੌਰਵ ਜੈਸਿੰਘ (25) ਦੀ ਮੌਤ ਨਾਲ ਡੂੰਘੇ ਸਦਮੇ ਵਿਚ ਹੈ। ਸਾਡੀ ਹਮਦਰਦੀ ਗੌਰਵ ਦੇ ਪਰਿਵਾਰ ਅਤੇ ਦੋਸਤਾਂ ਨਾਲ ਹੈ। ਅਸੀਂ 17 ਮਈ ਨੂੰ ਹੋਣ ਵਾਲੇ ਅੰਡਰਗ੍ਰੈਜੂਏਟ ਸ਼ੁਰੂਆਤ ਸਮਾਰੋਹ ਵਿੱਚ ਗੌਰਵ ਦਾ ਸਨਮਾਨ ਕਰਨ ਦੀ ਯੋਜਨਾ ਬਣਾ ਰਹੇ ਹਾਂ।'

# ਬਲੋਚਿਸਤਾਨ 'ਚ ਪਹਿਲੀ ਹਿੰਦੂ ਮਹਿਲਾ ਬਣੀ ਸਹਾਇਕ ਕਮਿਸ਼ਨਰ



ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿਚ ਇਕ ਹਿੰਦੂ ਕੁੜੀ, ਕਸ਼ਿਸ਼ ਚੌਧਰੀ ਨੇ ਇਤਿਹਾਸ ਰਚ ਦਿਤਾ ਹੈ, ਜੋ ਵੱਖਵਾਦ ਦੇ ਤੂਫਾਨ ਨਾਲ ਜੂਝ ਰਿਹਾ ਹੈ। ਕਸ਼ਿਸ਼ ਚੌਧਰੀ ਸਹਾਇਕ ਕਮਿਸ਼ਨਰ ਬਣਨ ਵਾਲੀ ਸੂਬੇ ਦੀ ਪਹਿਲੀ ਹਿੰਦੂ ਅਤੇ ਘੱਟ ਗਿਣਤੀ ਔਰਤ ਬਣ ਗਈ ਹੈ। ਉਸ ਦੀ ਪ੍ਰਾਪਤੀ ਦੀ ਪਾਕਿਸਤਾਨ ਵਿਚ ਚਰਚਾ ਹੋ ਰਹੀ ਹੈ। ਪਾਕਿਸਤਾਨ ਦੇ ਬਲੋਚਿਸਤਾਨ ਵਿਚ ਇਕ ਹਿੰਦੂ ਕੁੜੀ ਨੇ ਇਤਿਹਾਸ ਰਚ ਦਿੱਤਾ ਹੈ।

25 ਸਾਲਾ ਕਸ਼ਿਸ਼ ਚੌਧਰੀ ਨੂੰ ਸਹਾਇਕ ਕਮਿਸ਼ਨਰ ਦੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ। ਉਹ ਬਲੋਚਿਸਤਾਨ ਦੀ ਪਹਿਲੀ ਹਿੰਦੂ ਔਰਤ ਹੈ ਅਤੇ ਨਾਲ ਹੀ ਘੱਟ ਗਿਣਤੀ ਭਾਈਚਾਰੇ ਦੀ ਪਹਿਲੀ ਔਰਤ ਹੈ ਜਿਸ ਨੂੰ ਇਸ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਨਿਯੁਕਤੀ ਅਜਿਹੇ ਸਮੇਂ ਹੋਈ ਹੈ ਜਦੋਂ ਬਲੋਚਿਸਤਾਨ ਵਿਚ ਵੱਖਵਾਦੀ ਹਥਿਆਰਬੰਦ ਲਹਿਰ ਤੇਜ਼ ਹੋ ਗਈ ਹੈ।

ਕਸ਼ਿਸ਼ ਚੌਧਰੀ ਨੇ ਆਪਣੇ ਪਿਤਾ ਗਿਰਧਾਰੀ ਲਾਲ ਨਾਲ ਸੋਮਵਾਰ ਨੂੰ ਕਵੇਟਾ 'ਚ ਬਲੋਚਿਸਤਾਨ ਦੇ ਮੁੱਖ ਮੰਤਰੀ ਸਰਫਰਾਜ਼ ਬੁਗਤੀ ਨਾਲ ਮੁਲਾਕਾਤ ਕੀਤੀ। ਕਸ਼ਿਸ਼ ਨੇ ਮੁੱਖ ਮੰਤਰੀ ਬੁਗਤੀ ਨਾਲ ਆਪਣੀ ਮੁਲਾਕਾਤ ਦੌਰਾਨ ਕਿਹਾ ਕਿ ਉਹ ਔਰਤਾਂ ਅਤੇ ਘੱਟ ਗਿਣਤੀਆਂ ਦੇ ਸਸ਼ਕਤੀਕਰਨ ਅਤੇ ਸੂਬੇ ਦੇ ਸਮੁੱਚੇ ਵਿਕਾਸ ਲਈ ਕੰਮ ਕਰੇਗੀ।

ਮੀਡੀਆ ਨਾਲ ਗੱਲਬਾਤ ਕਰਦਿਆਂ ਗਿਰਧਾਰੀ ਲਾਲ ਨੇ ਕਿਹਾ, ਇਹ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਮੇਰੀ ਧੀ ਆਪਣੀ ਮਿਹਨਤ ਅਤੇ ਵਚਨਬੱਧਤਾ ਕਾਰਨ ਸਹਾਇਕ ਕਮਿਸ਼ਨਰ ਬਣੀ ਹੈ, ਨਿਊਜ਼ ਏਜੰਸੀ ਪੀਟੀਆਈ ਦੀ ਰਿਪੋਰਟ ਅਨੁਸਾਰ। ਲਾਲ ਨੇ ਕਿਹਾ ਕਿ ਉਸ ਦੀ ਧੀ ਦਾ ਹਮੇਸ਼ਾ ਸੁਪਨਾ ਸੀ ਕਿ ਉਹ ਪੜ੍ਹਾਈ ਕਰੇ ਅਤੇ ਔਰਤਾਂ ਲਈ ਕੁਝ ਕਰੇ।




# ਪੰਜਾਬ-ਹਰਿਆਣਾ ਜਲ ਵਿਵਾਦ: ਹਾਈ ਕੋਰਟ ਨੇ ਕੇਂਦਰ, ਹਰਿਆਣਾ ਤੇ ਬੀਬੀਐਮਬੀ ਨੂੰ ਭੇਜਿਆ ਨੋਟਿਸ



ਚੰਡੀਗੜ੍ਹ: ਭਾਖੜਾ ਡੈਮ ਦੇ ਪਾਣੀ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਵਿਚਾਲੇ ਚੱਲ ਰਹੇ ਵਿਵਾਦ 'ਤੇ ਹਾਈ ਕੋਰਟ ਵਿੱਚ ਸੁਣਵਾਈ ਹੋਈ ਹੈ। ਇਸ ਸੁਣਵਾਈ ਦੌਰਾਨ, ਹਾਈ ਕੋਰਟ ਨੇ ਕੇਂਦਰ, ਹਰਿਆਣਾ ਅਤੇ ਬੀਬੀਐਮਬੀ (ਭਾਖੜਾ ਬਿਆਸ ਪ੍ਰਬੰਧਨ ਬੋਰਡ) ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਨੋਟਿਸ ਪੰਜਾਬ ਸਰਕਾਰ ਵੱਲੋਂ ਸਮੀਖਿਆ ਪਟੀਸ਼ਨ ਤੋਂ ਬਾਅਦ ਜਾਰੀ ਕੀਤਾ ਗਿਆ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 20 ਮਈ ਨੂੰ ਹੋਵੇਗੀ।

ਬੀਬੀਐਮਬੀ ਦੀ ਮੀਟਿੰਗ ਅੱਜ ਹੋਣੀ ਸੀ। ਇਸ ਮੀਟਿੰਗ ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਇੰਜੀਨੀਅਰ ਸ਼ਾਮਿਲ ਹੋਣ ਵਾਲੇ ਸਨ। ਪਰ ਇਹ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਹੈ। ਹੁਣ ਇਹ ਮੀਟਿੰਗ ਕੱਲ੍ਹ ਹੋਵੇਗੀ, ਜਿਸ ਵਿੱਚ ਪਾਣੀ ਛੱਡਣ ਲਈ ਰਣਨੀਤੀ ਤਿਆਰ ਕੀਤੀ ਜਾਵੇਗੀ। ਦਰਅਸਲ, ਹਰਿਆਣਾ ਸਰਕਾਰ ਭਾਖੜਾ ਤੋਂ 8.5 ਹਜ਼ਾਰ ਕਿਊਸਿਕ ਪਾਣੀ ਦੀ ਮੰਗ ਕਰ ਰਹੀ ਹੈ। ਜਦੋਂ ਕਿ ਪੰਜਾਬ ਸਿਰਫ਼ 4 ਹਜ਼ਾਰ ਕਿਊਸਿਕ ਪਾਣੀ ਦੇਣ ਲਈ ਤਿਆਰ ਹੈ।

ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਹਰਿਆਣਾ ਨੇ ਆਪਣੇ ਹਿੱਸੇ ਦੇ ਪਾਣੀ ਦੀ ਵਰਤੋਂ ਕਰ ਲਈ ਹੈ। ਇਸ ਮੁੱਦੇ ਨੂੰ ਲੈ ਕੇ ਦੋਵਾਂ ਰਾਜਾਂ ਦੇ ਮੁੱਖ ਸਕੱਤਰਾਂ ਅਤੇ ਭਾਖੜਾ ਬਿਆਸ ਬੋਰਡ ਪ੍ਰਬੰਧਨ ਦੇ ਅਧਿਕਾਰੀਆਂ ਵਿਚਕਾਰ ਇੱਕ ਮੀਟਿੰਗ ਹੋਈ, ਜੋ ਕਿ ਬੇਸਿੱਟਾ ਰਹੀ। ਦੋਵਾਂ ਰਾਜਾਂ ਦੀਆਂ ਸਰਕਾਰਾਂ ਨੇ ਪਾਣੀ ਦੇ ਮੁੱਦੇ 'ਤੇ ਸਰਬ-ਪਾਰਟੀ ਮੀਟਿੰਗ ਬੁਲਾਈ ਹੈ। ਦੋਵੇਂ ਸੂਬੇ ਪਾਣੀ ਲਈ ਆਹਮੋ-ਸਾਹਮਣੇ ਆ ਗਏ ਹਨ। ਇਸ ਦੌਰਾਨ, ਹਰਿਆਣਾ ਸਰਕਾਰ ਇਸ ਮਾਮਲੇ ਨੂੰ ਲੈ ਕੇ ਸੁਪਰੀਮ ਕੋਰਟ ਜਾ ਰਹੀ ਹੈ, ਤਾਂ ਜੋ ਇਸ ਮਾਮਲੇ ਨੂੰ ਜਲਦੀ ਤੋਂ ਜਲਦੀ ਹੱਲ ਕੀਤਾ ਜਾ ਸਕੇ।

# 'ਬੀਵੀਡੀ ਗਰੁੱਪ ਬਰੈਂਪਟਨ ਹਾਫ਼-ਮੈਰਾਥਨ' 'ਚ ਭਾਗ ਲੈਣ ਲੋਕਾਂ 'ਚ ਭਾਰੀ ਉਤਸ਼ਾਹ

## * 1100 ਤੋਂ ਵਧੀਕ ਦੌੜਾਕਾਂ ਤੇ ਵਾੱਕਰਾਂ ਨੇ ਹੁਣ ਤੱਕ ਕਰਵਾਈ ਰਜਿਸਟ੍ਰੇਸ਼ਨ ਟੀਪੀਏਆਰ ਕਲੱਬ ਦੇ 86 ਮੈਂਬਰ ਲੈ ਰਹੇ ਨੇ, ਇਸ ਈਵੈਂਟ 'ਚ ਹਿੱਸਾ * 200 ਤੋਂ ਵਧੀਕ ਵਾਲੰਟੀਅਰ ਸੰਭਾਲਣਗੇ ਆਪਣੀਆਂ ਡਿਊਟੀਆਂ








ਬਰੈਂਪਟਨ, (ਡਾ. ਝੰਡ): ਐਤਵਾਰ 25 ਮਈ ਨੂੰ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਵਿੱਚ ਕਰਵਾਈ ਜਾ ਰਹੀ 'ਬੀਵੀਡੀ ਗਰੁੱਪ ਬਰੈਂਪਟਨ ਹਾਫ਼-ਮੈਰਾਥਨ' ਲਈ ਤਿਆਰੀਆਂ ਇਸ ਸਮੇਂ ਪੂਰੇ ਜੋਬਨ 'ਤੇ ਹਨ। ਹੁਣ ਤੀਕ 1100 ਤੋਂ ਵਧੀਕ ਦੌੜਾਕ ਤੇ ਵਾੱਕਰ ਇਸ ਵਿੱਚ ਹੋਣ ਵਾਲੀਆਂ ਵੱਖ-ਵੱਖ ਦੌੜਾਂ ਲਈ ਆਪਣੀ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ। ਇਸ ਦੇ ਨਾਲ ਹੀ 200 ਤੋਂ ਵਧੇਰੇ ਵਾਲੰਟੀਆਂ ਆਪਣੀਆਂ ਡਿਊਟੀਆਂ ਸੰਭਾਲਣ ਲਈ ਤਿਆਰ-ਬਰ-ਤਿਆਰ ਹਨ। ਇਸ ਵਾਰ ਲੋਕਾਂ ਵਿੱਚ ਪਿਛਲੇ ਸਾਲ ਨਾਲੋਂ ਹੋਰ ਵੀ ਵਧੇਰੇ ਉਤਸ਼ਾਹ ਦਿਖਾਈ ਦੇ ਰਿਹਾ ਹੈ। ਇਹ ਈਵੈਂਟ ਬਰੈਂਪਟਨ ਸ਼ਹਿਰ ਤੱਕ ਹੀ ਸੀਮਤ ਨਹੀਂ ਹੈ, ਸਗੋਂ ਇਹ ਪੂਰੇ ਪੀਲ ਰੀਜਨ, ਆਸੇ ਪਾਸੇ ਦੇ ਹੋਰ ਸ਼ਹਿਰਾਂ ਅਤੇ ਉਨ੍ਹਾਂ ਤੋਂ ਅੱਗੇ ਵੀ ਆਪਣੇ ਪੈਰ ਪਸਾਰ ਰਿਹਾ ਹੈ। ਇਹ ਈਵੈਂਟ ਛੇ ਸਥਾਨਕ ਚੈਰਿਟੀਆਂ ਦੀ ਸਾਂਝੀ ਸੰਸਥਾ 'ਇੰਸਪੀਰੇਸ਼ਨਲ ਸਟੈੱਪਸ' ਵੱਲੋਂ ਆਯੋਜਿਤ ਕੀਤਾ ਜਾਂਦਾ ਹੈ ਜਿਸ ਵਿੱਚ 'ਐੱਨਲਾਈਟ ਕਿੱਡਜ਼', 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ', 'ਸਹਾਇਤਾ', 'ਪਿੰਗਲਵਾੜਾ', 'ਡਰੱਗ ਅਵੇਅਰਨੈੱਸ ਸੋਸਾਇਟੀ ਆਫ਼ ਟੋਰਾਂਟੋ' ਅਤੇ 'ਤਰਕਸ਼ੀਲ ਸੋਸਾਇਟੀ' ਸ਼ਾਮਲ ਹਨ। ਇਨ੍ਹਾਂ ਦਾ ਸਾਂਝਾ ਮੰਤਵ ਲੋਕਾਂ ਵਿੱਚ ਨਾ ਕੇਵਲ ਚੰਗੀ ਸਿਹਤ ਤੇ ਤੰਦਰੁਸਤੀ ਨੂੰ ਹੀ ਉਤਸ਼ਾਹਿਤ ਕਰਨਾ ਹੈ, ਬਲਕਿ ਸਿਹਤ ਪ੍ਰਤੀ ਜਾਗਰੂਕਤਾ ਫ਼ੈਲਾਉਣਾ ਅਤੇ ਕਮਿਊਨਿਟੀ ਦੀ ਭਲਾਈ ਲਈ ਫ਼ੰਡ ਇਕੱਠਾ ਕਰਨਾ ਵੀ ਹੈ ਤਾਂ ਜੋ ਉਸ ਦੇ ਨਾਲ ਲੋੜਵੰਦ ਵਿਅੱਕਤੀਆਂ ਦੀ ਸਹਾਇਤਾ ਕੀਤੀ ਜਾ ਸਕੇ। ਇਸ ਈਵੈਂਟ ਵਿੱਚ ਹਾਫ਼-ਮੈਰਾਥਨ, 10 ਕਿਲੋਮੀਟਰ, 5 ਕਿਲੋਮੀਟਰ ਮੁਕਾਬਲੇ ਦੀਆਂ ਦੌੜਾਂ ਕਰਵਾਈਆਂ ਜਾਂਦੀਆਂ ਹਨ ਅਤੇ ਮਰਦਾਂ ਤੇ ਔਰਤਾਂ ਦੀਆਂ ਕੈਟਾਗਰੀਆਂ ਵਿੱਚ ਪਹਿਲੀਆਂ ਤਿੰਨ ਪੋਜ਼ੀਸ਼ਨਾਂ 'ਤੇ ਆਉਣ ਵਾਲਿਆਂ ਨੂੰ ਨਕਦ ਤੇ ਹੋਰ ਕਈ ਇਨਾਮ ਦਿੱਤੇ ਜਾਂਦੇ ਹਨ। 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀਪੀਏਆਰ ਕਲੱਬ) ਦੇ 86 ਮੈਂਬਰ ਇਸ ਈਵੈਂਟ ਵਿੱਚ ਵੱਖ-ਵੱਖ ਦੌੜਾਂ ਵਿੱਚ ਭਾਗ ਲੈ ਰਹੇ ਹਨ। ਇਸ ਤੋਂ ਇਲਾਵਾ ਛੋਟੇ ਬੱਚਿਆਂ ਅਤੇ ਸੀਨੀਅਰਾਂ ਦੀਆਂ 400 ਮੀਟਰ ਅਤੇ ਇੱਕ ਕਿਲੋਮੀਟਰ ਦੌੜਾਂ ਵੀ ਹੁੰਦੀਆਂ ਹਨ ਜਿਨ੍ਹਾਂ ਇੱਚ ਉਹ ਬੜੇ ਉਤਸ਼ਾਹ ਨਾਲ ਭਾਗ ਲੈਂਦੇ ਹਨ। 'ਬਰੈਂਪਟਨ ਬੈਂਡਰਜ਼ ਰੱਨਿੰਗ ਕਲੱਬ' ਦੇ ਮੈਂਬਰ ਦੌੜਨ ਦੇ ਨਾਲ ਨਾਲ ਲੌਜਿਸਟਿਕ ਸਹਾਇਤਾ ਵਿੱਚ ਵੀ ਮਦਦ ਕਰਦੇ ਹਨ। 'ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ' ਅਤੇ 'ਰੱਨ ਫ਼ਾਰ ਵੈਟਰਨਜ਼' ਦੇ ਸੀਨੀਅਰ ਮੈਂਬਰ ਵੀ ਪਿਛਲੇ ਸਾਲ ਵਾਂਗ ਇਸ ਵਾਰ ਬੜੇ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ। ਜ਼ਿਕਰਯੋਗ ਹੈ ਕਿ 'ਬੀਵੀਡੀ ਗਰੁੱਪ ਬਰੈਂਪਟਨ ਹਾਫ਼-ਮੈਰਾਥਨ' ਮਹਿਜ਼ ਇੱਕ 'ਰੇਸ' ਨਹੀਂ ਹੈ, ਸਗੋਂ ਇਹ ਤਾਂ ਕਮਿਊਨਿਟੀਆਂ, ਚੈਰਿਟੀਆਂ ਅਤੇ ਪੱਕੇ ਇਰਾਦਿਆਂ ਦਾ ਸਮੂਹਿਕ ਜਸ਼ਨ ਹੈ ਜਿਸ ਵਿੱਚ ਲੋਕ ਪਰਿਵਾਰਾਂ ਸਮੇਤ ਸ਼ਾਮਲ ਹੁੰਦੇ ਹਨ। ਇਸ ਦੌਰਾਨ ਕੋਈ ਵੀ ਵਿਅੱਕਤੀ ਭਾਵੇਂ ਉਹ ਕਿਸੇ ਦੌੜ ਵਿੱਚ ਹਿੱਸਾ ਲੈ ਰਿਹਾ ਹੈ ਜਾਂ ਸੜਕ ਦੇ ਪਾਸੇ ਖੜੇ ਹੋ ਕੇ ਦੌੜਾਕਾਂ ਨੂੰ ਹੱਲਾਸ਼ੇਰੀ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰ ਰਿਹਾ ਹੈ ਜਾਂ ਫਿਰ ਇਸ ਈਵੈਂਟ ਵਿੱਚ ਵਾਲੰਟੀਅਰ ਵਜੋਂ ਕਿਸੇ ਵੀ ਤਰ੍ਹਾਂ ਦੀ ਸੇਵਾ ਕਰ ਰਿਹਾ ਹੈ, ਇਸ ਵੱਡੇ ਈਵੈਂਟ ਵਿੱਚ ਉਸ ਦਾ ਇਹ ਵੱਡਾ ਯੋਗਦਾਨ ਹੈ। ਈਵੈਂਟ ਦੇ ਪ੍ਰਬੰਧਕਾਂ ਵੱਲੋਂ ਸਾਰਿਆਂ ਨੂੰ ਪਰਿਵਾਰਾਂ ਸਮੇਤ ਇਸ ਈਵੈਂਟ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਦੌੜ ਦੇ ਕਿਸੇ ਵੀ ਈਵੈਂਟ ਵਿੱਚ ਭਾਗ ਲੈਣ ਲਈ ਇਸ ਈਵੈਟ ਦੀ ਵੈੱਬਸਾਈਟ www.bramptonmarathon.org 'ਤੇ ਜਾ ਕੇ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ ਜਾਂ ਇਸ ਦੇ ਪ੍ਰਬੰਧਕ ਪਾਲ ਬੈਂਸ ਨੂੰ 647-893-3656 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੈਨਾਹਿਲ ਸੀਨੀਅਰਜ਼;ਕਲੱਬ ਨੇ ਖਾਲਸਾ ਪੰਥ ਦਾ ਸਾਜਣਾ ਦਿਵਸ ਮਨਾਇਆ



(ਬਰੈਂਪਟਨ/ਬਾਸੀ ਹਰਚੰਦ): ਬੇਸ਼ੱਕ ਵਿਸਾਖੀ ਪੰਜਾਬ ਦਾ ਪ੍ਰਸਿੱਧ ਸੱਭਿਆਚਾਰਕ ਤਿਉਹਾਰ ਵੀ ਹੈ । ਪਰ ਇਸ ਦੇ ਨਾਲ ਸਿੱਖਾਂ ਦੇ ਲਈ ਵਿਸਾਖ ਦੇ ਮਹੀਨੇ ਦੀ ਪਹਿਲੀ ਤਰੀਕ ਬਹੁਤ ਹੀ ਮਹਾਨਤਾ ਰੱਖਦੀ ਹੈ । ਇਸ ਦਿਨ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਰਤ ਦੇ ਇਤਿਹਾਸ ਵਿੱਚ ਅਲੌਕਿਕ ਘਟਨਾ ਵਾਪਰੀ ਜਿਸ ਨੇ ਲੋਕਾਂ ਦੀ ਜਿੰਦਗੀ ਅਤੇ ਜਿੰਦਗੀ ਦਾ ਮਿਸ਼ਨ ਹੀ ਬਦਲ ਦਿਤਾ। ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਹਰ ਸਿੱਖ ਅਨੁਆਈ ਨੂੰ ਜ਼ੁਲਮ ਵਿਰੁਧ ਲੜਣ ਲਈ ਨਿਡਰ ਬਣਾ ਦਿਤਾ । ਇੱਕ ਅਜਿਹਾ ਖਾਲਸਾ ਪੰਥ ਸਜਾ ਦਿਤਾ ਜਿਸ ਦੀ ਮਿਸਾਲ ਦੁਨੀਆਂ ਵਿੱਚ ਕਿਧਰੇ ਨਹੀਂ ਮਿਲਦੀ। ਪਹਿਲੀ ਵਿਸਾਖ ਨੂੰ ਸਿੱਖ ਅਨੁਆਈ ਇਸ ਦਿਨ ਨੂੰ ਬੜੀ ਸ਼ਰਧਾਂ ਨਾਲ ਮਨਾ ਕੇ ਆਪਣੇ ਮਹਾਨ ਬੇਮਿਸਾਲ ਗੁਰੂ ਜੀ ਦੀ ਸਿਖਿਆ ਨੂੰ ਅਪਣੇ ਮਨਾਂ ਦੀ ਧਾਰਨਾ ਬਣਾਉਂਦੇ ਹਨ। ਇਸ ਦਿਹਾੜੇ ਨੂੰ ਮੁੱਖ ਰੱਖਦਿਆਂ ਪੈਨਾਹਿਲ ਸੀਨੀਅਰਜ ਕਲੱਬ ਨੇ ਇਹ ਦਿਹਾੜਾ ਪੈਨਾਹਿਲ ਪਾਰਕ ਵਿਖੇ ਮਨਾਇਆ। ਲੱਗ ਪੱਗ ਇੱਕ ਅੱਸੀ ਦੇ ਕਰੀਬ ਸੰਗਤ ਪਾਰਕ ਵਿੱਚ ਇਕੱਤਰ ਹੋ ਗਈ। ਜੰਗੀਰ ਸਿੰਘ ਸੈਭੀਂ ਪ੍ਰਧਾਨ ਅਸੋਸੀਏਸ਼ਨ ਆਫ ਸੀਂਨੀਅਰਜ਼ ਕਲੱਬ ਅਤੇ ਹਰਚੰਦ ਸਿੰਘ ਬਾਸੀ ਨੇ ਆਈ ਸੰਗਤ ਨੂੰ ਵਿਸਾਖੀ ਦਿਹਾੜੇ ਦੀ ਮਹਾਨਤਾ ਬਾਰੇ ਸੰਬੋਧਨ ਕੀਤਾ। ਅਵਤਾਰ ਸਿੰਘ ਪ੍ਰਧਾਨ, ਕੁਲਵੰਤ ਸਿੰਘ ਜੰਜੂਆ ਸਕੱਤਰ, ਸੁਖਦੇਵ ਸਿੰਘ ਮਾਨ, ਬਲਦੇਵ ਕ੍ਰਿਸ਼ਨ , ਮਾਸਟਰ ਮਹਿੰਦਰ ਸਿੰਘ, ਨਿਰਮਲ ਸਿੰਘ ਖੰਘੂੜਾਂ, ਛਿੰਦਰ ਸਿਘ, ਜਗਤਾਰ ਸਿੰਘ ਮੋਰਾਂ ਵਾਲੀ, ਸੁਖਦੇਵ ਸਿੰਘ ਮੂਕਰ , ਜਸਵੰਤ ਸਿੰਘ ਕੋਕਰੀ, ਸੁਖਦੇਵ ਸਿੰਘ ,ਜਸਵਿੰਦਰ ਸਿੰਘ ਰੱਖੜਾ, ਰਣਜੀਤ ਸਿੰਘ ਜੌਹਲ ਆਦਿ ਨੇ ਸੰਗਤਾਂ ਦੀ ਸੇਵਾ ਕਰਨ ਲਈ ਮਠਿਆਈ ਚਾਹ ਪਾਣੀ ਆਦਿ ਦਾ ਬਹੁਤ ਹੀ ਸੁਚੱਜਾ ਅਤੇ ਖੁੱਲਾ ਡੁੱਲਾ ਪ੍ਰਬੰਧ ਕੀਤਾ । ਇੱਕ ਬੀਬੀ ਘਰ ਤੋਂ ਸ਼ਰਧਾ ਨਾਲ ਪ੍ਰਸ਼ਾਦ ਦੀ ਦੇਗ ਬਣਾ ਕੇ ਲਿਆਈ ਜੋ ਸੰਗਤਾਂ ਵਿੱਚ ਵਰਤਾਈ ਗਈ। ਬੀਬੀਆਂ ਬੱਚਿਆਂ ਅਤੇ ਆਦਮੀਆ ਨੇ ਬੜੇ ਉਤਸ਼ਾਹ ਨਾਲ ਸਮਾਗਮ ਵਿੱਚ ਹਿਸਾ ਲਿਆਂ। ਰੈਡ ਵਿਲੋ ਕਲੱਬ ਤੋਂ ਅਮਰਜੀਤ ਸਿੰਘ, ਡੌਨ ਮਨਾਕਰ ਕਲੱਬ ਤੋਂ ਅਮਰੀਕ ਸਿੰਘ ਕੁਮਰੀਆ ਸ਼ਾਮਲ ਹੋਏ। ਸਿਟੀ ਕੌਂਸਲਰ ਰੌਡ ਪਾਵਰ ਵਿਸ਼ੇਸ਼ ਸੱਦੇ ਤੇ ਸ਼ਾਮਲ ਹੋਏ ਉਹਨਾਂ ਨਾਲ ਪਾਰਕ ਅਤੇ ਆਲੇ ਦੁਆਲੇ ਦੀਆਂ ਸਮੱਸਿਆਵਾਂ ਦਾਵਿਚਾਰ ਵਟਾਂਦਰਾ ਕੀਤਾ ਉਹਨਾਂ ਗੰਭੀਰਤਾ ਨਾਲ ਵਿਚਾਰ ਕਰਕੇ ਸਮੱਸਿਆਵਾਂ ਦੇ ਹੱਲ ਕਰਨ ਦਾ ਭਰੋਸਾ ਦਿਤਾ। ਲੱਗ ਪੱਗ ਦੋ ਢਾਈ ਘੰਟੇ ਪ੍ਰੋਗਰਾਮ ਚੱਲਿਆ । ਅੰਤ ਵਿੱਚ ਕੁਲਵੰਤ ਸਿਘ ਜੰਜੂਆ ਕਲੱਬ ਦੇ ਸਕੱਤਰ ਨੇ ਪ੍ਰੋਗਰਾਮ ਵਿੱਚ ਸ਼ਾਮਲ ਸਾਰੀ ਸੰਗਤ ਦਾ ਧੰਨਵਾਦ ਕੀਤਾ।

# ਸਿੱਖ ਯੂਥ ਸਿਮਪੋਜ਼ੀਅਮ 2025: ਸਿਨਸਿਨੈਟੀ ਗੁਰਦੁਆਰਾ ਸਾਹਿਬ ਵਿਖੇ ਸਿੱਖ ਨੌਜਵਾਨਾਂ ਵੱਲੋਂ ਗੁਰਮਤਿ ਵਿਚਾਰਾਂ ਦੀ ਰੂਹਾਨੀ ਪੇਸ਼ਕਸ਼



ਸਿਨਸਿਨੈਟੀ, ਓਹਾਇਓ : ਅਮਰੀਕਾ ਦੇ ਓਹਾਇਓ ਸੂਬੇ ਦੇ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨੈਟੀ ਗੁਰਦੁਆਰਾ ਸਾਹਿਬ ਵਿਖੇ ਸਿੱਖ ਨੌਜਵਾਨਾਂ ਨੇ ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਵੱਲੋਂ ਕਰਵਾਏ ਗਏ ਸਾਲਾਨਾ ਸਿੱਖ ਯੂਥ ਸਿਮਪੋਜ਼ੀਅਮ 2025 ਦੇ ਸਥਾਨਕ ਪੱਧਰ ਦੇ ਮੁਕਾਬਲੇ ਵਿੱਚ ਭਾਗ ਲਿਆ। ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਕਨਵੀਨਰ ਸਮੀਪ ਸਿੰਘ ਗਮਟਾਲਾ ਨੇ ਦੱਸਿਆ ਕਿ ਸਿੱਖ ਨੌਜਵਾਨਾਂ ਲਈ ਇਹ ਇੱਕ ਵਿਲੱਖਣ ਮੰਚ ਹੈ ਜੋ ਉਹਨਾਂ ਵਿੱਚ ਵਿਚਾਰ ਕਰਨ, ਗੁਰਮਤਿ ਨੂੰ ਸਮਝਣ ਅਤੇ ਭਾਸ਼ਣ ਦੀ ਕਲਾ ਨੂੰ ਉਭਾਰਨ ਦੇ ਉਦੇਸ਼ ਨਾਲ ਕਰਵਾਇਆ ਜਾਂਦਾ ਹੈ।

ਇਸ ਸਾਲ ਸਿਮਪੋਜ਼ੀਆ ਵਿੱਚ 6 ਸਾਲ ਤੋਂ ਲੈ ਕੇ 22 ਸਾਲ ਤੱਕ ਦੇ 28 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ। ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ ਜਨਵਰੀ ਮਹੀਨੇ ਇਕ ਕਿਤਾਬ ਅਤੇ ਤਿੰਨ ਸਵਾਲ ਦਿੱਤੇ ਜਾਂਦੇ ਹਨ। ਇਹਨਾਂ ਤਿੰਨ ਸਵਾਲਾਂ ਦੇ ਜਵਾਬ ਸਿਮਪੋਜ਼ੀਅਮ ਦੌਰਾਨ ਬੱਚਿਆਂ ਨੇ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ।

ਇਸ ਸਾਲ ਪਹਿਲੇ ਗਰੁੱਪ ਨੂੰ "ਸਾਕਾ ਚਮਕੌਰ", ਦੂਜੇ ਨੂੰ "ਸਿੱਖ ਸਾਖੀਜ਼", ਤੀਜੇ ਨੂੰ "ਸਿੱਖ ਇਤੀਹਾਸ ਦੀਆਂ ਚੋਣਵੀਆਂ ਸਾਖੀਆਂ" ਅਤੇ ਚੌਥੇ ਨੂੰ "ਦ ਮੈਸੇਜ ਆਫ ਗੁਰਬਾਣੀ" ਪੁਸਤਕ ਦਿੱਤੀ ਗਈ। ਹਰ ਸਾਲ ਵਾਂਗ ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਭਾਈਚਾਰੇ ਦੇ ਸੀਨੀਅਰ ਮੈਂਬਰ ਅਤੇ ਪਿਛਲੇ ਕਈ ਸਾਲਾਂ ਤੋਂ ਜੱਜ ਦੀ ਸੇਵਾ ਕਰ ਰਹੇ ਤਰਲੋਚਨ ਸਿੰਘ ਸੰਧਾਵਾਲੀਆ ਨੇ ਇਸ ਸਮਾਗਮ ਦੀ ਸਫਲਤਾ ਲਈ ਬੱਚਿਆਂ, ਅਧਿਆਪਕਾਂ, ਮਾਪਿਆਂ, ਸੇਵਾਦਾਰਾਂ ਅਤੇ ਪ੍ਰਬੰਧਕਾ ਦਾ ਧੰਨਵਾਦ ਕੀਤਾ ਅਤੇ ਵਧਾਈ ਦਿੱਤੀ। ਉਹਨਾਂ ਕਿਹਾ, "ਛੋਟੇ ਬੱਚਿਆਂ ਨੇ ਅੱਜ ਵੱਡੇ ਸੰਦੇਸ਼ ਦਿੱਤੇ, ਭਾਗ ਲੈਣ ਵਾਲੇ ਸਾਰੇ ਬੱਚੇ ਜੇਤੂ ਹਨ।" ਸ਼ੇਵਾਦਾਰ ਅਸੀਸ ਕੌਰ ਨੇ ਕਿਹਾ, "ਸਿਮਪੋਜ਼ੀਅਮ ਦੀ ਤਿਆਰੀ ਲਈ ਵਿਸ਼ੇਸ਼ ਕਲਾਸਾਂ ਗੁਰਦੁਆਰਾ ਸਾਹਿਬ ਵਿਖੇ ਲਾਈਆਂ ਜਾਂਦੀਆ ਹਨ, ਜਿੱਥੇ ਬੱਚਿਆਂ ਨੂੰ ਗੁਰਮਤਿ, ਭਾਸ਼ਣ ਲਿਖਣ ਅਤੇ ਦੇਣ ਸੰਬੰਧੀ ਤਿਆਰੀ ਕਰਾਈ ਜਾਂਦੀ ਹੈ। ਸਮਾਗਮ ਵਾਲੇ ਦਿਨ ਹਰੇਕ ਬੱਚੇ ਦੀ ਮਿਹਨਤ ਉਹਨਾਂ ਦੇ ਭਾਸ਼ਣ ਰਾਹੀਂ ਸਾਫ ਝਲਕ ਰਹੀ ਸੀ।"

ਭਾਗ ਲੈਣ ਵਾਲੇ ਬੱਚਿਆਂ ਨੂੰ ਪੁਰਸਕਾਰ ਅਤੇ ਕਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਸਾਲ ਸਿਨਸਿਨੈਟੀ ਤੋਂ ਜੇਤੂ ਅੱਠ ਬੱਚੇ, ਓਹਾਇਓ ਅਤੇ ਪੈਨਸਲਵੇਨੀਆਂ ਸੂਬੇ ਦੇ ਹੋਰਨਾਂ ਸ਼ਹਿਰਾਂ ਦੇ ਜੇਤੂਆਂ ਨਾਲ ਕਲੀਵਲੈਂਡ ਵਿਖੇ ਹੋਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਵਿਚ ਭਾਗ ਲੈਣਗੇ। ਇਸ ਸਲਾਨਾ ਸਮਾਗਮ ਮੌਕੇ ਮਰਹੂਮ ਜੈਪਾਲ ਸਿੰਘ ਨੂੰ ਵੀ ਯਾਦ ਕੀਤਾ ਗਿਆ ਜਿਸ ਨੇ ਸਿੱਖ ਨੌਜਵਾਨਾਂ ਨੂੰ ਸਾਲ ਦਰ ਸਾਲ ਨਿਰਸਵਾਰਥ ਅਤੇ ਪੂਰੀ ਤਨਦੇਹੀ ਨਾਲ ਸਿੱਖਿਆ ਅਤੇ ਮਾਰਗਦਰਸ਼ਨ ਕੀਤਾ। ਇਸ ਤੋਂ ਇਲਾਵਾ, ਹਾਲ ਹੀ ਵਿੱਚ 12ਵੀ ਜਮਾਤ, ਕਾਲਜ ਜਾਂ ਯੁਨੀਵਰਸਿਟਤੀ ਦੀ ਡਿਗਰੀ ਪੂਰੀ ਕਰਕੇ ਗ੍ਰੈਜੁਏਟ ਹੋਏ ਬੀਤੇ ਸਾਲਾਂ ਦੇ ਭਾਗ ਲੈਣ ਵਾਲੇ ਨੌਜਵਾਨ ਬੱਚੇ ਅਤੇ ਬੱਚੀਆਂ ਨੂੰ ਵੀ ਵਿਸ਼ੇਸ਼ ਅਵਾਰਡ ਦਿੱਤੇ ਗਏ।

ਸਮੀਪ ਸਿੰਘ ਗੁਮਟਾਲਾ
ਸਿਨਸਿਨਾਟੀ, ਓਹਾਇਓ, ਅਮਰੀਕਾ
+1-937-654-8873















ਪੰਜਾਬ ਸਟਾਰ

To Contact Us:
Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com


Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਚਿੰਤਨ

# ਤੈਂ ਕੀ ਦਰਦ ਨਾ ਆਇਆ?





ਬੁੱਧ ਸਿੰਘ ਨੀਲੋਂ
94643 70823

ਜੇ ਜ਼ਿੰਦਗੀ ਵਿੱਚ ਪਰਾਇਆ ਦਰਦ ਮਹਿਸੂਸ ਕਰਨ ਦਾ ਗੁਣ ਨਾ ਹੁੰਦਾ ਤਾਂ ਬੰਦਾ ਵੀ ਬੰਦਾ ਨਹੀਂ, ਸਗੋਂ ਕੁਝ ਹੋਰ ਹੋਣਾ ਸੀ । ਧੁੱਪ ਤੇ ਛਾਂ, ਦਿਨ ਤੇ ਰਾਤ, ਦੁੱਖ ਤੇ ਸੁੱਖ, ਚੁੱਪ ਤੇ ਸ਼ੋਰ, ਖੁਸ਼ੀ ਤੇ ਗਮੀ, ਨੇੜੇ ਤੇ ਦੂਰ, ਸਰਦੀ ਤੇ ਗਰਮੀ, ਜੀਵਨ ਤੇ ਮੌਤ, ਇਹ ਪਉੜੀ ਚੜ੍ਹਦਿਆਂ ਜ਼ਿੰਦਗੀ ਦਾ ਪ੍ਰਵਾਹ ਚੱਲਦਾ ਆਇਆ ਹੈ ਤੇ ਚੱਲਦਾ ਰਹੇਗਾ ? ਹੁਣ ਜਿਸ ਤਰ੍ਹਾਂ ਦਾ ਕੁਹਿਲਣਾ ਸਮਾਂ ਚੱਲ ਰਿਹਾ ਹੈ ਉਸਨੇ ਲੋਕਾਂ ਦੇ ਮਨਾਂ ਅੰਦਰ ਪਦਾਰਥ ਇਕੱਠੇ ਕਰਨ ਦੀ ਹੋੜ ਪੈਦਾ ਕਰ ਦਿੱਤੀ ਹੈ । ਕੁਦਰਤੀ ਸੋਮਿਆਂ ਦੀ ਦੁਰਵਰਤੋਂ ਹੋ ਰਹੀ ਹੈ । ਲਾਲਚੀ ਬਿਰਤੀ ਵਾਲਿਆਂ ਵੱਲੋਂ ਆਪਣੀਆਂ ਕਈ ਕਈ ਪੁਸ਼ਤਾਂ ਦੇ ਵਿਹਲੇ ਬਹਿ ਕੇ ਖਾਣ ਦਾ ਸਾਜ਼ੋ ਸਾਮਾਨ ਇਕੱਠਾ ਕਰਨ ਲਈ ਧਰਤੀ ਦੀ ਹਿੱਕ ਪਾੜੀ ਜਾ ਰਹੀ ਹੈ । ਇਸ ਨਾਲ਼ ਵਧ ਰਹੀ ਗਰਮਾਇਸ਼ ਕਾਰਨ ਪਾਣੀ ਦਾ ਠੋਸ ਰੂਪ ਤੇਜ਼ੀ ਨਾਲ਼ ਤਰਲ ਰੂਪ ਵਿੱਚ ਬਦਲ ਰਿਹਾ ਹੈ ਜੋ ਮੌਸਮ ਦੇ ਵਿਗਾੜ ਦਾ ਕਾਰਨ ਬਣ ਰਿਹਾ ਹੈ। ਇੰਝ ਲਗਦਾ ਹੈ ਕਿ ਜਿਸ ਪਾਣੀ ਵਿੱਚੋਂ ਜੀਵਨ ਉਗਮਿਆ ਸੀ, ਉਹ ਪਾਣੀ ਹੀ ਇਸ ਜੀਵਨ ਦੇ ਖ਼ਤਮ ਹੋਣ ਦਾ ਕਾਰਨ ਬਣੇਗਾ। ਕੀ ਮਨੁੱਖ ਕੁਦਰਤ ਦੇ ਕਹਿਰ ਤੋਂ ਬੇਖ਼ਬਰ ਹੈ ? ਧਰਤੀ ਦੀ ਅੱਠ ਅਰਬ ਦੀ ਆਬਾਦੀ ਵਿੱਚੋਂ ਕੁਦਰਤੀ ਸੋਮਿਆਂ ਨੂੰ ਤਹਿਸ ਨਹਿਸ ਕਰਨ ਵਾਲ਼ੇ ਬਹੁਤੇ ਨਹੀਂ, ਬਸ ਮੁੱਠੀ ਕੁ ਭਰ ਲੋਕ ਹੀ ਹਨ । ਬਹੁਗਿਣਤੀ ਤਾਂ ਅਜੇ ਵੀ ਕੁਦਰਤ ਦੇ ਅੰਗ ਸੰਗ ਵੱਸਦੀ ਹੈ ਪਰ ਕੁਝ ਬਦਬਖ਼ਤਾਂ ਦੀਆਂ ਗ਼ਲਤੀਆਂ ਦਾ ਖਮਿਆਜ਼ਾ ਪੂਰੀ ਲੋਕਾਈ ਭੁਗਤ ਰਹੀ ਹੈ । ਧਰਤੀ ਦੇ ਕੁਝ ਘਰਾਣਿਆਂ ਨੇ ਆਮ ਲੋਕਾਂ ਨੂੰ ਰੰਡੀ ਤੇ ਮੰਡੀ ਸਮਝਿਆ ਹੋਇਆ ਹੈ। ਉਹ ਆਪਣੀ ਇਜਾਰੇਦਾਰੀ ਦੀ ਸਦਾ ਹੀ ਦੁਰਵਰਤੋਂ ਕਰਦੇ ਹਨ । ਪਹਿਲਾਂ ਜਦੋਂ ਦੁਨੀਆਂ ਵਿੱਚ ਕੋਈ ਲਾਗ ਵਾਲ਼ੀ ਮਹਾਂਮਾਰੀ ਫੈਲਦੀ ਸੀ ਤਾਂ ਉਸਦੀ ਰੋਕਥਾਮ ਲਈ ਸਾਲਾਂਬੱਧੀ ਖੋਜ ਪੜਤਾਲ ਤੋਂ ਬਾਅਦ ਨਵੀਂ ਵੈਕਸੀਨ ਬਣਾਈ ਜਾਂਦੀ ਸੀ। ਪਰ ਹੁਣ ਵੈਕਸੀਨਾਂ ਪਹਿਲਾਂ ਤੇ ਬਿਮਾਰੀਆਂ ਬਾਅਦ 'ਚ ਪੈਦਾ ਕੀਤੀਆਂ ਜਾਂਦੀਆਂ ਹਨ। ਹੁਣ ਇਸ ਗੱਲ ਦਾ ਕੋਈ ਅਤਾ ਪਤਾ ਨਹੀਂ ਹੈ ਕਿ ਭਵਿੱਖ ਵਿੱਚ ਕਿਸ ਮੰਡੀ ਵਿੱਚ ਕਿਹੜੀ ਚੀਜ਼ ਕਿਸ ਭਾਅ ਵਿਕਣੀ ਹੈ। ਹਰਾ ਇਨਕਲਾਬ ਆਉਣ ਤੇ ਖੇਤੀਬਾੜੀ ਦਾ ਮਸ਼ੀਨੀਕਰਨ ਹੋ ਗਿਆ ਜਿਸ ਨਾਲ਼ ਜ਼ਿਆਦਾਤਰ ਗਰੀਬ ਤੇ ਅਨਪੜ੍ਹ ਲੋਕਾਂ ਦੇ ਹੱਥਾਂ ਦੀ ਕਿਰਤ ਖੁਸ ਗਈ। ਖੇਤੀਬਾੜੀ ਦੇ ਜਿੰਨੇ ਵੀ ਆਧੁਨਿਕ ਸੰਦ ਹਨ, ਇਹ ਕਿਰਤੀਆਂ ਦੀ ਰੋਜ਼ੀ ਰੋਟੀ ਖੋਹਣ ਵਾਲ਼ੀ ਹਥਿਆਰਬੰਦ ਸੈਨਾ ਹੈ, ਟਰੈਕਟਰ ਨੂੰ ਜੇ ਮਸ਼ੀਨਗੰਨ ਮੰਨ ਲਿਆ ਜਾਵੇ ਤਾਂ ਕੰਬਾਈਨ ਤੋਪ ਦੇ ਗੋਲ਼ੇ ਜਾਂ ਮਿਜ਼ਾਇਲ ਦੇ ਬਰਾਬਰ ਦਾ ਹਥਿਆਰ ਹੈ। ਹੁਣ ਇਹ ਪੁੱਠੇ ਅਰਥਾਂ ਵਾਲ਼ੀਆਂ ਗੱਲਾਂ ਸਿੱਧ ਪੱਧਰੇ ਦਿਮਾਗ਼ ਵਾਲਿਆਂ ਦੇ ਸਮਝ ਨਹੀਂ ਪੈਣੀਆਂ। ਕਿਰਤ ਦੀ ਲੁੱਟ ਤੇ ਪੁਲਿਸ ਦੀ ਕੁੱਟ ਇਕ ਬਰਾਬਰ ਹੁੰਦੀ ਹੈ ਪਰ ਸਮਾਜ ਵਿੱਚ ਬਰਾਬਰੀ ਦਾ ਤਾਂ ਕਿੱਧਰੇ ਵੀ ਨਾਮੋ ਨਿਸ਼ਾਨ ਨਹੀਂ ਰਿਹਾ । ਪਹਿਲਾਂ ਜੱਟ ਤੇ ਸੀਰੀ ਦੋਵੇਂ ਕਿਰਤੀ ਸਨ ਪਰ ਹੁਣ ਜੱਟ ਜੱਟ ਹੈ ਤੇ ਸੀਰੀ ਤਾਂ ਖ਼ਤਮ ਹੀ ਹੈ। ਜੱਟ ਤੇ ਸੀਰੀ ਦੀ ਦਿਲੀ ਸਾਂਝ ਦੀ ਬਹੁ ਤਾਂ ਸੰਤ ਰਾਮ ਉਦਾਸੀ ਵਰਗਾ ਕੋਈ ਉਹ ਕਵੀ ਹੀ ਪਾ ਸਕਦਾ ਹੈ ਜਿਸਦੀਆਂ ਜੜ੍ਹਾਂ ਆਪਣੇ ਵਤਨ ਦੀ ਮਿੱਟੀ ਵਿੱਚ ਡੂੰਘੀਆਂ ਲੱਗੀਆਂ ਹੋਣ:

ਗਲ਼ ਲੱਗ ਕੇ ਸੀਰੀ ਦੇ ਜੱਟ ਰੋਵੇ,
ਬੋਹਲ਼ਾਂ ਵਿਚੋਂ ਨੀਰ ਵਗਿਆ ।
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,
ਤੂੜੀ ਵਿਚੋਂ ਪੁੱਤ 'ਜੱਗਿਆ'।

ਹੁਣ ਤਾਂ ਸੀਰੀ ਦੀ ਥਾਂ ਮਸ਼ੀਨਰੀ ਆ ਗਈ ਹੈ। ਭਲਿਆਂ ਸਮਿਆਂ ਵਿਚ ਜੱਟ ਤੇ ਸੀਰੀ ਦੀ ਸਾਂਝ ਭਿਆਲ਼ੀ ਨੂੰ 'ਨਹੁੰ ਤੇ ਮਾਸ ਦਾ ਰਿਸ਼ਤਾ' ਕਹਿ ਕੇ ਵਡਿਆਇਆ ਜਾਂਦਾ ਸੀ। ਦੋਹਾਂ ਦੇ ਦੁੱਖ ਦਰਦ, ਹਾਸੇ ਮਜ਼ਾਕ, ਚੋਹਲ ਮੋਹਲ, ਨਾਜ਼ ਨਖਰੇ, ਸਭ ਸਾਂਝੇ ਸਨ। ਹੁਣ ਮਸ਼ੀਨਰੀ ਨਾਲ਼ ਤਾਂ ਦੁੱਖ ਵੰਡਾਇਆ ਨਹੀਂ ਜਾ ਸਕਦਾ ਸਗੋਂ ਇਸਨੇ ਤਾਂ ਜ਼ਿਮੀਂਦਾਰ ਦੀਆਂ ਪਰੇਸ਼ਾਨੀਆਂ ਨੂੰ ਵਧਾਇਆ ਹੀ ਹੈ। ਖੇਤੀਬਾੜੀ ਦੇ ਮਸ਼ੀਨੀਕਰਨ ਤੋਂ ਪਹਿਲਾਂ ਕਿਸਾਨ ਕਿਸਾਨ ਤੇ ਸੀਰੀ ਸੀਰੀ ਸੀ ਪਰ ਜਦ ਖੇਤੀਬਾੜੀ ਦਾ ਮੁਕੰਮਲ ਮਸ਼ੀਨੀਕਰਨ ਹੋ ਗਿਆ ਤਾਂ ਹਰ ਕਿਸਾਨ ਜੱਟ ਹੋ ਗਿਆ। ਫਿਰ ਜੱਟ ਤੋਂ ਜਾਗੀਰਦਾਰ ਹੋ ਗਿਆ। ਜਾਗੀਰਦਾਰੀ ਤੇ ਸਰਮਾਏਦਾਰੀ ਦਾ ਆਪਸੀ ਰਿਸ਼ਤਾ ਵੀ ਨਹੁੰ ਮਾਸ ਵਾਲ਼ਾ ਹੀ ਹੈ। ਇਨ੍ਹਾਂ ਦੋਹਾਂ ਨੇ ਰਲ਼ ਕੇ ਕਿਰਤੀ ਵਰਗ ਨੂੰ ਲੁੱਟਿਆ ਤੇ ਕੁੱਟਿਆ ਹੈ। ਗੀਤਾਂ ਤੇ ਫਿਲਮਾਂ ਰਾਹੀ ਚਾਰੇ ਪਾਸੇ ਜੱਟਵਾਦ ਦਾ ਬੋਲਬਾਲਾ ਏਨਾ ਵਧਿਆ ਕਿ ਪੰਜਾਬ ਦੀ ਧਰਤੀ ਤੇ ਰਚੇ ਜਾਂਦੇ ਸਾਹਿਤ ਵਿੱਚੋਂ ਬਾਕੀ ਬਰਾਦਰੀਆਂ ਦੀ ਫੱਟੀ ਪੋਚ ਦਿੱਤੀ ਗਈ। ਨਾ ਕੋਈ ਜੀਵ, ਨਾ ਜੰਤੂ ਤੇ ਨਾ ਕੋਈ ਚਿੜੀ ਜਨੌਰ, ਸਭ ਨਿਗੂਣੇ ਹੋ ਗਏ। ਹੁਣ ਤਾਂ ਚਾਰੇ ਪਾਸੇ ਮਸ਼ੀਨਰੀ ਦਾ ਬੋਲਬਾਲਾ ਹੈ। ਹੁਣ ਇਨ੍ਹਾਂ 15-20 ਕੁ ਸਾਲਾਂ ਦੀ ਉਮਰ ਹੰਢਾਉਣ ਵਾਲੀਆਂ ਮਸ਼ੀਨਾਂ ਨਾਲ ਰਿਸ਼ਤਿਆਂ ਦੀ ਪੱਕੀ ਪੀਡੀ ਸਾਂਝ ਭਲਾ ਕੌਣ ਪਾਉਣੀ ਚਾਹੇਗਾ ? ਹੁਣ ਧਰਤੀ ਤੇ ਕਿਰਤੀਆਂ ਦੇ ਦਰਦ ਕੌਣ ਸੁਣੇਗਾ ? ਕੌਣ ਸੱਥ ਵਿੱਚ ਬੈਠ ਕੇ ਵਾਰਿਸ ਸ਼ਾਹ ਦੀ ਹੀਰ ਸੁਣੇਗਾ ? ਬਾਬਾ ਨਾਨਕ ਜੀ ਦੀ ਬਾਣੀ ਸੁਣ ਕੌਣ ਸੁਣੇਗਾ ਤੇ ਉਸ ਤੇ ਅਮਲ ਕਰੇਗਾ:

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥1॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥ (ਅੰਗ 595)

ਜਗਤ ਗੁਰ ਬਾਬੇ ਨੇ ਸਿੱਧਾਂ ਦੇ ਵਲ ਵਿੰਙ ਕੱਢਦਿਆਂ ਕਿਹਾ ਸੀ:

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (ਅੰਗ 943)

ਪਰ ਨਾ ਹੁਣ ਕਿਸੇ ਨੂੰ ਸ਼ਬਦ ਗੁਰੂ ਦੇ ਸਿਧਾਂਤ ਤੇ ਨਾ ਧੁਨੀ ਦਾ ਗਿਆਨ ਹੈ । ਉਂਞ ਗੁਰੂ ਸਾਡਾ ਅੱਜ ਵੀ ਸ਼ਬਦ ਹੀ ਹੈ । ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ । ਸਾਡੇ ਕੋਲ਼ ਸਿੱਖੀ ਵਾਲ਼ਾ ਬਾਣਾ ਤਾਂ ਹੈ, ਪਰ ਗੁਰਮਤਿ ਆਸ਼ੇ ਤੇ ਪੂਰੀ ਤਰ੍ਹਾਂ ਢੁੱਕਦੀ ਗੁਰਬਾਣੀ ਦੀ ਵਿਚਾਰ ਨਹੀਂ ਹੈ। ਭੇਖਧਾਰੀ ਤਾਂ ਬਥੇਰੇ ਹਨ ਪਰ ਗਿਆਨਵਾਨ ਕੋਈ ਵਿਰਲਾ ਟਾਵਾਂ ਵੀ ਨਹੀਂ ਲੱਭਦਾ । ਗਿਆਨ ਹਾਸਲ ਕਰਨ ਲਈ 'ਸ਼ਬਦ ਤੇ ਧੁਨਿ' ਸੰਗ ਜੁੜਨਾ ਪਵੇਗਾ ਪਰ ਇਹ ਤਰੱਦਦ ਕੌਣ ਕਰੇਗਾ ? ਕੌਣ ਇਹ ਹਾਅ ਦਾ ਨਾਹਰਾ ਮਾਰੇਗਾ:

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨਾ ਆਇਆ ॥ (ਅੰਗ 360)

ਬਾਬਰ ਬਾਣੀ ਕੌਣ ਪੜ੍ਹੇਗਾ ਤੇ ਗੁਰਬਾਣੀ ਪੜ੍ਹ ਕੇ ਅਮਲ ਕੌਣ ਕਰੇਗਾ? ਅਮਲਾਂ ਬਾਝੋਂ ਰਵਾਇਤੀ ਬਾਣਾ ਤੇ ਗਿਆਨ ਦੀ ਬੱਧੀ ਪੰਡ, ਦੋਵੇਂ ਬੇਕਾਰ ਹਨ । ਇਹ ਕੇਹੀ ਰੁੱਤ ਆ ਗਈ ਹੈ? ਅੰਦਰ ਤੇ ਬਾਹਰ ਦੋਵੇਂ ਪਾਸੇ ਸਾੜਾ ਹੈ। ਬਸ ਮੈਂ ਇੱਕਲਾ ਹੀ ਚੰਗਾ ਤੇ ਬਾਕੀ ਸਭ ਜਗ ਮੰਦਾ। ਜਦ ਕਿ ਮਾੜਾ ਬੰਦਾ ਨਹੀਂ, ਉਸਦੇ ਕੰਮ ਮਾੜੇ ਹੁੰਦੇ ਹਨ ਪਰ ਚੰਗੇ ਕੰਮ ਕੌਣ ਕਰੇਗਾ ? ਮਨੁੱਖ ਨੂੰ ਮਨੁੱਖ ਕੌਣ ਸਮਝੇਗਾ ? ਕੌਣ ਬਰਾਬਰੀ ਦੀ ਬਾਤ ਪਾਵੇਗਾ ? ਕੌਣ ਕਿਰਤੀਆਂ ਦੇ ਦਰਦ ਸੁਣੇਗਾ? ਡਰ ਦਾ ਮਾਹੌਲ ਬਣਿਆ ਹੋਇਆ ਹੈ, ਜੰਗ ਦੇ ਬੱਦਲ ਮੰਡਰਾ ਰਹੇ ਹਨ। ਲੋਕਾਂ ਜੀ ਜਾਨ ਮੁੱਠੀ ਵਿੱਚ ਆਈ ਹੋਈ ਹੈ।

# ਉਹਦੀ ਥਾਂ ਮੈਂ ਮਰ ਜਾਂਦਾ...

'ਛੋਟੇ ਵੀਰ ਡੋਲੀਂ ਨਾ। ਕੁਦਰਤ ਆਪੇ ਸਭ ਠੀਕ ਕਰੂ। ਨਾਂਅ ਵਧੂ ਤਾਂ ਯੱਭ ਵੀ ਵਧੂ। ਪ੍ਰਵਾਹ ਨਾ ਕਰੀਂ। ਤੇਰੇ ਮਗਰ ਖੜ੍ਹਾਂ। ਇੱਕ 'ਵਾਜ ਮਾਰੀਂ ਬਸ। ਕੋਲ ਆਣ ਖੜੂੰ ਤੇਰੇ...।'

'ਭਰਾਵਾ ਤੂੰ ਆ ਕੇ ਕੀ ਕਰੇਂਗਾ...?'

'ਤੇਰੇ ਮੁੱਕੀਆਂ ਮਾਰੂੰ। ਕੱਢੂੰ ਤੇਰੀ ਪੱਤਰਕਾਰੀ। ਵੱਡਾ ਆਇਆ...।' ਕਹਿੰਦਾ-ਕਹਿੰਦਾ ਉਹ ਹੱਸਣ ਲੱਗ ਜਾਂਦਾ। ਕਿੰਨਾ ਚਿਰ ਹੱਸੀ ਜਾਂਦਾ। ਫੇਰ ਫੋਨ ਕੱਟ ਜਾਂਦਾ।

ਪੰਦਰੀਂ-ਵੀਹੀਂ ਏਵੇਂ ਕਹਿਣ ਵਾਲਾ ਬੰਦਾ ਅੱਜ ਲੱਕੜਾਂ ਦੇ ਭਾਰ ਥੱਲੇ ਪਿਆ ਸੀ। ਮਿੰਟਾਂ 'ਚ ਅੱਗ ਨੇ ਉਹਨੂੰ ਖਾ ਲਿਆ ਤੇ ਉਹ 'ਸੀ' ਹੋ ਗਿਆ। ਨਾ ਉਹਨੇ ਮੁੜਨਾ, ਨਾ ਮਿਲਣਾ, ਨਾ ਫੋਨ ਖੜਕਣਾ। ਉਹਦਾ 'ਕੱਲਾ-'ਕੱਲਾ ਸੁਨੇਹਾ ਪੜ੍ਹ ਕੇ ਮੈਂ ਰੋ ਰਿਹਾਂ, ਪਛਤਾ ਰਿਹਾਂ।



ਉਹ ਮੇਰਾ ਭਰਾ ਸੀ। ਸਕਾ ਹੀ ਸੀ। ਮਾਸੀ ਦਾ ਪੁੱਤ। ਮਾਸੀ ਵੀ ਤਾਂ ਮਾਂ ਹੁੰਦੀ। ਮਾਂ ਦੀ ਭੈਣ। ਉਹਦਾ ਪੁੱਤ। ਸੇਵਕ ਬਰਾੜ। ਮੇਰੇ ਤੋਂ ਤਿੰਨ ਕੁ ਵਰ੍ਹੇ ਵੱਡਾ। ਸਕੂਲੀ ਛੁੱਟੀਆਂ ਮੌਕੇ ਉਹ ਖੋਖਰ ਤੋਂ ਸਰਾਵੀਂ ਆ ਜਾਂਦਾ, ਮੈਂ ਟਹਿਣੇ ਤੋਂ। ਲੜਦੇ, ਭਿੜਕੇ, ਘੁਲਦੇ। ਘੰਟੇ ਕੁ ਮਗਰੋਂ ਫੇਰ ਉਹੋ ਜਿਹੇ ਹੋ ਜਾਂਦੇ। ਛੁੱਟੀਆਂ ਮੁੱਕਣ ਸਾਰ ਪਿੰਡੋ ਪਿੰਡ ਜਾਣ ਮੌਕੇ ਇਉਂ ਰੋਂਦੇ, ਜਿਵੇਂ ਹੁਣ ਮਾਂਵਾਂ ਪੁੱਤਾਂ ਨੂੰ ਏਅਰਪੋਰਟ ਤੋਰਨ ਵੇਲੇ ਰੋਂਦੀਆਂ।

ਜਵਾਨ ਹੋਏ ਤਾਂ ਉਹ ਫੱਬਣ 'ਤੇ ਵਕਤ ਲਾਉਣ ਲੱਗਾ। ਸੋਹਣੇ ਪਟੇ ਵਾਹੁੰਦਾ, ਦੁੱਧ ਰੰਗਾ ਕੁੜਤਾ-ਪਜਾਮਾ ਪਾ ਕੇ ਫ਼ਿਲਮੀ ਬਣ ਜਾਂਦਾ। ਸਾਰੇ ਉਹਨੂੰ ਸ਼ੌਕੀਨ, ਸ਼ੌਕੀਨ ਕਹਿੰਦੇ। ਪਤਾ ਨਹੀਂ ਉਹ ਏਨੇ ਠਰੰਮੇ ਵਾਲਾ ਕਿਵੇਂ ਬਣ ਗਿਆ। ਸਿਆਣੀਆਂ ਗੱਲਾਂ ਕਰਦਾ। ਕਿਤਾਬਾਂ ਨਾਲ ਸਾਥ ਨਿਭਾਉਣ ਲੱਗਾ। ਸੋਹਣੀ ਕਲਮ ਟੰਗ ਕੇ ਰੱਖਦਾ। ਉਹਨੂੰ ਗੀਤ ਫੁਰਨ ਲੱਗੇ। ਕਦੇ-ਕਦੇ ਇੱਕ-ਅੱਧ ਗੀਤ ਉਹ ਮੈਨੂੰ ਸੁਣਾ ਛੱਡਦਾ। ਕਦੇ ਮੈਂ 'ਫੇਰ ਸਣਾਈਂ', ਕਹਿ ਛੱਡਦਾ। ਕਦੇ ਉਹ ਕਿਸੇ ਦਾ ਫੋਨ ਨੰਬਰ ਮੰਗਦਾ, ਕਿਸੇ ਦਾ ਪਤਾ ਟਿਕਾਣਾ। ਉਹ ਤੁਰਦਾ ਗਿਆ। ਤੁਰਦਾ ਗਿਆ। ਸ਼ੌਕ ਦੇ ਕਬੂਤਰ ਉਡਾਉਂਦਾ ਗਿਆ। ਮੈਂ ਕਹਿਣਾ, 'ਉਹ ਕੰਮ ਵੀ ਕਰ, ਜਿੱਥੋਂ ਚਾਰ ਪੈਸੇ ਆਉਣ। ਗੀਤਾਂ ਨੇ ਕੀ ਦੇਣਾ।' ਉਹ ਕਹਿੰਦਾ, 'ਇੱਕ ਦਿਨ ਕੋਕੇ ਜੜੂੰਗਾ। ਰੋਟੀ ਆਪੇ ਉਹ ਦੇਈ ਜਾਂਦਾ।'

- ਸਵਰਨ ਸਿੰਘ ਟਹਿਣਾ

ਮੈਂ ਕਹਿੰਦਾ, 'ਜੇ ਗੀਤ-ਸੰਗੀਤ ਵਾਲ਼ਾ ਕੰਮ ਕਰਨਾ ਤਾਂ ਵੱਡੇ ਸ਼ਹਿਰ, ਮੰਡੀ 'ਚ ਪਹੁੰਚ।' ਉਹ ਜਾਣਾ ਚਾਹੁੰਦਾ ਸੀ, ਪਰ ਮਜ਼ਬੂਰੀਆਂ ਰੋਕੀ ਰੱਖਦੀਆਂ। ਬਾਪ, ਘਰਵਾਲੀ, ਪੁੱਤ। ਉਹਦੇ ਗੀਤਾਂ ਨੂੰ ਬੂਰ ਲੱਗਾ। ਕਈ ਵੱਡੇ ਕਲਾਕਾਰਾਂ ਨੇ ਉਹਦੇ ਗੀਤ ਗਾ ਛੱਡੇ। ਉਹ ਮਾਣ ਨਾਲ ਕਹਿੰਦਾ, 'ਹੁਣ ਗੱਲ ਬਣੀ ਕਿ ਨਹੀਂ ਛੋਟੇ ਵੀਰ...।'

ਮੈਂ ਕਦੇ ਉਹਨੂੰ ਮਰੂੰ-ਮਰੂੰ ਕਰਦਾ ਨਾ ਦੇਖਿਆ। ਹਮੇਸ਼ਾ ਚੜ੍ਹਦੀ ਕਲਾ। ਕਦੇ-ਕਦੇ ਮੈਂ ਟੋਹਣਾ, 'ਆਰਥਿਕ ਪੱਖ ਕਿਵੇਂ ਆ...।'

ਉਹ ਹੱਸਦਾ। ਕਹਿੰਦਾ, 'ਕਰਜ਼ੇ ਤੋਂ ਬਚੇ ਆਂ ਤੇ ਰੋਟੀ ਜੋਗਾ ਹੋਈ ਜਾਂਦਾ, ਜ਼ਿੰਦਗੀ ਟੱਲੀ ਵਰਗੀ ਐ...।'

ਪਿਛਲੀ ਵਾਰ ਉਹਨੂੰ ਸਰਪੰਚੀ ਲੜਨ ਦਾ ਚਾਅ ਚੜ੍ਹ ਗਿਆ। ਕਹਿੰਦਾ ਪਿੰਡ ਦਾ ਵਿਕਾਸ ਕਰਨਾ। ਮੇਰੀ ਮੱਦਦ ਕਰੀਂ। ਮੈਂ ਫੇਰ ਅੜ ਗਿਆ, 'ਕੰਮ ਕਾਜ ਕਰ। ਆਪਾਂ ਕੀ ਲੈਣਾ ਸਰਪੰਚੀ ਤੋਂ। ਮਾਤੜ ਬੰਦਿਆਂ ਦੇ ਵੱਸ ਦਾ ਕੰਮ ਨਹੀਂ। ਮੈਂ ਸਹਿਮਤ ਨਹੀਂ।'

ਪਤਾ ਨਹੀਂ ਮੇਰੇ ਕਹਿਣ 'ਤੇ ਜਾਂ ਕਿਸੇ ਹੋਰ ਕਾਰਨ ਉਹਨੇ ਪਾਸਾ ਵੱਟ ਲਿਆ। ਪਰ ਪਿੰਡ 'ਚ ਕੈਂਪ ਲਵਾਉਣ, ਨਾਂਅ ਵਾਲੀਆਂ ਤਖ਼ਤੀਆਂ ਪੰਜਾਬੀ 'ਚ ਲਿਖਾਉਣ ਦਾ ਜਨੂੰਨ ਪੁਗਾਉਂਦਾ ਰਿਹਾ।

ਅੱਜ ਆਹੀ ਗੱਲਾਂ 'ਕੱਲਾ-'ਕੱਲਾ ਬੰਦਾ ਉਦੋਂ ਕਰ ਰਿਹਾ, ਜਦੋਂ ਅੱਗ ਦਾ ਸੇਕ ਉਹਨੂੰ ਖਾ ਰਿਹਾ। ਟੱਬਰ, ਰਿਸ਼ਤੇਦਾਰ, ਦੋਸਤ, ਗਵੱਈਏ ਸਾਰੇ ਉਹਦੇ ਆਲ਼ੇ-ਦੁਆਲੇ ਖੜ੍ਹੇ ਨੇ। ਮੇਰੀਆਂ ਅੱਖਾਂ 'ਚੋਂ ਪਰਲ ਪਰਲ ਅੱਥਰੂ ਵਗ ਰਹੇ, ਪਰ ਉਹ ਨਹੀਂ ਕਹਿੰਦਾ, 'ਛੋਟੇ ਵੀਰ ਡੋਲੀਂ ਨਾ।'

ਮੇਰੀ ਰਾਇ ਹੋਰ ਪੱਕੀ ਹੋ ਗਈ ਕਿ ਬੰਦੇ ਨੂੰ ਪੜ੍ਹਿਆ ਨਹੀਂ ਜਾ ਸਕਦਾ। ਬੰਦੇ ਦੀਆਂ ਤਹਿਆਂ ਨਹੀਂ ਫਰੋਲੀਆਂ ਜਾ ਸਕਦੀਆਂ। ਮੈਨੂੰ ਆਖਰੀ ਸਾਹ ਤੱਕ ਦੁੱਖ ਰਹਿਣਾ ਕਿ ਮੈਂ ਉਹਦੀਆਂ ਦੋ ਗੱਲਾਂ ਨਹੀਂ ਮੰਨੀਆਂ। ਮਜ਼ਬੂਰੀਆਂ ਨੇ ਮੈਨੂੰ ਰੋਕੀ ਰੱਖਿਆ। ਉਹ ਅਕਸਰ ਕਹਿੰਦਾ, 'ਸਾਲ 'ਚ ਘੱਟੋ-ਘੱਟ ਦੋ ਵਾਰ ਮੇਰੇ ਕੋਲ ਆਇਆ ਕਰ, ਦੋ-ਤਿੰਨ ਰਾਤਾਂ ਲਈ। ਗੱਡੀ ਚੱਕਾਂਗੇ ਤੇ ਸਾਰੀਆਂ ਰਿਸ਼ਤੇਦਾਰੀਆਂ 'ਚ ਜਾ ਆਇਆ ਕਰਾਂਗੇ।'

ਦੂਜੀ ਗੱਲ, ਕੰਮ ਘਟਾ ਛੋਟੇ ਵੀਰ, ਸਿਹਤ ਦਾ ਖਿਆਲ ਰੱਖ। ਭੱਜ-ਨੱਠ ਘਟਾ। ਕੁੱਝ ਨਾਲ ਨਹੀਂ ਜਾਣਾ।

ਕਾਸ਼ ਮੈਂ ਉਹਦੀਆਂ ਮੰਨ ਲੈਂਦਾ। ਕਾਸ਼, ਉਹਦੇ ਨਾਲ ਹੋਰ ਵਕਤ ਬਿਤਾਉਂਦਾ। ਉਹਦੇ ਕੋਲ ਰਹਿੰਦਾ। ਕਾਸ਼, ਉਹਦੀ ਥਾਂ ਮੈਂ ਮਰ ਜਾਂਦਾ। ਪਤਾ ਨਹੀਂ ਕਿਉਂ ਅਵੱਲੇ ਜਿਹੇ ਖਿਆਲ ਆਈ ਜਾਂਦੇ। ਇਉਂ ਲੱਗਦਾ ਉਹਦਾ ਮਰਨਾ ਝੂਠ ਹੈ। ਪਰ ਉਹ ਨਹੀਂ ਹੈ।

ਅੰਦਰਾ ਰੋ ਰਿਹਾ। ਉਹਨੂੰ ਹਾਦਸੇ ਨੇ ਕਿਉਂ ਖੋਹ ਲਿਆ। ਉਹ ਉਸ ਰਾਤ ਮੋਟਰਸਾਈਕਲ 'ਤੇ ਨਾ ਜਾਂਦਾ। ਬਚ ਜਾਂਦਾ। ਪਰ ਕੀ ਕਰਾਂ, ਕੀਹਨੂੰ ਦੱਸਾਂ ਦਿਲ ਦਾ ਹਾਲ।

ਭਰਾ ਬਾਹਾਂ ਹੁੰਦੇ ਤੇ ਜਦੋਂ ਬਾਹਾਂ ਟੁੱਟਦੀਆਂ ਪਤਾ ਫੇਰ ਲੱਗਦਾ, ਸੁਣਦਾ ਸਾਂ, ਪਰ ਹੁਣ ਹੰਢਾ ਰਿਹਾਂ। ਭਰਾ ਜਦੋਂ ਦੋਸਤ ਵੀ ਹੋਵੇ ਤਾਂ ਹੋਰ ਵੱਡਾ ਘਾਟਾ। ਪਤਾ ਨਹੀਂ ਮੈਂ ਕਦੇ ਉਹ ਗੱਲਾਂ ਕਿਸੇ ਨਾਲ ਕਰ ਸਕਾਂਗਾ ਜਾਂ ਨਹੀਂ, ਜੋ ਉਹਦੇ ਨਾਲ ਕੀਤੀਆਂ। ਪਤਾ ਨਹੀਂ ਉਹ ਗੱਲਾਂ ਕੀਹਦੇ ਨਾਲ ਕਰਾਂਗਾ, ਜਿਹੜੀਆਂ ਉਹਦੇ ਨਾਲ ਕਰਨੀਆਂ ਬਾਕੀ ਸਨ।

ਇੱਕੋ ਗੱਲ ਦਿਮਾਗ਼ 'ਚ ਘੁੰਮ ਰਹੀ, 'ਸੇਵਕਾ ਤੂੰ ਨਾ ਜਾਂਦਾ।' ਉਹਦੀਆਂ ਲਿਖੀਆਂ ਸਤਰਾਂ ਦਿਮਾਗ਼ 'ਚ ਖੌਰੂ ਪਾਈ ਜਾਂਦੀਆਂ।

ਇਹ ਦੁਨੀਆ ਤਾਂ ਇੱਕ ਮੇਲਾ ਹੈ,
ਕੋਈ ਤੁਰ ਜਾਂਦਾ ਕੋਈ ਆ ਜਾਂਦਾ।
ਕੋਈ ਫੁੱਲਾਂ ਨਾਲ ਵੀ ਹੱਸਦਾ ਨਹੀਂ,
ਤੇ ਕੋਈ ਕੰਡਿਆਂ ਨਾਲ ਨਿਭਾ ਜਾਂਦਾ।
ਕੋਈ ਪਲ ਦੇ ਵਿੱਚ ਦਿਲ ਤੋੜ ਦਿੰਦਾ,
ਤੇ ਕੋਈ ਸਾਂਝ ਉਮਰ ਦੀ ਪਾ ਜਾਂਦਾ।

CANADIAN TRUCK TRAINING CENTRE




ਤਸੱਲੀਬਖਸ਼ ਸੇਵਾਵਾਂ ਲਈ



ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES



CALL MUNISH TEGI
Mortgage Agent Level1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

## ਜ਼ਹਿਰੀਲੀ ਸ਼ਰਾਬ ਮਾਮਲਾ :

# ਮਜੀਠਾ ਕਾਂਡ ਪਿੱਛੇ ਛੁਪੇ ਚਿਹਰੇ ਕੌਣ?





ਮਜੀਠਾ ਹਲਕੇ 'ਚ ਵਾਪਰੇ ਜ਼ਹਿਰੀਲੀ ਸ਼ਰਾਬ ਕਾਂਡ ਪਿਛਲੇ ਚਿਹਰਿਆਂ ਦਾ ਖ਼ੁਲਾਸਾ ਜਲਦੀ ਹੋ ਸਕਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਤਾਜ਼ਾ ਬਿਆਨ ਤੋਂ ਜਾਪਦਾ ਹੈ ਕਿ ਜਿਵੇਂ ਉਨ੍ਹਾਂ ਨੇ ਮਜੀਠਾ 'ਚ ਵਾਪਰੇ ਜ਼ਹਿਰੀਲੀ ਸ਼ਰਾਬ ਕਾਂਡ ਦੀ ਪੈੜ ਨੱਪ ਲਈ ਹੋਵੇ। ਮੁੱਖ ਮੰਤਰੀ ਨੇ ਅੱਜ ਕਿਹਾ ਹੈ ਕਿ ਉਹ ਜਲਦੀ ਸਿਆਸੀ ਆਗੂਆਂ, ਪੁਲੀਸ ਅਤੇ ਨੌਕਰਸ਼ਾਹਾਂ ਦੇ ਗੱਠਜੋੜ ਦਾ ਪਰਦਾਫਾਸ਼ ਕਰਨਗੇ, ਜਿਨ੍ਹਾਂ ਦੀ ਸਰਪ੍ਰਸਤੀ ਤੋਂ ਬਿਨਾਂ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਚੱਲਣਾ ਸੰਭਵ ਨਹੀਂ ਹੈ। ਮੁੱਖ ਮੰਤਰੀ ਦੀ ਇਸ ਟਿੱਪਣੀ 'ਚ ਕਈ ਗਹਿਰੇ ਭੇਤ ਲੁਕੇ ਜਾਪਦੇ ਹਨ, ਜਿਨ੍ਹਾਂ ਦਾ ਸਰਕਾਰ ਕਿਸੇ ਵੇਲੇ ਵੀ ਖ਼ੁਲਾਸਾ ਕਰ ਸਕਦੀ ਹੈ। ਦੱਸਿਆ ਜਾ ਰਿਹਾ ਹੈ ਕਿ ਮਜੀਠਾ ਖੇਤਰ 'ਚ ਸ਼ਰਾਬ ਦੇ ਠੇਕੇਦਾਰਾਂ ਦੇ ਦੋ ਗਰੁੱਪਾਂ ਵਿਚਾਲੇ ਕੀਮਤਾਂ ਨੂੰ ਲੈ ਕੇ ਲੜਾਈ ਚੱਲ ਰਹੀ ਸੀ, ਜਿਨ੍ਹਾਂ ਬਾਰੇ ਮਿਲੀਆਂ ਸ਼ੁਰੂਆਤੀ ਰਿਪੋਰਟਾਂ ਦੇ ਆਧਾਰ 'ਤੇ ਹੀ ਮੁੱਖ ਮੰਤਰੀ ਕਿਸੇ ਸਿੱਟੇ 'ਤੇ ਪੁੱਜੇ ਹੋ ਸਕਦੇ ਹਨ।



ਚਰਨਜੀਤ ਭੁੱਲਰ
ਦੀ ਵਿਸ਼ੇਸ਼ ਰਿਪੋਰਟ

ਚਰਚੇ ਹਨ ਕਿ ਸ਼ਰਾਬ ਦੀਆਂ ਕੀਮਤਾਂ ਨੂੰ ਲੈ ਕੇ ਦੋ ਗਰੁੱਪਾਂ ਦੀ ਆਪਸੀ ਲੜਾਈ 'ਚੋਂ ਜ਼ਹਿਰੀਲੀ ਸ਼ਰਾਬ ਕਾਂਡ ਵਾਪਰਿਆ ਹੈ। ਇਸੇ ਦੀ ਬਦੌਲਤ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਵਧਿਆ ਹੈ। ਮਜੀਠਾ ਖੇਤਰ ਦਾ ਸ਼ਰਾਬ ਕਾਰੋਬਾਰ ਠੇਕੇਦਾਰਾਂ ਦੇ ਦੋ ਗਰੁੱਪਾਂ ਕੋਲ ਹੈ। ਛੋਟੇ ਗਰੁੱਪ ਵੱਲੋਂ ਸ਼ਰਾਬ ਨੂੰ ਤੈਅ ਕੀਮਤ 'ਤੇ ਵੇਚਿਆ ਜਾ ਰਿਹਾ ਸੀ, ਜਦਕਿ ਦੂਜੇ ਵੱਡੇ ਗਰੁੱਪ ਨੇ ਸ਼ਰਾਬ ਦੇ ਭਾਅ ਉੱਚੇ ਰੱਖੇ ਹੋਏ ਸਨ। ਛੋਟੇ ਗਰੁੱਪ ਵੱਲੋਂ ਤੈਅ ਭਾਅ 'ਤੇ ਸ਼ਰਾਬ ਵੇਚੇ ਜਾਣ ਤੋਂ ਦੂਸਰਾ ਗਰੁੱਪ ਔਖਾ ਸੀ ਕਿਉਂਕਿ ਉਨ੍ਹਾਂ ਦੀ ਵਿਕਰੀ ਪ੍ਰਭਾਵਿਤ ਹੋ ਰਹੀ ਸੀ। ਜਾਣਕਾਰੀ ਅਨੁਸਾਰ ਇਸ ਖੇਤਰ ਦੇ ਵੱਡੇ ਗਰੁੱਪ ਨੂੰ ਸਿਆਸੀ ਸਰਪ੍ਰਸਤੀ ਹਾਸਲ ਸੀ, ਜਿਸ ਦੇ ਨਤੀਜੇ ਵਜੋਂ ਛੋਟੇ ਗਰੁੱਪ ਵੱਲੋਂ ਚਲਾਏ ਜਾ ਰਹੇ ਸ਼ਰਾਬ ਦੇ ਕੁੱਝ ਠੇਕਿਆਂ ਨੂੰ ਬੰਦ ਵੀ ਕਰ ਦਿੱਤਾ ਗਿਆ ਸੀ। ਸ਼ਰਾਬ ਦੀ ਕੀਮਤ ਨੂੰ ਲੈ ਕੇ ਚੱਲ ਰਹੀ ਜੰਗ ਜਾਰੀ ਰਹੀ ਅਤੇ ਇਸੇ ਦੌਰਾਨ ਜ਼ਹਿਰੀਲੀ ਸ਼ਰਾਬ ਦਾ ਕਾਂਡ ਵਾਪਰਿਆ ਹੈ।

ਹੁਣ ਮਜੀਠਾ 'ਚ ਵਾਪਰੇ ਕਾਂਡ ਦੀ ਆਬਕਾਰੀ ਮਹਿਕਮੇ ਵੱਲੋਂ ਕੀਤੀ ਸ਼ੁਰੂਆਤੀ ਜਾਂਚ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜ਼ਮਾਂ ਨੇ ਮੀਥੇਨੌਲ ਈ-ਕਾਮਰਸ ਪੋਰਟਲ ਜ਼ਰੀਏ ਪ੍ਰਾਪਤ ਕੀਤਾ ਸੀ। ਆਬਕਾਰੀ ਵਿਭਾਗ ਨੇ ਮੀਥੇਨੌਲ ਦੀ ਵਿਕਰੀ ਦੇ ਜੀਐੱਸਟੀ ਵੇਰਵਿਆਂ ਦੀ ਜਾਂਚ ਕਰ ਲਈ ਹੈ, ਜਿਸ ਮਗਰੋਂ ਜਾਂਚ ਦੇ ਤਾਰ ਰਾਜਪੁਰਾ ਵਿੱਚ ਸਟੋਰ ਕੀਤੇ ਮੀਥੇਨੌਲ ਨਾਲ ਜੁੜੇ ਹਨ। ਉਧਰ ਸਰਕਾਰ ਨੇ ਸਮੁੱਚੇ ਪੰਜਾਬ 'ਚ ਗੈਰ-ਕਾਨੂੰਨੀ ਸ਼ਰਾਬ ਬਣਾਉਣ ਅਤੇ ਵਿਕਰੀ ਕਰਨ ਵਾਲਿਆਂ ਦੀ ਸ਼ਨਾਖ਼ਤ ਕਰਨੀ ਸ਼ੁਰੂ ਕਰ ਦਿੱਤੀ ਹੈ।

### ਮੌਤਾਂ 'ਚ ਪੰਜਾਬ ਦਾ ਦੂਜਾ ਸਥਾਨ

ਸਮੁੱਚੇ ਦੇਸ਼ ਵਿੱਚ 1978 ਤੋਂ ਲੈ ਕੇ ਹੁਣ ਤੱਕ ਜ਼ਹਿਰੀਲੀ ਸ਼ਰਾਬ ਕਾਰਨ 17 ਹਾਦਸੇ ਵਾਪਰੇ ਹਨ ਜਿਨ੍ਹਾਂ ਵਿੱਚ 2302 ਵਿਅਕਤੀਆਂ ਦੀ ਜਾਨ ਗਈ ਹੈ। ਗੁਜਰਾਤ ਇਸ ਮਾਮਲੇ 'ਚ ਦੇਸ਼ ਭਰ ਚੋਂ ਅੱਗੇ ਰਿਹਾ ਹੈ ਜਿੱਥੇ 1987 'ਚ ਸਭ ਤੋਂ ਵੱਧ 200 ਵਿਅਕਤੀਆਂ ਦੀ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤ ਹੋਈ ਸੀ। ਮੌਤਾਂ ਦੀ ਗਿਣਤੀ ਦੇ ਹਿਸਾਬ ਨਾਲ ਦੂਜੇ ਨੰਬਰ 'ਤੇ ਪੰਜਾਬ ਹੈ ਜਿੱਥੇ ਸਾਲ 2020 ਵਿੱਚ ਜ਼ਹਿਰੀਲੀ ਸ਼ਰਾਬ ਨੇ 121 ਜਾਨਾਂ ਲਈਆਂ ਸਨ। ਪ੍ਰਾਪਤ ਜਾਣਕਾਰੀ ਗੁਜਰਾਤ 'ਚ ਸਾਲ 1976 ਵਿੱਚ ਸੌ ਮੌਤਾਂ ਅਤੇ 1986 ਵਿੱਚ 108 ਮੌਤਾਂ ਜ਼ਹਿਰੀਲੀ ਸ਼ਰਾਬ ਕਾਰਨ ਹੋਈਆਂ ਸਨ। ਪੰਜਾਬ ਵਿੱਚ ਅਕਤੂਬਰ 2010 ਵਿੱਚ ਦਸੂਹਾ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ 16 ਲੋਕਾਂ ਦੀ ਜਾਨ ਚਲੀ ਗਈ ਸੀ ਅਤੇ ਉਸ ਮਗਰੋਂ ਜੁਲਾਈ-ਅਗਸਤ 2020 ਵਿੱਚ ਮਾਝੇ ਇਲਾਕੇ ਵਿੱਚ 121 ਜਾਨਾਂ ਚਲੀਆਂ ਗਈਆਂ ਸਨ। 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਮਾਰਚ 2024 ਵਿੱਚ ਦਿੜ੍ਹਬਾ ਤੇ ਸੁਨਾਮ ਬਲਾਕ ਵਿੱਚ 20 ਲੋਕਾਂ ਦੀ ਜਾਨ ਜ਼ਹਿਰੀਲੀ ਸ਼ਰਾਬ ਕਾਰਨ ਚਲੀ ਗਈ ਸੀ ਅਤੇ ਹੁਣ ਮਜੀਠਾ ਇਲਾਕੇ 'ਚ ਜ਼ਹਿਰੀਲੀ ਸ਼ਰਾਬ ਕਾਰਨ 21 ਲੋਕਾਂ ਦੀ ਮੌਤ ਹੋ ਗਈ ਹੈ।

### ਅਮਰਿੰਦਰ ਸਿੰਘ 11 ਦਿਨਾਂ ਮਗਰੋਂ ਪੀੜਤਾਂ ਤੱਕ ਪੁੱਜੇ ਸਨ

ਕਾਂਗਰਸੀ ਹਕੂਮਤ ਦੌਰਾਨ ਜਦੋਂ 29 ਜੁਲਾਈ 2020 ਨੂੰ ਮਾਝੇ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ ਵੱਡਾ ਦੁਖਾਂਤ ਵਾਪਰਿਆ ਸੀ ਤਾਂ ਉਦੋਂ ਘਟਨਾ ਤੋਂ 11 ਦਿਨਾਂ ਮਗਰੋਂ 8 ਅਗਸਤ ਨੂੰ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੀੜਤਾਂ ਦੀ ਸਾਰ ਲੈਣ ਪਹੁੰਚੇ ਸਨ। ਉਸ ਕਾਂਡ ਵਿੱਚ 121 ਲੋਕਾਂ ਦੀ ਜਾਨ ਗਈ ਸੀ। ਉਸ ਸਮੇਂ ਦੁਖਾਂਤ ਮੌਕੇ ਤਤਕਾਲੀ ਸੰਸਦ ਮੈਂਬਰ ਜਸਬੀਰ ਸਿੰਘ ਡਿੰਪਾ ਹੀ ਪਹੁੰਚੇ ਸਨ ਜਦਕਿ ਦੁਖਾਂਤ ਤੋਂ ਇੱਕ ਹਫ਼ਤੇ ਤੱਕ ਮਾਝੇ ਨਾਲ ਸਬੰਧਤ ਤਤਕਾਲੀ ਵਜ਼ੀਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ, ਸੁਖਬਿੰਦਰ ਸਿੰਘ ਸਰਕਾਰੀਆ ਅਤੇ ਓਪੀ ਸੋਨੀ 'ਚੋਂ ਕੋਈ ਵੀ ਪੀੜਤਾਂ ਨਾਲ ਦੁੱਖ ਸਾਂਝਾ ਕਰਨ ਨਹੀਂ ਪਹੁੰਚਿਆ ਸੀ। ਉਸ ਮੌਕੇ ਨਵਜੋਤ ਸਿੰਘ ਸਿੱਧੂ ਨੇ ਵੀ ਕਾਫ਼ੀ ਸਮਾਂ ਪੀੜਤਾਂ ਤੋਂ ਦੂਰੀ ਬਣਾਈ ਰੱਖੀ ਸੀ। ਉਸ ਦੁਖਾਂਤ ਦੇ ਐਨ ਮੌਕੇ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, 'ਆਪ' ਦੇ ਕਨਵੀਨਰ ਭਗਵੰਤ ਮਾਨ ਅਤੇ ਪੰਜਾਬ ਏਕਤਾ ਪਾਰਟੀ ਦੇ ਸੁਖਪਾਲ ਸਿੰਘ ਖਹਿਰਾ ਪੀੜਤਾਂ ਤੱਕ ਪਹੁੰਚੇ ਹਨ।

### ਮੀਥੇਨੌਲ ਦੀ ਆਨਲਾਈਨ ਵਿਕਰੀ ਲਈ ਨਿਯਮ ਬਣਾਉਣੇ ਜ਼ਰੂਰੀ: ਚੀਮਾ

ਆਬਕਾਰੀ ਅਤੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਬੀਤੇ ਵਰ੍ਹੇ ਹੀ ਕੇਂਦਰੀ ਵਣਜ ਮੰਤਰਾਲੇ ਨੂੰ ਪੱਤਰ ਲਿਖ ਕੇ ਮੀਥੇਨੌਲ ਦੀ ਆਨਲਾਈਨ ਵਿਕਰੀ ਲਈ ਕਾਨੂੰਨੀ ਵਿਧੀ ਬਣਾਉਣ ਲਈ ਕਿਹਾ ਸੀ। ਚੀਮਾ ਨੇ ਦੱਸਿਆ ਕਿ ਇਸ ਪੱਤਰ ਦਾ ਹਾਲੇ ਤੱਕ ਕੇਂਦਰ ਤੋਂ ਕੋਈ ਜਵਾਬ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਕੇਂਦਰ ਨੂੰ ਮੀਥੇਨੌਲ ਦੀ ਆਨਲਾਈਨ ਵਿਕਰੀ ਲਈ ਨਿਯਮ ਬਣਾਉਣੇ ਹੀ ਪੈਣਗੇ।

# (ਮੂਕ ਤਪੱਸਵੀ)

ਜੱਦ ਕਦੀ ਉਸਨੂੰ ਦੇਖਿਆ
ਬਹੁਤ ਉਦਾਸ ਤੇ ਗੁੰਮ-ਸੁੰਮ
ਪਤਾ ਨਹੀਂ ਕਿਹੜਾ ਝੋਰਾ
ਅੰਦਰੋਂ ਅੰਦਰੀਂ ਉਸਨੂੰ
ਖਾਏ ਜਾ ਰਿਹਾ ਸੀ
ਨਾ ਹੱਸਦੀ, ਨਾ ਮੁਸਕਰਾਉਂਦੀ
ਨਾ ਕਿਸੇ ਨਾਲ ਗੱਲਬਾਤ ਕਰਦੀ
ਆਪਣੀ ਹੀ ਦੁਨੀਆਂ ਵਿੱਚ
ਮਸਤ ਖੋਈ ਖੋਈ ਰਹਿੰਦੀ
ਦੀਨ ਦੁਨੀਆਂ ਤੋਂ ਬੇਪਵਾਹ
ਖਾਣ ਪੀਣ ਦੀ ਕੋਈ ਸੁੱਧ -ਬੁੱਧ ਨਹੀਂ
ਹਮੇਸ਼ਾਂ ਮੁਸਕਰਾਉਂਦੇ ਰਹਿਣ ਵਾਲੀ
ਗ਼ਮਗੀਨ ਰਹਿੰਦੀ ਹੈ ਹਰ ਸਮੇਂ ਹੁਣ
ਸੋਚਦੀ ਹਾਂ ਹੋਇਆ ਕੀ ਇਸਨੂੰ
ਲੰਬੇ ਅਰਸੇ ਬਾਦ ਜੱਦ ਮਿਲੀ ਦੇਖਿਆ
ਕਿਸੇ ਅਲੱਗ ਹੀ ਰੂਪ ਵਿੱਚ ਦਿਖੀ ਮੈਨੂੰ ਉਹ
ਖਾਮੋਸ਼, ਉਦਾਸ ਪਹਿਲਾਂ ਤੋਂ ਵੀ ਜ਼ਿਆਦਾ
ਹੱਥ ਵਿਚ ਮਾਲਾ ਫੇਰਦੀ ਹੋਈ
ਮੂੰਹ ਵਿਚ ਗੁਣਗੁਣਾ ਰਹੀ ਸੀ ਕੁਝ
ਪੁੱਛਿਆ ਪਿਆਰ ਨਾਲ ਆਹ ਕੀ
ਗੱਲਬਾਤ ਵੀ ਨਹੀਂ ਕੀਤੀ ਉਸ
ਹਾਂ ਨਾਂਹ ਵਿਚ ਥੋੜਾ ਸਿਰ ਹਿਲਾ ਦਿੱਤਾ
ਸਮਝ ਗਈ ਵਿਛੋੜਾ ਨਹੀਂ ਸਹਿ ਸਕੀ ਉਹ
ਆਪਣੇ ਪ੍ਰੇਮੀ ਦੇ ਛੱਡ ਕੇ ਚਲੇ ਜਾਣ ਦਾ
ਸੋਚਦੀ ਪਿਆਰ ਵੀ ਕੀ ਚੀਜ਼ ਹੈ
ਇਨਸਾਨ ਨੂੰ ਇਹ ਰਮਲਾ ਕਮਲਾ
ਤੇ ਝੱਲਾ ਬਣਾ ਦਿੰਦਾ ਹੈ ਤੇ ਇਨਸਾਨ
ਵਿੱਛੜਣ ਦਾ ਸੱਲ ਨਾ ਸਹਾਰਦਾ ਹੋਇਆ
ਆਪਣੇ ਪਿਅਰੇ ਦੀ ਯਾਦ ਵਿਚ
ਮੂਕ ਤਪੱਸਵੀ ਬਣ ਫਿਰ
ਇੱਧਰ ਉਧਰ ਭਟਕਦਾ
ਪ੍ਰੱਭੂ ਭਗਤੀ ਵਿਚ ਲੱਗ ਜਾਂਦਾ ਹੈ।

(ਰਮਿੰਦਰ ਰੰਮੀ)

# 'ਆਇਰਨਮੈਨ' ਹਰਜੀਤ ਸਿੰਘ ਨੂੰ ਬਰੈਂਪਟਨ ਸਿਟੀ ਤੇ ਸਿੱਖ ਸਪਿਰਿਚੂਅਲ ਸੈਂਟਰ ਰੈਕਸਡੇਲ ਵੱਲੋਂ ਕੀਤਾ ਗਿਆ ਸਨਮਾਨਿਤ












ਬਰੈਂਪਟਨ, (ਡਾ. ਝੰਡ), - 64 ਸਾਲ ਦੀ ਉਮਰ ਵਿੱਚ ਅਮਰੀਕਾ ਦੇ ਸੈਕਰਾਮੈਂਟੋ ਵਿਖੇ 27 ਅਕਤੂਬਰ 2024 ਨੂੰ ਆਯੋਜਿਤ ਕੀਤੇ ਗਏ ਵਿਸ਼ਵ ਪੱਧਰੀ ਮੁਕਾਬਲੇ ਵਿੱਚ 'ਲੋਹੇ ਦਾ ਬੰਦਾ' (ਆਇਰਨਮੈਨ) ਖ਼ਿਤਾਬ ਪ੍ਰਾਪਤ ਕਰਨ ਵਾਲੇ ਹਰਜੀਤ ਸਿੰਘ ਨੂੰ ਲੰਘੇ ਸ਼ੁੱਕਰਵਾਰ 8 ਮਈ ਨੂੰ ਬਰੈਂਪਟਨ ਸਿਟੀ ਕੌਂਸਲ ਵੱਲੋਂ ਸਥਾਨਕ 'ਰੋਜ਼ ਥੀਏਟਰ' ਵਿੱਚ ਹੋਏ ਇੱਕ ਪ੍ਰਭਾਵਸ਼ਾਲੀ ਸਮਾਗ਼ਮ ਵਿੱਚ ਮੇਅਰ ਪੈਟਰਿਕ ਬਰਾਊਨ ਵੱਲੋਂ ਸ਼ੀਸ਼ੇ 'ਚ ਜੜਿਆ ਹੋਇਆ ਸ਼ਾਨਦਾਰ ਸਨਮਾਨ-ਚਿੰਨ੍ਹ ਦੇ ਕੇ ਸਾਲ 2024 ਦੇ 'ਇੰਸਪੀਰੇਸ਼ਨਲ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਪ੍ਰਦਾਨ ਕਰਨ ਸਮੇਂ ਉਨ੍ਹਾਂ ਦੇ ਨਾਲ ਬਰੈਂਪਟਨ ਸਿਟੀ ਕੌਂਸਲ ਦੇ ਮੈਂਬਰ ਵਾਰਡ ਨੰਬਰ 1 ਤੇ 5 ਦੇ ਰੀਜਨਲ ਕੌਂਸਲਰ ਰੋਵੀਨਾ ਸੈਂਤੋਸ ਅਤੇ ਵਾਰਡ ਨੰਬਰ 3 ਤੇ 4 ਦੇ ਰੀਜਨਲ ਕੌਂਸਲਰ ਡੈਨਿਸ ਕੀਨਨ ਸ਼ਾਮਲ ਸਨ।

ਪਾਠਕਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ 'ਆਇਰਨਮੈਨ' ਦਾ ਇਹ ਖ਼ਿਤਾਬ ਹਾਸਲ ਕਰਨਾ ਕੋਈ 'ਖਾਲਾ ਜੀ ਦਾ ਵਾੜਾ' ਨਹੀਂ ਹੈ। ਇਸ ਦੇ ਲਈ ਇਸ ਮੁਕਾਬਲੇ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਬੜੇ ਹੀ ਸਖ਼ਤ ਮੁਕਾਬਲੇ ਵਿੱਚੋਂ ਗੁਜ਼ਰਨਾ ਪੈਂਦਾ ਹੈ ਜਿਸ ਵਿੱਚ ਪਹਿਲਾਂ ਚਾਰ ਕਿਲੋਮੀਟਰ ਤੈਰਨਾ, ਫਿਰ 180 ਕਿਲੋਮੀਟਰ ਸਾਈਕਲ ਚਲਾਉਣਾ ਤੇ ਇਸ ਦੇ ਤੀਸਰੇ ਪੜਾਅ ਵਿੱਚ 42 ਕਿਲੋਮੀਟਰ ਦੌੜਨਾ ਹੁੰਦਾ ਹੈ ਅਤੇ ਇਹ ਤਿੰਨੇ ਪੜਾਅ 16 ਘੰਟਿਆਂ ਵਿੱਚ ਪੂਰੇ ਕਰਨੇ ਹੁੰਦੇ ਹਨ। ਹਰਜੀਤ ਸਿੰਘ ਨੇ ਇਹ ਸੱਭ 27 ਅਕਤੂਬਰ 2024 ਨੂੰ ਅਮਰੀਕਾ ਦੇ ਕੈਲੇਫ਼ੋਰਨੀਆ ਸੂਬੇ ਦੇ ਮਸ਼ਹੂਰ ਸ਼ਹਿਰ ਸੈਕਰਾਮੈਂਟੋ ਵਿੱਚ ਸਫ਼ਲਤਾ ਪੂਰਵਕ ਕਰ ਕੇ ਵਿਖਾਇਆ ਅਤੇ ਵਿਸ਼ਵ ਪੱਧਰ ਦੇ ਇਸ ਈਵੈਂਟ ਦੇ ਪ੍ਰਬੰਧਕਾਂ ਕੋਲੋਂ ਇਹ ਵੱਕਾਰੀ ਖ਼ਿਤਾਬ ਹਾਸਲ ਕੀਤਾ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਬਰੈਂਪਟਨ ਸਿਟੀ ਕੌਂਸਲ ਵੱਲੋਂ ਦਿੱਤੇ ਜਾਣ ਵਾਲੇ ਸਲਾਨਾ ਐਵਾਰਡਾਂ ਨੂੰ ਹਾਸਲ ਕਰਨ ਲਈ ਵੀ ਇੱਕ ਖ਼ਾਸ ਪ੍ਰਕਿਰਿਆ ਵਿੱਚੋਂ ਲੰਘਣਾ ਪੈਂਦਾ ਹੈ। ਇਹ ਐਵਾਰਡ ਦੇਣ ਲਈ ਸਿਟੀ ਕੌਂਸਲ ਵੱਲੋਂ ਇੱਕ ਕਮੇਟੀ ਦਾ ਗਠਨ ਕੀਤਾ ਜਾਂਦਾ ਜਿਸ ਦੇ ਮੈਂਬਰ ਇਨ੍ਹਾਂ ਇਨਾਮਾਂ ਲਈ ਆਏ ਯੋਗ ਨਾਵਾਂ ਉੱਪਰ ਗੰਭੀਰਤਾ ਨਾਲ ਵਿਚਾਰ ਕਰਦੇ ਹਨ ਜਿਨ੍ਹਾਂ ਨੇ ਉਸ ਸਾਲ ਦੌਰਾਨ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ ਹੁੰਦੀਆਂ ਹਨ ਜਾਂ ਵਿਸ਼ੇਸ਼ ਸਮਾਜ-ਸੇਵੀ ਕੰਮ ਕੀਤੇ ਹੁੰਦੇ ਹਨ। ਸਾਲ 2024 ਦਾ ਇਹ 'ਇੰਸਪੀਰੇਸ਼ਨਲ ਐਵਾਰਡ' ਹਰਜੀਤ ਸਿੰਘ ਨੂੰ ਦੇਣ ਲਈ ਵੀ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਦੇ ਵੱਲੋਂ ਸਰਬਸੰਮਤੀ ਨਾਲ ਇਹ ਐਵਾਰਡ ਹਰਜੀਤ ਸਿੰਘ ਨੂੰ ਉਸ ਦੀ ਵਿਸ਼ਵ-ਪੱਧਰੀ ਪ੍ਰਾਪਤੀ ਨੂੰ ਮੁੱਖ ਰੱਖਦਿਆਂ ਹੋਇਆਂ ਦੇਣ ਦੀ ਸਿਫ਼ਾਰਸ਼ ਕੀਤੀ ਗਈ।

ਇਸ ਤੋਂ ਪਹਿਲਾਂ 4 ਮਈ ਐਤਵਾਰ ਦੇ ਦਿਨ ਮਾਲਟਨ ਗੁਰਦੁਆਰਾ ਸਾਹਿਬ ਤੋਂ ਸਿੱਖ ਸਪਿਰਿਚੂਅਲ ਸੈਂਟਰ ਰੈਕਸਡੇਲ ਤੱਕ ਸਜਾਏ ਗਏ ਸ਼ਾਨਦਾਰ ਨਗਰ ਕੀਰਤਨ ਜਿਸ ਵਿੱਚ ਇੱਕ ਲੱਖ ਤੋਂ ਵਧੇਰੇ ਸ਼ਰਧਾਲੂਆਂ ਨੇ ਭਾਗ ਲਿਆ, ਦੌਰਾਨ ਸਿੱਖ ਸਪਿਰਿਚੂਅਲ ਸੈਂਟਰ ਗੁਰਦੁਆਰਾ ਸਾਹਿਬ ਰੈਕਸਡੇਲ ਵਿਖੇ ਸਜੇ ਹੋਏ ਭਾਰੀ ਦੀਵਾਨ ਵਿੱਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੀ ਹਾਜ਼ਰੀ ਵਿੱਚ ਹਰਜੀਤ ਸਿੰਘ ਨੂੰ ਗੁਰੂਘਰ ਦੀ ਬਖ਼ਸ਼ਿਸ਼ ਸਿਰੋਪਾਓ ਅਤੇ ਸ਼ਾਨਦਾਨ ਸਨਮਾਨ-ਚਿੰਨ ਨਾਲ ਸਨਮਾਨਿਤ ਕੀਤਾ ਗਿਆ। ਹਰਜੀਤ ਸਿੰਘ ਦੀ ਇਹ ਮਾਣ-ਸਨਮਾਨ ਸਮੂਹ ਪੰਜਾਬੀ ਕਮਿਊਨਿਟੀ ਲਈ ਬੜੇ ਮਾਣ ਵਾਲੀ ਗੱਲ ਹੈ।

ਇੱਥੇ ਇਹ ਵਰਨਣਯੋਗ ਹੈ ਕਿ ਹਰਜੀਤ ਸਿੰਘ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' ਦਾ ਸਰਗ਼ਰਮ ਮੈਂਬਰ ਹੈ। ਉਹ ਪਿਛਲੇ ਕਈ ਸਾਲਾਂ ਤੋਂ ਇਸ ਕਲੱਬ ਵੱਲੋਂ ਵੱਖ-ਵੱਖ ਸ਼ਹਿਰਾਂ ਵਿੱਚ ਹੋਣ ਵਾਲੇ ਦੌੜਾਂ ਦੇ ਮੁਕਾਬਲਿਆਂ ਵਿੱਚ ਇਸ ਕਲੱਬ ਵੱਲੋਂ ਮੈਰਾਥਨ ਤੇ ਹਾਫ਼-ਮੈਰਾਥਨ ਦੌੜਾਂ ਵਿੱਚ ਭਾਗ ਲੈ ਰਿਹਾ ਹੈ ਅਤੇ ਇਸ ਕਲੱਬ ਦਾ ਅਤੇ ਪੰਜਾਬੀ ਕਮਿਊਨਿਟੀ ਦਾ ਨਾਂ ਰੌਸ਼ਨ ਕਰ ਰਿਹਾ ਹੈ। ਇਹ ਵੀ ਜ਼ਿਕਰਯੋਗ ਹੈ ਕਿ 25 ਮਈ ਨੂੰ ਬਰੈਂਪਟਨ ਦੇ ਚਿੰਗੂਅਕੂਜ਼ੀ ਪਾਰਕ ਵਿੱਚ ਹੋ ਰਹੇ 'ਬੀਵੀਡੀ ਗਰੁੱਪ ਬਰੈਂਪਟਨ ਹਾਫ਼ ਮੈਰਾਥਨ' ਈਵੈਂਟ ਵਿੱਚ ਇਸ ਕਲੱਬ ਦੇ 100 ਦੇ ਲੱਗਭੱਗ ਮੈਂਬਰ ਵੱਖ-ਵੱਖ ਦੌੜਾਂ ਵਿੱਚ ਹਿੱਸਾ ਲੈ ਰਹੇ ਹਨ ਅਤੇ 'ਆਇਰਨਮੈਨ' ਹਰਜੀਤ ਸਿੰਘ ਵੀ ਉਨ੍ਹਾਂ ਵਿੱਚ ਸ਼ਾਮਲ ਹੋਵੇਗਾ।

# 'ਜੂਨੀਅਰ ਸ਼ੂਟਿੰਗ ਵੱਰਲਡ ਕੱਪ-2021' ਦਾ ਜੇਤੂ ਰਾਜਪ੍ਰੀਤ ਫਿਰ ਬਣਿਆ 43ਵੀਂ 'ਕੈਨੇਡੀਅਨ ਏਅਰ-ਗੰਨ ਗਰੈਂਡ ਪ੍ਰਿਕਸ ਚੈਂਪੀਅਨਸ਼ਿਪ-2025' ਦਾ ਚੈਂਪੀਅਨ










ਬਰੈਂਪਟਨ, (ਡਾ. ਝੰਡ) - ਖੇਡ ਜਗਤ ਵਿੱਚ ਆਮ ਕਰਕੇ ਅਤੇ ਪੰਜਾਬੀ ਕਮਿਊਨਿਟੀ ਵਿੱਚ ਖ਼ਾਸ ਤੌਰ 'ਤੇ ਇਹ ਖ਼ਬਰ ਬੜੇ ਚਾਅ ਤੇ ਉਤਸ਼ਾਹ ਨਾਲ ਪੜ੍ਹੀ/ਸੁਣੀ ਜਾਏਗੀ ਕਿ ਕਮਿਊਨਿਟੀ ਦਾ ਹੋਣਹਾਰ 'ਸ਼ੂਟਰ' ਰਾਜਪ੍ਰੀਤ ਸਿੰਘ ਇੱਕ ਵਾਰ ਫਿਰ '43ਵੀਂ ਕੈਨੇਡੀਅਨ ਏਅਰ-ਗੰਨ ਗਰੈਂਡ ਪ੍ਰਿਕਸ ਇੰਟਰਨੈਸ਼ਨਲ ਚੈਂਪੀਅਨਸ਼ਿਪ'-2025' ਦਾ ਚੈਂਪੀਅਨ ਬਣ ਗਿਆ ਹੈ। ਉਸਨੇ ਤੇ ਉਸਦੀ ਟੀਮ ਦੇ ਸਾਥੀਆਂ ਨੇ ਇਸ ਟੂਰਨਾਮੈਂਟ ਦੇ ਡਾਇਰੈੱਕਟਰ ਬਰੈੱਟ ਨੱਟਰਾਸ ਦੇ ਸ਼ੁਭ ਕਰ-ਕਮਲਾਂ ਹੱਥੋਂ ਆਪਣੇ ਗਲ਼ਾਂ ਵਿੱਚ ਸੋਨ-ਮੈਡਲ ਪੁਆ ਕੇ ਇਸ ਚੈਂਪੀਅਨਸ਼ਿੱਪ ਦੀਆਂ ਅਤੇ ਲੋਕਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਹਨ। ਇਹ ਚੈਂਪੀਅਨਸ਼ਿਪ ਓਨਟਾਰੀਓ ਪ੍ਰੋਵਿੰਸ ਦੇ ਸ਼ਹਿਰ ਕੁੱਕਸਵਿਲ ਟਾਊਨ ਵਿਖੇ 9,10 ਤੇ 11 ਮਈ ਸ਼ੁੱਕਰਵਾਰ, ਸ਼ਨੀਵਾਰ ਤੇ ਐਤਵਾਰ ਨੂੰ ਕਰਵਾਈ ਗਈ ਅਤੇ ਇਸ ਵਿੱਚ ਕੈਨੇਡਾ ਤੋਂ ਇਲਾਵਾ ਕਈ ਹੋਰ ਦੇਸ਼ਾਂ ਤੋਂ ਲੱਗਭੱਗ 150 ਸ਼ੂਟਰਾਂ ਨੇ ਭਾਗ ਲਿਆ। ਜ਼ਿਕਰਯੋਗ ਹੈ ਕਿ 'ਸ਼ੂਟਿੰਗ ਫ਼ੈੱਡਰੇਸ਼ਨ ਆਫ਼ ਕੈਨੇਡਾ' ਵੱਲੋਂ ਹਰ ਸਾਲ ਕਰਵਾਈ ਜਾਂਦੀ ਇਸ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਕੈਨੇਡਾ-ਭਰ ਅਤੇ ਹੋਰ ਦੇਸ਼ਾ ਤੋਂ ਵੀ ਸੈਂਕੜੇ ਸ਼ੂਟਰ ਭਾਗ ਲੈਂਦੇ ਹਨ ਅਤੇ ਇਸ ਵਿੱਚ ਨਿਸ਼ਾਨੇ ਸੇਧ ਕੇ ਆਪਣੀ ਕਿਸਮਤ ਅਜ਼ਮਾਉਂਦੇ ਹਨ। ਇਸ ਤੋਂ ਚਾਰ ਸਾਲ ਪਹਿਲਾਂ ਰਾਜਪ੍ਰੀਤ ਸਿੰਘ ਨੇ 2022 ਵਿੱਚ ਇਸ ਚੈਂਪੀਅਨਸ਼ਿਪ ਵਿੱਚ ਭਾਗ ਲੈ ਕੇ ਨਿੱਜੀ ਅਤੇ ਟੀਮ ਵਜੋਂ ਦੋ ਗੋਲਡ ਮੈਡਲ ਪ੍ਰਾਪਤ ਕੀਤੇ ਸਨ ਅਤੇ ਉਦੋਂ ਮੀਡੀਆ ਵਿੱਚ ਇਸ ਦੀ ਕਾਫ਼ੀ ਚਰਚਾ ਹੋਈ ਸੀ। ਫਿਰ ਰੋਜ਼ਗਾਰ ਦੀ ਭਾਲ਼ ਵਿੱਚ ਇਸ 'ਅਣਮੁੱਲੇ ਸ਼ੂਟਰ' ਨੂੰ ਓਨਟਾਰੀਓ ਸੂਬੇ ਨੂੰ ਛੱਡ ਕੇ ਨੋਵਾ ਸਕੋਸ਼ੀਆ ਜਾਣਾ ਪਿਆ ਜਿੱਥੇ ਸ਼ੂਟਿੰਗ ਦੀ ਪ੍ਰੈਕਟਿਸ ਲਈ 'ਸ਼ੂਟਿੰਗ ਰੇਂਜ' ਤੇ ਹੋਰ ਸੁਵਿਧਾਵਾਂ ਮੌਜੂਦ ਨਾ ਹੋਣ ਕਾਰਨ ਉਸ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਪਰ ਰਾਜਪ੍ਰੀਤ ਸਿੰਘ ਨੇ ਹੌਸਲਾ ਨਹੀਂ ਹਾਰਿਆ ਅਤੇ ਉਸ ਨੇ ਸ਼ੂਟਿੰਗ ਲਈ ਅਤੀ ਲੋੜੀਂਦੇ ਨਿੱਜੀ ਸਾਜ਼ੋ-ਸਮਾਨ ਨਾਲ ਹੀ ਆਪਣੀ ਪ੍ਰੈਕਟਿਸ ਜਾਰੀ ਰੱਖੀ। ਉਹ ਲੋੜੀਂਦੀ ਪ੍ਰੈਕਟਿਸ ਨਾ ਹੋਣ ਦੇ ਬਾਵਜੂਦ ਵੀ 2023, 2024 ਤੇ 2025 ਵਿਚ ਇਸ ਚੈਂਪੀਅਨਸ਼ਿਪ ਵਿੱਚ ਬਾਂਗ ਲੈਂਦਾ ਰਿਹਾ ਹੈ। ਇਹ ਬੜੀ ਖ਼ੁਸ਼ੀ ਅਤੇ ਉਤਸ਼ਾਹ ਵਾਲੀ ਗੱਲ ਹੈ ਕਿ ਉਹ ਆਪਣੀ ਟੀਮ ਦੇ ਨਾਲ ਇਸ ਸਾਲ ਇਸ ਚੈਂਪੀਅਨਸ਼ਿਪ ਵਿੱਚ ਹਿੱਸਾ ਲੈ ਕੇ 'ਇਨਡਿਵਿਜ਼ੁਅਲ' ਅਤੇ 'ਟੀਮ' ਦੋਹਾਂ ਤਰ੍ਹਾਂ ਦੇ ਈਵੈਂਟਸ ਵਿੱਚ ਹੀ ਪਹਿਲੇ ਨੰਬਰ 'ਤੇ ਆ ਕੇ ਇਸ ਚੈਂਪੀਅਨਸ਼ਿਪ ਦਾ 'ਚੈਂਪੀਅਨ' ਬਣਿਆ ਹੈ। ਇਸ ਦੇ ਨਾਲ ਹੀ ਇਸ ਨੌਜੁਆਨ ਦੀ ਤ੍ਰਾਸਦੀ ਹੈ ਕਿ ਉਹ ਅਜੇ ਤੱਕ ਕੈਨੇਡਾ ਦਾ ਸਿਟੀਜ਼ਨ ਨਹੀਂ ਬਣ ਸਕਿਆ ਹੈ, ਭਾਵੇਂ ਕਿ ਇਸ ਦੇ ਲਈ ਲੋੜੀਂਦੀ ਪ੍ਰਕਿਰਿਆ ਚੱਲ ਰਹੀ ਹੈ ਪਰ ਫਿਰ ਵੀ ਇਹ ਕਾਫ਼ੀ ਲੰਮਾਂ ਸਮਾਂ ਲੈ ਰਹੀ ਹੈ। ਸਾਲ 2022 ਵਿੱਚ ਹੋਈ ਸ਼ੂਟਿੰਗ ਚੈਂਪੀਅਨਸ਼ਿਪ ਜਿਸ ਵਿੱਚ ਉਹ ਨਿੱਜੀ ਤੌਰ 'ਤੇ ਅਤੇ ਆਪਣੀ ਟੀਮ ਵਿੱਚ ਸ਼ਾਮਲ ਹੋ ਕੇ ਚੈਂਪੀਅਨ ਬਣਿਆ ਸੀ, ਤੋਂ ਜਲਦੀ ਹੀ ਬਾਅਦ ਜੇਕਰ ਉਹ ਕੈਨੇਡਾ ਦਾ ਸਿਟੀਜ਼ਨ ਬਣ ਜਾਂਦਾ ਤਾਂ ਉਹ 2024 ਵਿੱਚ ਫ਼ਰਾਂਸ ਦੇ ਸ਼ਹਿਰ ਪੈਰਿਸ ਵਿੱਚ ਹੋਈਆਂ ਉਲਿੰਪਿਕਸ ਖੇਡਾਂ ਵਿੱਚ ਹਿੱਸਾ ਲੈ ਕੇ ਕੋਈ ਨਾ ਕੋਈ ਵਧੀਆ ਪੋਜ਼ੀਸ਼ਨ ਹਾਸਲ ਕਰ ਸਕਦਾ ਸੀ ਪਰ ਇਸ ਦੇ ਲਈ ਲੋੜੀਂਦੀ ਨਾਗਰਿਕਤਾ ਨਾ ਹੋਣ ਕਾਰਨ ਉਦੋਂ ਇਹ ਮੌਕਾ ਉਸ ਦੇ ਹੱਥੋਂ ਖੁੰਝ ਗਿਆ ਸੀ। ਹੁਣ ਵੀ ਜੇਕਰ ਉਹ ਜਲਦੀ ਹੀ ਇਸ ਦੇਸ਼ ਦਾ ਨਾਗਰਿਕ ਬਣ ਜਾਂਦਾ ਹੈ ਤਾਂ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿੱਚ 14 ਤੋਂ 30 ਜੁਲਾਈ 2028 ਨੂੰ ਹੋਣ ਵਾਲੀਆਂ ਉਲਿੰਪਿਕਸ ਵਿੱਚ ਭਾਗ ਲੈ ਕੇ ਕੈਨੇਡਾ ਲਈ ਜ਼ਰੂਰ ਕੋਈ ਨਾ ਕੋਈ ਵਧਿਆ 'ਮੱਲ' ਮਾਰ ਸਕਦਾ ਹੈ ਅਤੇ ਪੰਜਾਬੀ ਕਮਿਊਨਿਟੀ ਤੇ ਕੈਨੇਡਾ ਦਾ ਨਾਂ ਰੌਸ਼ਨ ਕਰ ਸਕਦਾ ਹੈ। ਉਸ ਦੇ ਚਾਹੁਣ ਵਾਲਿਆਂ ਨੂੰ ਅਤੇ ਪੰਜਾਬੀ ਕਮਿਊਨਿਟੀ ਦੋਹਾਂ ਨੂੰ ਹੀ ਭਵਿੱਖ ਵਿੱਚ ਉਸ ਕੋਲੋਂ ਬਹੁਤ ਆਸਾਂ ਤੇ ਉਮੀਦਾਂ ਹਨ। ਪ੍ਰਮਾਤਮਾ ਉਸ ਨੂੰ ਹਮੇਸ਼ਾ 'ਚੜ੍ਹਦੀ-ਕਲਾ' ਬਖ਼ਸ਼ੇ!

# ਕਿਸਾਨਾਂ ਦੀ ਚੁੱਪੀ 'ਤੇ ਭਗਵੰਤ ਮਾਨ ਦੀ ਟਿੱਪਣੀ 'ਤੇ ਸਿਆਸੀ ਹੰਗਾਮਾ

ਚੰਡੀਗੜ੍ਹ: ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਦੇ ਕਿਸਾਨਾਂ ਵਿਰੁੱਧ ਕੀਤੀਆਂ ਗਈਆਂ ਅਪਮਾਨਜਨਕ ਟਿੱਪਣੀਆਂ ਦੀ ਸਖ਼ਤ ਨਿੰਦਾ ਕੀਤੀ ਹੈ। ਬਾਜਵਾ ਨੇ ਕਿਹਾ ਕਿ ਨੰਗਲ ਡੈਮ 'ਤੇ ਮੁੱਖ ਮੰਤਰੀ ਨੇ ਕਿਸਾਨਾਂ 'ਤੇ ਹਮਲਾ ਕੀਤਾ ਅਤੇ ਏਅਰ ਕੰਡੀਸ਼ਨਡ ਟਰਾਲੀਆਂ ਵਿੱਚ ਵਿਰੋਧ ਪ੍ਰਦਰਸ਼ਨ ਕਰਨ ਲਈ ਉਨ੍ਹਾਂ ਦਾ ਮਜ਼ਾਕ ਉਡਾਇਆ, ਜੋ ਕਿ ਗਲਤ ਹੈ।

ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਅਜਿਹੇ ਬਿਆਨ ਨਹੀਂ ਦੇਣੇ ਚਾਹੀਦੇ।

ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਪਿਛਲੇ ਇੱਕ ਸਾਲ ਤੋਂ ਸਰਹੱਦ 'ਤੇ ਤਾਇਨਾਤ ਰਹੇ। 2020-21 ਵਿੱਚ ਖੇਤੀ ਕਾਨੂੰਨਾਂ ਵਿਰੁੱਧ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ 750 ਤੋਂ ਵੱਧ ਕਿਸਾਨਾਂ ਦੀ ਜਾਨ ਚਲੀ ਗਈ ਅਤੇ ਸ਼ੰਭੂ ਅਤੇ ਖਨੌਰੀ ਵਿੱਚ 2024-25 ਵਿੱਚ ਚੱਲ ਰਹੇ ਅੰਦੋਲਨ ਦੌਰਾਨ 45 ਹੋਰ ਕਿਸਾਨਾਂ ਦੀ ਮੌਤ ਹੋ ਗਈ। ਪੰਜਾਬ ਦੇ ਕਿਸਾਨ ਸਤਿਕਾਰ ਅਤੇ ਨਿਆਂ ਦੇ ਹੱਕਦਾਰ ਹਨ ਅਤੇ ਉਨ੍ਹਾਂ ਦਾ ਇਸ ਤਰ੍ਹਾਂ ਅਪਮਾਨ ਨਹੀਂ ਕੀਤਾ ਜਾਣਾ ਚਾਹੀਦਾ। ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਤੁਰੰਤ ਕਿਸਾਨਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਪੰਜਾਬ ਕਾਂਗਰਸ ਕਿਸਾਨਾਂ ਦੇ ਸੰਘਰਸ਼ ਵਿੱਚ ਉਨ੍ਹਾਂ ਦੇ ਨਾਲ ਖੜ੍ਹੀ ਹੈ। ਤੁਰੰਤ ਕਿਸਾਨਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਪੰਜਾਬ ਕਾਂਗਰਸ ਕਿਸਾਨਾਂ ਦੇ ਸੰਘਰਸ਼ ਵਿੱਚ ਉਨ੍ਹਾਂ ਦੇ ਨਾਲ ਖੜ੍ਹੀ ਹੈ।

ਪੰਜਾਬ ਅਤੇ ਹਰਿਆਣਾ ਵਿਚਾਲੇ ਚੱਲ ਰਹੇ ਪਾਣੀ ਵਿਵਾਦ ਦੇ ਵਿਚਕਾਰ, ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਨੂੰ ਨੰਗਲ ਵਿੱਚ ਕਿਸਾਨਾਂ 'ਤੇ ਟਿੱਪਣੀ ਕੀਤੀ ਸੀ। ਸੀਐਮ ਮਾਨ ਨੇ ਪਾਣੀ ਦੇ ਮੁੱਦੇ 'ਤੇ ਕਿਸਾਨ ਯੂਨੀਅਨਾਂ ਦੀ ਚੁੱਪੀ 'ਤੇ ਸਵਾਲ ਉਠਾਏ ਸਨ। ਮਾਨ ਨੇ ਕਿਹਾ ਸੀ ਕਿ ਇਹ ਕਿਸਾਨਾਂ ਦੀ ਸੋਚ ਨੂੰ ਦਰਸਾਉਂਦਾ ਹੈ ਕਿ ਉਨ੍ਹਾਂ ਦਾ ਇੱਕੋ ਇੱਕ ਕੰਮ ਹਾਈਵੇਅ ਨੂੰ ਰੋਕਣਾ ਹੈ। ਉਹ ਬੇਤੁਕੇ ਮੁੱਦਿਆਂ 'ਤੇ ਸੜਕਾਂ ਅਤੇ ਰੇਲਵੇ ਪਟੜੀਆਂ ਨੂੰ ਰੋਕ ਕੇ ਆਪਣਾ ਕਾਰੋਬਾਰ ਚਲਾ ਰਹੇ ਹਨ ਪਰ ਸੂਬੇ ਨਾਲ ਜੁੜੇ ਮਹੱਤਵਪੂਰਨ ਅਤੇ ਗੰਭੀਰ ਮੁੱਦਿਆਂ 'ਤੇ ਪੂਰੀ ਤਰ੍ਹਾਂ ਚੁੱਪ ਹਨ।

# ਲਾਵਾਰਿਸ-ਬੇਘਰ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਦਾ ਮੁੰਬਈ ਵਿਖੇ ਹੋਇਆ ਵਿਸ਼ੇਸ਼ ਸਨਮਾਨ

ਪਿਛਲੇ ਹਫਤੇ 4 ਮਈ 2025 ਨੂੰ ਮੁੰਬਈ ਵਿਖੇ ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਵੱਲੋਂ ਮੁੰਬਈ ਦੀਆਂ ਹੋਰ ਸਿੱਖ ਜੱਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇੱਕ ਸਮਾਗਮ ਦੌਰਾਨ ਗੁਰੂ ਅਮਰ ਦਾਸ ਅਪਾਹਜ ਆਸ਼ਰਮ, ਸਰਾਭਾ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਨੂੰ ਟਰਾਫੀ, ਸ਼ਾਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ । ਡਾ. ਨੌਰੰਗ ਸਿੰਘ ਮਾਂਗਟ ਨੂੰ ਇਹ ਪੁਰਸਕਾਰ ਉਹਨਾਂ ਵੱਲੋਂ ਪਿਛਲੇ 20 ਸਾਲਾਂ ਤੋਂ ਲਾਵਾਰਸ-ਬੇਘਰ ਮਰੀਜ਼ਾਂ ਦੀ ਲਗਾਤਰ ਕੀਤੀ ਜਾ ਰਹੀ ਨਿਰਸਵਾਰਥ ਸੇਵਾ ਨੂੰ ਮੁੱਖ ਰੱਖਦੇ ਹੋਏ ਦਿੱਤਾ ਗਿਆ। ਪੁਰਸਕਾਰ ਦੇਣ ਸਮੇਂ ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸ. ਪੂਰਨ ਸਿੰਘ ਬਾਂਗਾ, ਪ੍ਰਧਾਨ ਐਚ. ਐਸ. ਮਹਿਤਾ, ਜਨਰਲ ਸੈਕਟਰੀ ਇੰਦਰਜੀਤ ਸਿੰਘ ਤੋਂ ਇਲਾਵਾ ਟਰੱਸਟ ਦੇ ਹੋਰ ਮੈਂਬਰ ਅਤੇ ਬਹੁਤ ਸਾਰੀਆਂ ਸਿੱਖ ਜੱਥੇਬੰਦੀਆਂ ਵੱਲੋਂ ਨਾਮਵਰ ਸ਼ਖ਼ਸੀਅਤਾਂ ਮੌਜੂਦ ਸਨ। ਇਹ ਸਮਾਗਮ ਮੁੰਬਈ ਵਿਖੇ ਗੁਰੂ ਨਾਨਕ ਖਾਲਸਾ ਕਾਲਜ ਦੇ ਆਡੀਟੋਰੀਅਮ ਵਿੱਚ ਆਯੋਜਤ ਕੀਤਾ ਗਿਆ ਸੀ।




ਪੀ. ਏ. ਯੂ. ਲੁਧਿਆਣਾ, ਯੂਨੀਵਰਸਿਟੀ ਆਫ਼ਓਮਪ; ਵਿੰਡਸਰ (ਕੈਨੇਡਾ) ਅਤੇ ਮੌਰੀਸਨ ਸਾਇੰਟਿਫਿਕ ਰੀਸਰਚ ਕੰਪਨੀ ਕੈਲਗਰੀ (ਕੈਨੇਡਾ) ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਕਈ ਸਾਲ ਲੁਧਿਆਣਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸਾਇਕਲ ਤੇ ਫਿਰਕੇ ਸੜਕਾਂ ਕੰਢੇ ਪਏ ਬੇਘਰ, ਲਾਵਾਰਸ, ਅਪਾਹਜ ਅਤੇ ਬਿਮਾਰ ਲੋੜਵੰਦਾਂ ਦੀ ਸੇਵਾ-ਸੰਭਾਲ ਕੀਤੀ । ਅਜਿਹੇ ਲੋਕਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਦੇ ਨਜ਼ਦੀਕ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਬਣਵਾਇਆ। ਡਾ. ਨੌਰੰਗ ਸਿੰਘ ਮਾਂਗਟ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਹੁਣ 225 ਦੇ ਕਰੀਬ ਅਪਾਹਜ, ਬੇਸਹਾਰਾ, ਨੇਤਰਹੀਣ, ਅਧਰੰਗ ਦੀ ਬਿਮਾਰੀ ਵਾਲੇ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ, ਦਿਮਾਗੀ ਸੰਤੁਲਨ ਗੁਆ ਚੁੱਕੇ, ਲਾਇਲਾਜ ਰੋਗਾਂ ਨਾਲ ਪੀੜਤ ਲਾਵਾਰਸ, ਬੇਘਰ ਤੇ ਗਰੀਬ ਲੋਕ ਪੱਕੇ ਤੌਰ 'ਤੇ ਰਹਿ ਰਹੇ ਹਨ। ਇਹਨਾਂ 'ਚ ਜ਼ਿਆਦਾਤਰ ਉਹ ਹਨ ਜਿਹਨਾਂ ਨੂੰ ਸੜਕਾਂ 'ਤੋਂ ਬਹੁਤ ਤਰਸਯੋਗ ਹਾਲਤ 'ਚ ਚੁੱਕ ਕੇ ਲਿਆਂਦਾ ਗਿਆ ਸੀ। ਇਹਨਾਂ ਸਵਾ ਦੋ ਸੌ (225) ਲਾਵਾਰਸ-ਬੇਘਰ ਮਰੀਜ਼ਾਂ 'ਚ ਸਵਾ ਸੌ (125) ਦੇ ਕਰੀਬ ਮਰੀਜ਼ਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ । ਅੱਸੀ ਦੇ ਕਰੀਬ ਅਜਿਹੇ ਹਨ ਜਿਹਨਾਂ ਨੂੰ ਆਪਣੀ ਸੁੱਧ-ਬੁੱਧ ਨਹੀਂ ਹੈ, ਉਹ ਆਪਣੇ ਬਾਰੇ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ । ਸੱਠ (60) ਦੇ ਕਰੀਬ ਮਰੀਜ਼ ਅਜਿਹੇ ਹਨ ਜੋ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦੇ ਹਨ। ਅਜਿਹੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਮੁਫ਼ਓਮਪ;ਤ ਮੈਡੀਕਲ ਸਹਾਇਤਾ ਦੇ ਕੇ ਉਹਨਾਂ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ । ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਓਮਪ;ਤ ਮੁਹੱਈਆ ਕਰਵਾਈ ਜਾਂਦੀ ਹੈ। ਚਾਲੀ (40) ਦੇ ਕਰੀਬ ਸਟਾਫ਼ਓਮਪ; ਤੇ ਸੇਵਾਦਾਰ ਆਸ਼ਰਮ 'ਚ ਕੰਮ ਕਰਦੇ ਹਨ । ਸੇਵਾਦਾਰ ਇਹਨਾਂ ਮਰੀਜ਼ਾਂ ਨੂੰ ਇਸ਼ਨਾਨ ਕਰਾਉਂਦੇ ਹਨ, ਕਪੜੇ ਬਦਲੀ ਕਰਦੇ ਹਨ। ਲਾਚਾਰ ਮਰੀਜ਼ਾਂ ਨੂੰ ਖਾਣਾ ਵੀ ਆਪ ਖੁਆਉਂਦੇ ਹਨ। ਡਾਕਟਰ ਤੇ ਨਰਸਾਂ ਮਰੀਜ਼ਾਂ ਨੂੰ ਦੁਆਈਆਂ ਦਿੰਦੇ ਹਨ । ਇੱਥੇ ਤਕਰੀਬਨ ਤਿੰਨ ਸੌ ਮਰੀਜ਼ਾਂ ਤੇ ਸੇਵਾਦਾਰਾਂ ਲਈ ਲੰਗਰ ਤਿਆਰ ਹੁੰਦਾ ਹੈ। ਇਹਨਾਂ ਮਰੀਜ਼ਾਂ ਤੇ ਆਉਣ ਵਾਲਾ ਤਿੰਨ ਕਰੋੜ ਦੇ ਕਰੀਬ ਸਾਲਾਨਾ ਖਰਚਾ ਸੰਗਤਾਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਹੀ ਚਲਦਾ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ (ਇੰਡੀਆ):95018-42505; ਕੈਨੇਡਾ: 403-401-8787

GTA
Plumbing & Electrical Supplies
GTA Plumbling & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

ਪੰਜਾਬ ਸਟਾਰ
www.punjabstar.com

# ਮਜ਼ਬੂਤ ਹੱਡੀਆਂ ਤੇ ਸਕਿਨ ਦੀ ਖ਼ੂਬਸੂਰਤੀ ਲਈ ਜ਼ਰੂਰੀ ਹੈ ਕਾਪਰ




ਹਾਲ ਹੀ ਵਿੱਚ ਤੁਸੀਂ ਕਾਪਰ ਦੀ ਵਰਤੋਂ ਕਰਨ ਵਾਲੇ ਫਿਲਟਰਾਂ ਦੇ ਬਹੁਤ ਸਾਰੇ ਇਸ਼ਤਿਹਾਰ ਦੇਖੇ ਹੋਣਗੇ। ਹਾਲਾਂਕਿ, ਇਹ ਖਣਿਜ ਕੁਦਰਤੀ ਤੌਰ 'ਤੇ ਕਈ ਚੀਜ਼ਾਂ ਵਿੱਚ ਵੀ ਪਾਇਆ ਜਾਂਦਾ ਹੈ। ਇਹ ਸਿਹਤ ਲਈ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ। ਆਓ ਜਾਣਦੇ ਹਾਂ ਕਿ ਇਸਦੀ ਕਮੀ ਕਾਰਨ ਕਿਹੜੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਅਤੇ ਇਸਦੀ ਕਮੀ ਨੂੰ ਦੂਰ ਕਰਨ ਦੇ ਕੀ ਤਰੀਕੇ ਹਨ।

### ਮਿੱਟੀ ਵਿੱਚ ਮਿਲਦਾ ਹੈ

ਕਾਪਰ ਇੱਕ ਖਣਿਜ ਹੈ ਅਤੇ ਮਿੱਟੀ ਵਿੱਚ ਕੁਦਰਤੀ ਤੌਰ 'ਤੇ ਪਾਇਆ ਜਾਂਦਾ ਹੈ। ਸਾਡੇ ਸਰੀਰ ਕਾਪਰ ਨਹੀਂ ਬਣਾ ਸਕਦੇ ਅਤੇ ਮਨੁੱਖਾਂ ਨੂੰ ਜਿਉਂਦੇ ਰਹਿਣ ਲਈ ਇਸਦੀ ਲੋੜ ਹੁੰਦੀ ਹੈ। ਅਜਿਹੀ ਸਥਿਤੀ ਵਿੱਚ, ਅਸੀਂ ਭੋਜਨ ਰਾਹੀਂ ਇਸ ਕਮੀ ਨੂੰ ਪੂਰਾ ਕਰ ਸਕਦੇ ਹਾਂ।

### ਕਮੀ ਹਾਈਪੋਪਿਗਮੈਂਟੇਸ਼ਨ ਦਾ ਕਾਰਨ ਬਣ ਸਕਦੀ ਹੈ

ਕਾਪਰ ਸਕਿਨ ਲਈ ਇੱਕ ਜ਼ਰੂਰੀ ਖਣਿਜ ਹੈ। ਇਸਦੀ ਕਮੀ ਮੇਲੇਨਿਨ ਨੂੰ ਘਟਾ ਸਕਦੀ ਹੈ, ਜੋ ਤੁਹਾਡੀ ਸਕਿਨ ਦਾ ਰੰਗ ਬਣਾਉਂਦਾ ਹੈ। ਇਸਦੀ ਕਮੀ ਹਾਈਪੋਪਿਗਮੈਂਟੇਸ਼ਨ ਜਾਂ ਸਕਿਨ ਦੇ ਰੰਗ ਨੂੰ ਹਲਕਾ ਕਰਨ ਦਾ ਕਾਰਨ ਬਣ ਸਕਦੀ ਹੈ। ਕੁਝ ਸਬੂਤ ਸੁਝਾਅ ਦਿੰਦੇ ਹਨ ਕਿ ਤਾਂਬਾ, ਜ਼ਿੰਕ ਅਤੇ ਆਇਰਨ ਸਕਿਨ ਦੀਆਂ ਸਥਿਤੀਆਂ ਜਿਵੇਂ ਕਿ ਮੁਹਾਂਸਿਆਂ, ਚੰਬਲ ਅਤੇ ਚੰਬਲ ਦੇ ਇਲਾਜ ਵਿੱਚ ਭੂਮਿਕਾ ਨਿਭਾ ਸਕਦੇ ਹਨ।

### ਅਨੀਮੀਆ ਨੂੰ ਰੋਕਦਾ ਹੈ

ਹੀਮੋਗਲੋਬਿਨ ਬਣਾਉਣ ਲਈ ਕਾਪਰ ਦੀ ਲੋੜ ਹੁੰਦੀ ਹੈ, ਜੋ ਸਰੀਰ ਦੇ ਟਿਸ਼ੂਆਂ ਤੱਕ ਆਕਸੀਜਨ ਪਹੁੰਚਾਉਣ ਵਿੱਚ ਮਦਦ ਕਰਦਾ ਹੈ। ਹੀਮੋਗਲੋਬਿਨ ਦੀ ਕਮੀ ਕਾਰਨ ਅਨੀਮੀਆ ਹੋਣ ਦਾ ਖ਼ਤਰਾ ਰਹਿੰਦਾ ਹੈ। ਹਾਲਾਂਕਿ, ਆਇਰਨ ਅਤੇ ਵਿਟਾਮਿਨ ਬੀ12 ਦੀ ਕਮੀ ਕਾਰਨ ਅਨੀਮੀਆ ਦਾ ਖ਼ਤਰਾ ਵੀ ਹੁੰਦਾ ਹੈ।

### ਇਮਿਊਨਿਟੀ ਲਈ ਜ਼ਰੂਰੀ

ਕਾਪਰ ਦੀ ਕਮੀ ਚਿੱਟੇ ਰਕਤਾਣੂਆਂ ਦੇ ਪੱਧਰ ਨੂੰ ਘੱਟ ਕਰਨ ਦਾ ਕਾਰਨ ਬਣਦੀ ਹੈ, ਇੱਕ ਸਥਿਤੀ ਜਿਸਨੂੰ ਨਿਊਟ੍ਰੋਪੇਨੀਆ ਕਿਹਾ ਜਾਂਦਾ ਹੈ। ਚਿੱਟੇ ਰਕਤਾਣੂਆਂ ਦੀ ਘਾਟ ਕਾਰਨ, ਤੁਹਾਡਾ ਸਰੀਰ ਇਨਫੈਕਸ਼ਨਾਂ ਨਾਲ ਲੜਨ ਦੇ ਯੋਗ ਨਹੀਂ ਹੁੰਦਾ। ਜੇਕਰ ਤੁਹਾਡੇ ਕੋਲੇ ਦਾ ਪੱਧਰ ਘੱਟ ਹੈ, ਤਾਂ ਇਮਿਊਨ ਸਿਸਟਮ ਤੁਹਾਨੂੰ ਬੈਕਟੀਰੀਆ ਅਤੇ ਹੋਰ ਬਿਮਾਰੀ ਪੈਦਾ ਕਰਨ ਵਾਲੀਆਂ ਚੀਜ਼ਾਂ ਤੋਂ ਬਚਾਉਣ ਦੇ ਯੋਗ ਨਹੀਂ ਹੈ।

### ਹੱਡੀਆਂ ਵੀ ਮਜ਼ਬੂਤ ਹੁੰਦੀਆਂ ਹਨ

ਭਾਵੇਂ ਕੈਲਸ਼ੀਅਮ ਹੱਡੀਆਂ ਨੂੰ ਮਜ਼ਬੂਤ ਬਣਾਉਣ ਲਈ ਇੱਕ ਜਾਣਿਆ-ਪਛਾਣਿਆ ਖਣਿਜ ਹੈ, ਪਰ ਹੱਡੀਆਂ ਨੂੰ ਮਜ਼ਬੂਤ ਬਣਾਉਣ ਲਈ ਹੋਰ ਪੌਸ਼ਟਿਕ ਤੱਤਾਂ ਦੀ ਵੀ ਲੋੜ ਹੁੰਦੀ ਹੈ, ਜਿਸ ਵਿੱਚ ਕਾਪਰ ਵੀ ਸ਼ਾਮਲ ਹੈ। ਸਰੀਰ ਬਹੁਤ ਘੱਟ ਮਾਤਰਾ ਵਿੱਚ ਕਾਪਰ ਸਟੋਰ ਕਰਦਾ ਹੈ, ਅਤੇ ਇਸਦਾ ਦੋ ਤਿਹਾਈ ਹਿੱਸਾ ਤੁਹਾਡੀਆਂ ਹੱਡੀਆਂ ਅਤੇ ਮਾਸਪੇਸ਼ੀਆਂ ਵਿੱਚ ਸਟੋਰ ਹੁੰਦਾ ਹੈ। ਕਾਪਰ ਹੱਡੀਆਂ ਦੇ ਸਹੀ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ, ਅਤੇ ਇਸਦੀ ਘਾਟ ਓਸਟੀਓਪੋਰੋਸਿਸ ਦਾ ਕਾਰਨ ਬਣ ਸਕਦੀ ਹੈ।

### ਵੱਡੀ ਮਾਤਰਾ ਵਿੱਚ ਕਾਪਰ ਦੀ ਲੋੜ ਹੁੰਦੀ ਹੈ

ਸਰੀਰ ਦੇ ਸਾਰੇ ਕਾਰਜਾਂ ਨੂੰ ਸਹੀ ਢੰਗ ਨਾਲ ਪੂਰਾ ਕਰਨ ਲਈ ਕਾਪਰ ਦੀ ਕਾਫ਼ੀ ਮਾਤਰਾ ਦੀ ਲੋੜ ਹੁੰਦੀ ਹੈ। 9 ਤੋਂ 13 ਸਾਲ ਦੀ ਉਮਰ ਦੇ ਬੱਚਿਆਂ ਨੂੰ ਹਰ ਰੋਜ਼ 700 ਮਾਈਕ੍ਰੋਗ੍ਰਾਮ ਕਾਪਰ ਦੀ ਲੋੜ ਹੁੰਦੀ ਹੈ, ਜਦੋਂ ਕਿ 14 ਤੋਂ 18 ਸਾਲ ਦੀ ਉਮਰ ਦੇ ਅੱਲ੍ਹੜਾਂ ਨੂੰ 890 ਮਾਈਕ੍ਰੋਗ੍ਰਾਮ ਦੀ ਲੋੜ ਹੁੰਦੀ ਹੈ, ਜਦੋਂ ਕਿ ਬਾਲਗਾਂ ਨੂੰ 900 ਮਾਈਕ੍ਰੋਗ੍ਰਾਮ ਦੀ ਲੋੜ ਹੁੰਦੀ ਹੈ। ਹਾਲਾਂਕਿ, ਗਰਭਵਤੀ ਔਰਤਾਂ ਨੂੰ ਰੋਜ਼ਾਨਾ 1,000 ਮਾਈਕ੍ਰੋਗ੍ਰਾਮ ਤਾਂਬੇ ਦੀ ਲੋੜ ਹੁੰਦੀ ਹੈ, ਜਦੋਂ ਕਿ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਨੂੰ 1,300 ਮਾਈਕ੍ਰੋਗ੍ਰਾਮ ਕਾਪਰ ਦੀ ਲੋੜ ਹੁੰਦੀ ਹੈ।

### ਇਨ੍ਹਾਂ ਵਿੱਚ ਕਾਪਰ ਜ਼ਿਆਦਾ ਹੁੰਦਾ ਹੈ

ਡਾਰਕ ਚਾਕਲੇਟ, ਆਲੂ, ਕਾਜੂ, ਸੂਰਜਮੁਖੀ ਦੇ ਬੀਜ, ਟੋਫੂ, ਛੋਲੇ, ਮੋਟੇ ਅਨਾਜ, ਆਵਾਕੈਡੋ, ਅੰਜੀਰ

### ਪਾਣੀ ਸਭ ਤੋਂ ਆਸਾਨ ਅਤੇ ਸਸਤਾ ਤਰੀਕਾ ਹੈ

ਸਾਡਾ ਸਰੀਰ ਕਾਪਰ ਸਿੱਧਾ ਨਹੀਂ ਹਜ਼ਮ ਕਰ ਸਕਦਾ। ਸੇਵਨ ਦਾ ਇੱਕੋ ਇੱਕ ਸਰੋਤ ਖੁਰਾਕ ਹੈ। ਜਦੋਂ ਭੋਜਨ ਰਾਹੀਂ ਇਸ ਲੋੜ ਨੂੰ ਪੂਰਾ ਕਰਨ ਦੀ ਗੱਲ ਆਉਂਦੀ ਹੈ, ਤਾਂ ਬਦਲ ਸੀਮਤ ਹੁੰਦੇ ਹਨ। ਇਸ ਲਈ, ਤਾਂਬੇ ਨੂੰ ਮਿਲਾਉਣ ਦਾ ਸਭ ਤੋਂ ਆਸਾਨ ਤਰੀਕਾ ਹੈ ਇਸਨੂੰ ਪਾਣੀ ਰਾਹੀਂ ਲੈਣਾ।

ਤੁਸੀਂ ਰਾਤ ਭਰ ਤਾਂਬੇ ਦੇ ਜੱਗ, ਘੜੇ ਜਾਂ ਬੋਤਲ ਵਿੱਚ ਪਾਣੀ ਰੱਖ ਸਕਦੇ ਹੋ ਅਤੇ ਸਵੇਰੇ ਖਾਲੀ ਪੇਟ 1-2 ਗਲਾਸ ਪੀ ਸਕਦੇ ਹੋ। ਇਸ ਤੋਂ ਵੱਧ ਪਾਣੀ ਨਾ ਪੀਓ ਅਤੇ ਨਾ ਹੀ ਇਸਨੂੰ ਠੰਡਾ ਕਰਨ ਲਈ ਫਰਿੱਜ ਵਿੱਚ ਰੱਖੋ। ਤੁਹਾਨੂੰ ਇਹ ਪਾਣੀ ਰੋਜ਼ਾਨਾ ਦੋ ਤੋਂ ਤਿੰਨ ਮਹੀਨੇ ਲਗਾਤਾਰ ਪੀਣਾ ਪਵੇਗਾ ਅਤੇ ਫਿਰ ਕੁਝ ਮਹੀਨਿਆਂ ਦਾ ਬ੍ਰੇਕ ਲੈਣਾ ਪਵੇਗਾ ਅਤੇ ਫਿਰ ਦੁਬਾਰਾ ਸ਼ੁਰੂ ਕਰਨਾ ਪਵੇਗਾ। ਆਯੁਰਵੇਦ ਅਨੁਸਾਰ, ਇਸ ਪਾਣੀ ਨੂੰ ਪੀਣ ਦੇ ਕਈ ਫਾਇਦੇ ਹਨ:

### ਸਰੀਰ ਦੇ ਤਿੰਨੋਂ ਦੋਸ਼ਾਂ ਜਿਵੇਂ ਕਿ ਕਫ, ਵਾਤ ਅਤੇ ਪਿੱਤ ਨੂੰ ਸੰਤੁਲਿਤ ਕਰਦਾ ਹੈ।

ਅੰਗਾਂ ਦੇ ਸਹੀ ਕੰਮ ਕਰਨ ਵਿੱਚ ਮਦਦ ਕਰਦਾ ਹੈ
ਪੌਸ਼ਟਿਕ ਤੱਤਾਂ ਨੂੰ ਪਚਾਉਣ ਵਿੱਚ ਮਦਦ ਕਰਦਾ ਹੈ
ਮੈਟਾਬੋਲਿਜ਼ਮ ਪ੍ਰਕਿਰਿਆ ਨੂੰ ਵਧਾਉਂਦਾ ਹੈ
ਤੁਹਾਡੇ ਸਰੀਰ ਨੂੰ ਸਾਫ਼ ਕਰਦਾ ਹੈ
ਸਰੀਰ ਨੂੰ ਡੀਟੌਕਸ ਕਰਨ ਵਿੱਚ ਮਦਦ ਕਰਦਾ ਹੈ।

ਪੂਰਕ ਵਜੋਂ ਨਾ ਲਓ

ਜ਼ਿਆਦਾਤਰ ਲੋਕਾਂ ਨੂੰ ਕਾਪਰ ਦੀਆਂ ਜ਼ਰੂਰਤਾਂ ਭੋਜਨ ਜਾਂ ਪਾਣੀ ਤੋਂ ਮਿਲਦੀਆਂ ਹਨ, ਪਰ ਜੇਕਰ ਇਸਨੂੰ ਸਪਲੀਮੈਂਟ ਵਜੋਂ ਲਿਆ ਜਾਵੇ ਤਾਂ ਓਵਰਡੋਜ਼ ਦਾ ਖ਼ਤਰਾ ਹੁੰਦਾ ਹੈ। ਇਸ ਨਾਲ ਪੇਟ ਦਰਦ, ਦਸਤ, ਜਿਗਰ ਦੀ ਬਿਮਾਰੀ, ਮਤਲੀ ਅਤੇ ਉਲਟੀਆਂ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਆਪਣੇ ਡਾਕਟਰ ਦੀ ਸਲਾਹ ਲਏ ਬਿਨਾਂ ਇਸ ਸਪਲੀਮੈਂਟ ਨੂੰ ਲੈਣਾ ਸ਼ੁਰੂ ਨਾ ਕਰੋ।

# ਦੁਬਈ ਸਿਟੀ ਆਫ਼ ਗੋਲਡ


## ਮਿਲਣਗੇ ਸੋਨੇ ਦੇ ਗਹਿਣੇ, ਸਿੱਕੇ ਤੇ ਅਸ਼ਰਫੀਆਂ









Anil Dheer
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

ਆਪਣੇ ਪਰਿਵਾਰ ਨਾਲ ਅੱਜ ਸਵੇਰੇ 11 ਵਜੇ ਦੁਬਈ ਸਿਟੀ ਆਫ ਗੋਲਡ ਯਾਨਿ ਦੁਬਈ ਗੋਲਡ ਸੌਕ, ਯੂਏਈ 'ਚ ਇੱਕ ਰਵਾਇਤੀ ਬਾਜ਼ਾਰ ਜਾਣ, ਦੇਖਣ 'ਤੇ ਘੁੱਮਣ ਦਾ ਮੌਕਾ ਮਿਲਿਆ। ਦੁਬਈ ਗੋਲਡ ਸੌਕ, ਉੱਤਰ ਵੱਲ ਡੇਰਾ ਬੱਸ ਸਟੈਂਡ ਦੇ ਨੇੜੇ ਹੈ। ਦੁਬਈ ਗੋਲਡ ਸੂਕ ਦੁਨੀਆ ਦੇ ਸੱਭ ਤੋਂ ਵੱਡੇ ਬਾਜ਼ਾਰਾਂ ਵਿੱਚੋ ਇੱਕ ਹੈ।

ਇਹ ਬਾਜ਼ਾਰ ਦੁਬਈ ਦੇ ਵਪਾਰਕ ਜ਼ਿਲ੍ਹੇ ਡੇਰਾ 'ਚ ਅਲ ਰਾਸ ਦੇ ਇਲਾਕੇ 'ਚ ਸਥਿਤ ਹੈ। ਇੱਥੇ ਗੋਲਡ ਦੇ ਛੋਟੇ-ਵੱਡੇ ਕਰੀਬਨ 380 ਤੋਂ ਵੱਧ ਰਿਟੇਲਰ ਹਨ। 2020 ਤੱਕ, ਕੁੱਝ ਦੁਕਾਨਾਂ ਚਾਰ ਦਹਾਕੇ ਪੁਰਾਣੀਆਂ ਸਨ। ਇਸ ਬਾਜ਼ਾਰ 'ਚ ਖਾਸ ਤੌਰ 'ਤੇ ਗੋਲਡ, ਪਲੈਟੀਨਮ ਓਤੇ ਡਾਇਮੰਡਜ਼ ਦੀ ਜਊਲਰੀ ਮਿਲਦੀ ਹੈ। ਗੋਲਡ ਸੂਕ ਨੂੰ 2-3 ਗੰਟੇ 'ਚ ਘੁੰਮਿਆ ਜਾ ਸਕਦਾ ਹੈ। ਦੁਬਈ ਗੋਲਡ ਸੂਕ ਜਾਣ ਤੋਂ ਪਹਿਲਾਂ ਆਨਲਾਈਨ ਦਿਨ 'ਤੇ ਬਾਜ਼ਾਰ ਖੁਲਣ ਦਾ ਟਾਈਮ ਜਰੂਰ ਚੈਕ ਕਰ ਲਵੋ। ਦੁਬਈ ਗੋਲਡ ਸੌਕ ਦਾ ਇਤਿਹਾਸ 1900 ਦੇ ਦਹਾਕੇ ਦੀ ਸ਼ੁਰੂਆਤ ਦਾ ਹੈ, ਜਦੋਂ ਇਸ ਥਾਂ 'ਤੇ ਅਣਪਛਾਤੇ ਲੋਕਲ ਲੋਕਾਂ ਦਾ ਗਹਿਣਿਆਂ ਦੇ ਸਮੂਹ ਦੀਆਂ ਦੁਕਾਨਾਂ ਸਨ।

1940 'ਚ ਭਾਰਤੀ, ਅਤੇ ਇਰਾਨੀ ਵਪਾਰੀਆਂ ਨੇ ਇਸ ਥਾਂ 'ਤੇ ਸਟਾਲ ਸਟਾਲ ਲਗਾਉਣੇ ਸ਼ੁਰੂ ਕਰ ਦਿੱਤੇ ਅਤੇ ਵਧੇਰੇ ਲੋਕਾਂ ਲਈ ਇੱਕ ਹੱਬ ਬਣਾਉਣਾ ਸ਼ੁਰੂ ਕਰ ਦਿੱਤਾ ਕਿਉਂ ਕਿ ਉਹ ਆਉਂਦੇ- ਜਾਂਦੇ ਸਨ। ਪਰ 1970 ਦੇ ਦਹਾਕੇ ਦੀ ਤੇਲ ਦੀ ਉਛਾਲ ਅਸਲ ਚਮਤਕਾਰ ਸੀ ਜਿਸਨੇ ਦੁਬਈ ਦੇ ਸੋਨਟ ਦੇ ਸੂਕ ਅੱਜ ਵਾਂਗ ਖਿੜਾ ਦਿੱਤਾ। ਬਾਜ਼ਾਰ ਨੂੰ ਸਾਲਾਂ ਦੌਰਾਣ ਕਈ ਬਾਰ ਵਿਸਥਾਰ ਅਤੇ ਮੁਰੰਮਤ ਕੀਤੀ ਗਈ, ਫਿਰ ਵੀ ਇਹ ਅਰਬੀ ਸੂਕ ਦੇ ਪੁਰਾਣੇ ਅਤੇ ਸੁਹਾਵਣੇ ਮਾਹੌਲ ਨੂੰ ਬਰਕਰਾਰ ਰੱਖਿਆ ਗਿਆ। ਕਿਹਾ ਜਾਂਦਾ ਹੈ ਕਿ ਇਸ ਮਾਰਕੀਟ ਦੇ ਵਿਕਰੇਤਾਵਾਂ 'ਚ ਰੋਜ਼ਾਨਾਂ ਲਗਭਗ 10 ਟਨ ਸੋਨਾ ਵੰਡਿਆ ਜਾਂਦਾ ਹੈ, ਜਿਸਨੂੰ ਕੁੱਝ ਅਤਿਕਥਨੀ ਸਮਝਦੇ ਹਨ। ਪਰ ਵਿਸ਼ਵਵਿਆਪੀ ਖਰੀਦਦਾਰਾਂ ਦੇ ਸਵਾਗਤ ਨੂੰ ਵੇਖਦਿਆਂ ਇਹ ਸੱਚ ਹੋ ਸਕਦਾ ਹੈ। ਦੁਬਈ ਗੋਲਡ ਸੂਕ ਹੁਣ ਦੁਨੀਆ ਦਾ ਸੱਭ ਤੋਂ ਵਿਅਸਤ ਅਤੇ ਸੱਭ ਤੋਂ ਮਸ਼ਹੂਰ ਗਹਿਣਿਆਂ ਦੇ ਬਾਜ਼ਾਰਾਂ ਵਿੱਚੋ ਇੱਕ ਬਣ ਗਿਆ ਹੈ। ਜੋ ਕਿ ਚਮਕਦਾਰ ਅਤੇ ਸਟਾਈਲਿਸ਼ ਚੀਜ਼ਾਂ, ਲਗਜ਼ਰੀ ਗਹਿਣਿਆਂ, ਮਹਿੰਗੇ ਅਤੇ ਉਸੇ ਸਮੇਂ ਵਿਕਰੀ ਲਈ ਕਿਫਾਇਤੀ ਚੀਜ਼ਾਂ ਦੇ ਰੂਪ 'ਚ ਵਿਲੱਖਣ ਹੈ।

ਅੰਦਾਜ਼ਨ ਵਿਸ਼ਵ ਦਾ 20% ਸੋਨਾ ਇਸ ਮਾਰਕੀਟ 'ਚ ਵਪਾਰ ਕਰਦਾ ਹੈ।

* ਵਿਸ਼ਵ ਭਰ 'ਚ ਸੋਨੇ ਦੀ ਕੀਮਤ ਨਿਸ਼ਚਿਤ ਹੈ ਅਤੇ ਇਸ ਤੋਂ ਘੱਟ 'ਚ ਵੇਚਿਆ ਵੀ ਨਹੀਂ ਜਾ ਸਕਦਾ। ਸਣਿਆ ਗਿਆ ਹੈ ਕਿ ਏਅਰਪੋਰਟ ਤੇ ਸੋਨਾ ਖਰੀਦਨਾ ਸਸਤਾ ਹੈ। ਹਾਲਾਂਕਿ ਡਿਊਟੀ ਫ੍ਰੀ ਗੋਲਡ ਸਸਤਾ ਨਹੀਂ ਹੈ। ਡਿਸਕਾਉਂਟ ਕੇਵਲ ਮੇਕਿੰਗ ਚਾਰਜ ਜਾਂ ਪ੍ਰੀਮੀਅਮ ਚਾਰਜ ਤੇ ਹੀ ਦਿੱਤਾ ਜਾਂਦਾ ਹੈ।

* ਗੋਲਡ ਸੋਕ 'ਚ ਬਾਰਗੇਨਿੰਗ, ਦੁਬਈ 'ਚ ਸੋਨੇ ਦੀ ਕੀਮਤ 'ਵਜ਼ਨ' 'ਤੇ ਤੈਅ ਕੀਤੀ ਜਾਂਦੀ ਹੈ। ਇੱਕ ਹਦ ਤੱਕ ਤੁਸੀਂ ਸਿਰਫ ਮੇਕਿੰਗ ਚਾਰਜ ਬਾਰੇ ਹੀ ਗੱਲ ਕਰ ਸਕਦੇ ਹੋ।

* ਦੁਬਈ ਗੋਲਡ ਸੋਕ ਨੂੰ ਦੁਬਈ ਨਗਰਪਾਲਿਕਾ ਰੇਨੋਵੇਸ਼ਨ ਕਰਨ ਦੀ ਯੋਜਨਾ ਬਣਾ ਰਹੀ ਹੈ। ਕਿਉਂ ਕਿ ਦੁਬਈ ਨਗਰਪਾਲਿਕਾ ਦੁਬਈ ਗੋਲਡ ਸੋਕ ਨੂੰ ਸੈਰ-ਸਪਾਟਾ ਬਣਾਉਣ ਦਾ ਯਤਨ ਕਰ ਰਹੀ ਹੈ।

* ਦੁਬਈ ਗੋਲਡ ਸੂਕ 64 ਕਿਲੋ ਵਜਨ ਵਾਲੀ ਵਿਸ਼ਵ ਦੀ ਸੱਭ ਤੋਂ ਵੱਡੀ ਰਿੰਗ ਦਾ ਗਿਨੀਜ਼ ਵਰਲਡ ਰਿਕਾਰਡ ਹੈ। ਇਹ ਟੁਕੜਾ ਦੁਬਈ ਸਥਿਤ ਤਾਇਬਾ ਦੀ ਮਲਕੀਅਤ ਹੈ।

* ਸਾਲ 2023 'ਚ, ਯੂਏਈ 'ਚ ਸੋਨੇ ਧਾ ਕੀਮਤ 'ਚ ਗਿਰਾਵਟ ਆਈ। ਇੱਕ ਮਜਬੂਤ ਡਾਲਰ ਅਤੇ ਫੈਡਰਲ ਰਿਜ਼ਰਵ ਦੇ ਮੈਂਬਰਾਂ ਦੁਆਰਾ ਬੇਤੁਕੀ ਟਿਪਣੀਆਂ ਰਾਹੀਂ ਤੋਲਿਆ ਗਿਆ, ਸੋਨੇ ਦੀ ਸਪਾਟ ਕੀਮਤ 0.47% ਦੀ ਗਿਰਾਵਟ ਤੋਂ ਬਾਅਦ ਹੀ ਦੁਬਈ ਗੋਲਡ 'ਚ ਕਮੀ ਹੋ ਗਈ।

* ਦੁਬਈ 'ਚ ਸੋਨਾ ਦੂਜੇ ਦੇਸ਼ਾਂ ਦੇ ਮੁਕਾਬਲੇ ਸਸਤਾ ਹੈ। ਗੋਲਡ ਸੋਕ 'ਚ ਸੋਨੇ ਦੇ ਗਹਿਣੇ ਅਤੇ ਗੋਲਡ ਨਾਲ ਬਣੀਆਂ ਵਸਤਾਂ 'ਤੇ ਕੇਵਲ 5% ਵੈਟ ਲਗਾਇਆ ਜਾਂਦਾ ਹੈ। ਕਿਸੁਂ ਕਿ ਦੁਨੀਆ 'ਚ ਸੋਨੇ ਲਈ ਸੱਭ ਤੋਂ ਘੱਟ ਵੈਟ ਦਰਾਂ 'ਚ ਇੱਕ ਹੈ।

* ਗੋਲਡ ਦੀਆਂ ਬਣੀਆਂ ਵਸਤਾਂ ਦੀ ਕੁਆਲਿਟੀ ਨੂੰ ਯਕੀਨੀ ਬਣਾਉਣ ਵਾਸਤੇ ਦੁਬਈ ਸਰਕਾਰ ਦੇ ਇਹ ਸੱਭ ਕੰਟ੍ਰੋਲ 'ਚ ਹੈ। ਦੁਬਈ ਤੋਂ ਖਰੀਦਿਆ ਸੋਨੇ ਦੀ ਸ਼ੁੱਧਤਾ ਦੂਜੇ ਦੇਸ਼ਾਂ ਦੇ ਮੁਕਾਬਲੇ ਉੱਤਮ ਹੈ। ਬਾਵਜੂਦ ਇਸਦੇ ਗੋਲਡ ਦੇ ਗਹਿਣਿਆਂ ਦੀ ਕੀਮਤ ਅਤੇ ਕੈਲਕੁਲੇਸ਼ਨ ਬਾਰੇ ਖਰੀਦਦਾਰ ਨੂੰ ਵੀ ਧਿਆਣ ਰੱਖਣ ਦੀ ਲੋੜ ਹੈ।

* ਸ਼ੌਕੀਨ ਅਮੀਰ ਲੋਕ ਵਿਆਹ-ਸ਼ਾਦੀਆਂ ਲਈ ਸਪੈਸ਼ਲ ਦੁਬਈ ਤੋਂ ਆਪਣੀ ਪਸੰਦ ਦੇ ਗੋਲਡ, ਡਾਇਮੰਡ, ਅਤੇ ਪਲੈਟੀਨਮ ਧਾਤੂ ਦੇ ਬਣੇ ਆਲੀਸ਼ਾਨ ਗਹਿਣੇ ਖਰੀਦਦੇ ਹਨ।

* ਜੇ ਤੁਸੀਂ ਗੋਲਡ ਨਹੀਂ ਵੀ ਖਰੀਦਨਾ, ਤਾਂ ਕੋਈ ਗੱਲ ਨਹੀਂ। ਇਸ ਦੁਬਈ ਗੋਲਡ ਸੂਕ ਦੀ ਚਮਕ-ਦਮਕ ਅਤੇ ਸ਼ਾਨਦਾਰ ਖਜਾਨੇ ਨੂੰ ਦੇਖ ਕੇ ਹੀ ਮਨ ਖੁਸ਼ ਹੋ ਜਾਂਦਾ ਹੈ। ਇੱਥੇ ਬਿਤਾਇਆ ਸਮਾਂ ਤੁਹਾਡੀ ਜ਼ਿੰਦਗੀ ਦਾ ਕਦੇ ਨਾ ਭੁਲਣ ਵਾਲਾ ਸ਼ਾਨਦਾਰ ਪਲ ਬਣ ਜਾਵੇਗਾ। ਅਗਲੀ ਬਾਰ ਇੱਕ ਵੱਖਰਾ ਅਨੁਭਵ ਸਾਂਝਾ ਕਰਾਂਗੇ।












# ਰਾਸ਼ੀਫਲ

**ਮੇਖ :** ਆਪਣੀਆਂ ਭਾਵਨਾਵਾਂ ਤੇ ਖਾਸ ਤੌਰ ਤੇ ਗੁੱਸੇ ਉੱਪਰ ਕਾਬੂ ਰੱਖੋ। ਜੇਕਰ ਤੁਸੀ ਵਿਦਿਆਰਥੀ ਹੋ ਅਤੇ ਵਿਦੇਸ਼ਾਂ ਵਿਚ ਜਾ ਕੇ ਪੜਾਈ ਕਰਨਾ ਚਾਹੁੰਦੇ ਹੋ ਤਾਂ ਘਰ ਦੀ ਆਰਥਿਕ ਤੰਗੀ ਅੱਜ ਤੁਹਾਡੇ ਮੱਥੇ ਤੇ ਝਲਕ ਸਕਦੀ ਹੈ। ਰਿਸ਼ਤੇਦਾਰਾਂ ਨਾਲ ਬਿਤਾਇਆ ਗਿਆ ਸਮਾਂ ਤੁਹਾਡੇ ਲਈ ਲਾਭਦਾਇਕ ਰਹੇਗਾ। ਤੁਸੀ ਨਾਲ ਮਿਲ ਕੇ ਕਿਤੇ ਘੁੰਮਣ ਫਿਰਨ ਜਾ ਕੇ ਆਪਣੇ ਪਿਆਰ ਭਰੇ ਜੀਵਨ ਵਿਚ ਉਰਜਾ ਦਾ ਸੰਚਾਰ ਕਰ ਸਕਦੇ ਹੋ। ਅੱਜ ਦੇ ਦਿਨ ਸੂਝ ਬੂਝ ਨਾਲ ਕਦਮ ਉਠਾਉਣ ਦਾ ਹੈ ਇਸ ਲਈ ਉਦੋਂ ਤੱਕ ਆਪਣੇ ਵਿਚਾਰ ਵਿਅਕਤ ਨਾ ਕਰੋ ਜਦੋਂ ਤੱਕ ਤੁਸੀ ਸਫਲਤਾ ਦੇ ਲਈ ਕਾਬਿਲ ਨਾ ਹੋਵੋ। ਅੱਜ ਘਰ ਵਿਚ ਕਿਸੇ ਪਾਰਟੀ ਦੀ ਵਜਾਹ ਨਾਲ ਤੁਹਾਡਾ ਕੀਮਤੀ ਸਮਾਂ ਖਰਾਬ ਹੋ ਸਕਦਾ ਹੈ। ਅੱਜ ਤੁਸੀ ਮਹਿਸੂਸ ਕਰੋਂਗੇ ਕਿ ਤੁਹਾਡਾ ਵਿਆਹ ਕਦੇ ਇਨਾ ਖੂਬਸੂਰਤ ਨਹੀਂ ਰਿਹਾ ਸੀ।

**ਬ੍ਰਿਸ਼ਭ:** ਸ਼ਰਾਬ ਤੋਂ ਦੂਰ ਰਹੋ ਕਿਉਂ ਕਿ ਇਹ ਤੁਹਾਡੀ ਨੀਂਦ ਵਿਚ ਅੜਚਣ ਪਾ ਕੇ ਤੁਹਾਨੂੰ ਗਹਿਰੇ ਆਰਾਮ ਵਿਚ ਪਾ ਸਕਦੀ ਹੈ। ਤੁਹਾਡਾ ਕੋਈ ਪੁਰਾਣਾ ਦੋਸਤ ਅੱਜ ਕਾਰੋਬਾਰ ਵਿਚ ਲਾਭ ਕਮਾਉਣ ਦੇ ਲਈ ਤੁਹਾਨੂੰ ਸਲਾਹ ਦੇ ਸਕਦਾ ਹੈ ਜੇਕਰ ਇਸ ਸਲਾਹ ਨੂੰ ਤੁਸੀ ਮੰਨਦੇ ਹੋ ਤਾਂ ਤੁਹਾਨੂੰ ਲਾਭ ਜਰੂਰ ਹੋਵੇਗਾ। ਬੱਚੇ ਅਤੇ ਪਰਿਵਾਰ ਦਿਨ ਦਾ ਕੇਂਦਰ ਬਿੰਦੂ ਰਹਿਣਗੇ। ਅੱਜ ਤੁਸੀ ਅਜਿਹੇ ਇਨਸਾਨ ਨੂੰ ਮਿਲ ਸਕਦੇ ਹੋ ਜੋ ਤੁਹਾਨੂੰ ਆਪਣੀ ਜ਼ਿੰਦਗੀ ਤੋਂ ਜ਼ਿਆਦਾ ਚਾਹੁੰਦਾ ਹੈ। ਕੰਮ ਦੀ ਅਧਿਕਤਾ ਦੇ ਬਾਵਜੂਦ ਵੀ ਅੱਜ ਕੰਮਕਾਰ ਵਿਚ ਤਾਕਤ ਦੇਖੀ ਜਾ ਸਕਦੀ ਹੈ। ਅੱਜ ਤੁਸੀ ਦਿੱਤੇ ਗਏ ਕੰਮ ਨੂੰ ਤੈਅ ਕੀਤੇ ਸਮੇਂ ਤੋਂ ਪਹਿਲਾਂ ਹੀ ਪੂਰਾ ਕਰ ਸਕਦੇ ਹਨ। ਜੇਕਰ ਤੁਸੀ ਲੰਬੇ ਸਮੇਂ ਤੋਂ ਆਪਣੇ ਜੀਵਨ ਵਿਚ ਕਿਸੇ ਰੋਚਕ ਚੀਜ ਹੋਣ ਦਾ ਇੰਤਜ਼ਾਰ ਕਰ ਰਹੇ ਹੋ ਤਾਂ ਨਿਸ਼ਚਿਤ ਹੀ ਤੁਹਾਨੂੰ ਉਸ ਦੇ ਸੰਕਾਤ ਦਿਖਾਈ ਦੇਣ ਲੱਗਣਗੇ। ਤੁਸੀ ਅੱਜ ਵਿਆਹਕ ਜੀਵਨ ਦਾ ਭਰਪੂਰ ਅਨੰਦ ਲਉ।

**ਮਿਥੁਨ :** ਇਕੱਲੇਪਣ ਅਤੇ ਤਨਹਾਈ ਦੀ ਭਾਵਨਾ ਤੋਂ ਬਾਹਰ ਆਉ ਅਤੇ ਪਰਿਵਾਰ ਨਾਲ ਕੁਝ ਪਲ ਬਿਤਾਉ। ਅੱਜ ਤੁਹਾਨੂੰ ਆਪਣਾ ਧਨ ਖਰਚ ਕਰਨ ਦੀ ਲੋੜ ਨਹੀਂ ਪਵੇਗੀ ਕਿਉਂ ਕਿ ਘਰ ਦਾ ਕੋਈ ਵੱਡਾ ਅੱਜ ਤੁਹਾਨੂੰ ਪੈਸੇ ਦੇ ਸਕਦਾ ਹੈ। ਜੇਕਰ ਗੱਲਬਾਤ ਅਤੇ ਚਰਚਾ ਤੁਹਾਡੇ ਮੁਤਾਬਿਕ ਨਾ ਹੋਵੇ ਤਾਂ ਤੁਸੀ ਨਾਰਾਜ਼ਗੀ ਵਿਚ ਚੁਭਵੀਆਂ ਗੱਲਾਂ ਕਹਿ ਸਕਦੇ ਹੋ ਜਿਨਾਂ ਨੂੰ ਲੈ ਕੇ ਤੁਹਾਨੂੰ ਬਾਅਦ ਚ ਪਛਤਾਉਣਾ ਪੈ ਸਕਦਾ ਹੈ ਇਸ ਲਈ ਭਲੀ ਭਾਂਤ ਸੋਚ ਕੇ ਹੀ ਬੋਲੋ। ਮੋਮਬੱਤੀ ਦੀ ਰੋਸ਼ਨੀ ਵਿਚ ਆਪਣੇ ਪਿਆਰੇ ਨਾਲ ਭੋਜਨ ਸ਼ਾਂਝਾ ਕਰੋ। ਤੁਹਾਡਾ ਦਿਮਾਗ ਕੰਮਕਾਰ ਦੀਆਂ ਉਲ਼ਝਣਾ ਵਿਚ ਫਸਿਆ ਰਹੇਗਾ ਜਿਸ ਦੇ ਚਲਦੇ ਤੁਸੀ ਪਰਿਵਾਰ ਅਤੇ ਦੋਸਤਾਂ ਲਈ ਸਮਾਂ ਨਹੀਂ ਕੱਢ ਪਾਉਂਗੇ। ਅੱਜ ਖਾਲੀ ਸਮੇਂ ਵਿਚ ਤੁਸੀ ਮੋਬਾਇਲ ਤੇ ਕੋਈ ਵੈਬ ਸੀਰੀਜ਼ ਦੇਖ ਸਕਦੇ ਹੋ। ਵਿਆਹੁਤਾ ਜੀਵਨ ਨੂੰ ਬੇਹਤਰ ਬਣਾਉਣ ਦੇ ਲਈ ਤੁਹਾਡੀਆਂ ਕੋਸ਼ਿਸ਼ਾਂ ਤੁਹਾਨੂੰ ਅੱਜ ਦੀਆਂ ਆਸਾਂ ਨਾਲੋਂ ਵੱਧ ਦਿਖਾਉਣਗੀਆਂ।



**ਕਰਕ :** ਆਪਣੇ ਦਫਤਰ ਤੋਂ ਜਲਦੀ ਨਿਕਲਣ ਦੀ ਕੋਸ਼ਿਸ਼ ਕਰੋ ਅਤੇ ਉਹ ਕੰਮ ਕਰੋ ਜਿਸ ਨੂੰ ਤੁਸੀ ਵਾਕਈ ਪਸੰਦ ਕਰਦੇ ਹੋ। ਦਿਨ ਦੇ ਦੂਜੇ ਹਿੱਸੇ ਵਿਚ ਆਰਥਿਕ ਤੌਰ ਤੇ ਲਾਭ ਹੋਵੇਗਾ। ਆਪਣੀ ਨਵੀਂ ਪਰਿਯੋਜਨਾ ਦੇ ਲਈ ਆਪਣੇ ਮਾਤਾ ਪਿਤਾ ਨੂੰ ਵਿਸ਼ਵਾਸ਼ ਵਿਚ ਲੈਣ ਦਾ ਸਹੀ ਸਮਾਂ ਹੈ। ਆਸਮਾਨ ਚਮਕਦਾਰ ਨਜ਼ਰ ਆਵੇਗਾ ਫੁੱਲਾਂ ਵਿਚ ਜ਼ਿਆਦਾ ਰੰਗ ਦਿਸਣਗੇ ਤੁਹਾਡੇ ਨੇੜੇ ਤੇੜੇ ਸਭ ਕੁਝ ਚਮਕ ਉਠੇਗਾ ਕਿਉਂ ਕਿ ਤੁਸੀ ਪਿਆਰ ਵਿਚ ਹੋ। ਪੱਤਰ ਵਿਹਾਰ ਦੇ ਬੈਕਲਾਗ ਨੂੰ ਉੱਚ ਤਰਜੀਹ ਦੀ ਲੋੜ ਹੈ । ਦਿਨ ਨੂੰ ਕਿਸ ਤਰਾਂ ਚੰਗਾ ਬਣਾਇਆ ਜਾਵੇ ਇਸ ਦੇ ਲਈ ਤੁਹਾਨੂੰ ਵੀ ਆਪਣੇ ਵਿਅਸਤ ਸਮੇ ਵਿਚੋਂ ਸਮਾਂ ਕੱਢਣਾ ਪਵੇਗਾ। ਛੂਹਣਾ, ਚੁੰਮੀਆਂ, ਜੱਫੀਆਂ ਵਿਆਹੁਤਾ ਜੀਵਨ ਵਿਚ ਇਸਦੀ ਇਕ ਵਿਸ਼ੇਸ਼ ਮਹੱਤਤਾ ਹੈ ਅੱਜ ਤੁਸੀ ਇਸ ਦਾ ਅਨੁਭਵ ਕਰੋਂਗੇ।

**ਸਿੰਘ:** ਤੁਹਾਡਾ ਗੁੱਸਾ ਰਾਈ ਦਾ ਪਹਾੜ ਬਣਾ ਸਕਦਾ ਹੈ ਜੋ ਤੁਹਡੇ ਪਰਿਵਾਰ ਨੂੰ ਨਾਰਾਜ਼ ਕਰ ਸਕਦਾ ਹੈ ਉਹ ਲੋਕ ਖੁਸ਼ਕਿਸਮਤ ਹਨ ਜੋ ਆਪਣੇ ਗੁੱਸੇ ਨੂੰ ਕਾਬੂ ਵਿਚ ਰੱਖ ਸਕਦੇ ਹਨ ਇਸ ਤੋਂ ਪਹਿਲਾਂ ਕਿ ਤੁਹਾਡਾ ਗੁੱਸਾ ਤੁਹਾਨੂੰ ਖਤਮ ਕਰ ਦੇ ਤੁਸੀ ਉਸ ਨੂੰ ਖਤਮ ਕਰ ਦਿਉ ਤੁਸੀ ਆਪਣੇ ਬੀਤੇ ਸਮੇਂ ਵਿਚ ਕਾਫੀ ਖਰਚ ਕੀਤਾ ਹੈ ਜਿਸ ਦਾ ਨਤੀਜਾ ਅੱਜ ਤੁਹਾਨੂੰ ਭੁਗਤਣਾ ਪੈ ਸਕਦਾ ਹੈ ਅੱਜ ਤੁਹਾਨੂੰ ਪੈਸਿਆਂ ਦੀ ਲੋੜ ਹੋਵੇਗੀ ਪਰੰਤੂ ਉਹ ਤੁਹਾਨੂੰ ਨਹੀਂ ਮਿਲਣਗੇ। ਅਜਿਹਾ ਕੋਈ ਜਿਸ ਨੂੰ ਤੁਸੀ ਜਾਣਦੇ ਹੋ ਆਰਥਿਕ ਮਾਮਲਿਆਂ ਵਿਚ ਲੋੜ ਤੋਂ ਜ਼ਿਆਦਾਂ ਗੰਭੀਰਤਾ ਲਵੇਗਾ ਅਤੇ ਘਰ ਵਿਚ ਥੋੜਾ ਬਹੁਤ ਤਣਾਅ ਵੀ ਪੈਦਾ ਹੋਵੇਗਾ। ਕਿਸੇ ਦੇ ਦਖਲ ਅੰਦਾਜ਼ੀ ਕਾਰਨ ਤੁਹਾਡੇ ਅਤੇ ਤੁਹਾਡੇ ਪ੍ਰੇਮੀ ਵਿਚਕਾਰ ਦਰਾੜ ਆ ਸਕਦੀ ਹੈ। ਅੱਜ ਦੇ ਦਿਨ ਕਿਸਮਤ ਤੁਹਾਡਾ ਸਾਥ ਦੇਵੇਗੀ ਅਤੇ ਤੁਹਾਨੂੰ ਲਾਭ ਹੋਵੇਗਾ ਕਿਉਂ ਕਿ ਤੁਸੀ ਸਹੀ ਸਮੇਂ ਤੇ ਸਹੀ ਜਗਾਂ ਤੇ ਉਪਸਥਿਤ ਹੋ। ਤੁਹਾਡਾ ਕੋਈ ਕਰੀਬੀ ਸਖਸ਼ ਅੱਜ ਤੁਹਾਡੇ ਨਾਲ ਸਮਾਂ ਬਿਤਾਉਣ ਦੀ ਗੱਲ ਕਹੇਗਾ ਪਰੰਤੂ ਸਮੇਂ ਦੀ ਘਾਟ ਕਾਰਨ ਤੁਸੀ ਉਨਾਂ ਦੀਆਂ ਇਛਾਵਾਂ ਨੂੰ ਪੂਰਾ ਨਹੀਂ ਕਰ ਸਕੋਂਗੇ ਇਹ ਤੁਹਾਨੂੰ ਅਤੇ ਉਹਨੂੰ ਦੋਵਾਂ ਨੂੰ ਪਰੇਸ਼ਾਨ ਕਰੇਗਾ। ਤੁਹਾਡੇ ਜੀਵਨ ਸਾਥੀ ਦੀ ਸੁਸਤੀ ਤੁਹਾਡੇ ਕਈਂ ਕੰਮਾਂ ਤੇ ਪਾਣੀ ਫੇਰ ਸਕਦੀ ਹੈ।

**ਕੰਨਿਆ:** ਪਰਿਵਾਰ ਦੇ ਕੁਝ ਮੈਂਬਰ ਆਪਣੇ ਸੁਭਾਅ ਤੋਂ ਤੁਹਾਡੇ ਲਈ ਚਿੜਚਿੜੇਪਣ ਦੀ ਵਜਾਹ ਬਣ ਸਕਦਾ ਹੈ। ਪਰੰਤੂ ਆਪਣਾ ਆਪਾ ਖੋਣ ਦੀ ਜ਼ਰੂਰਤ ਨਹੀ ਹੈ, ਨਹੀਂ ਤਾਂ ਹਾਲਾਤ ਬੇਕਾਬੂ ਸਕਦੇ ਹਨ ਯਾਦ ਰੱਖੋ ਜਿਸ ਨੂੰ ਸੁਧਾਰਿਆ ਨਹੀਂ ਜਾ ਸਕਦਾ ਉਸ ਨੂੰ ਸਵੀਕਾਰ ਕਰਨ ਵਿਚ ਹੀ ਭਲਾਈ ਹੈ। ਰਿਅਲ ਅਸਟੇਟ ਸਬੰਧੀ ਨਿਵੇਸ਼ ਤੁਹਾਨੂੰ ਚੰਗਾ ਮੁਨਾਫਾ ਦੇਵੇਗਾ। ਆਪਣੀ ਪਤਨੀ ਦੀਆਂ ਉਪਲਬਧੀਆਂ ਦੀ ਸਲਹਾਨਾ ਕਰੋ ਅਤੇ ਉਸ ਦਾ ਸਫਲਤਾ ਅਤੇ ਖੁਸ਼ਕਿਸਮਤੀ ਦਾ ਜਸ਼ਨ ਮਨਾਉ ਆਪਣੀ ਸਲਾਘਾ ਵਿਚ ਖੁੱਲੇ ਅਤੇ ਸੁਹਿਰਦ ਬਣੋ। ਆਸਮਾਨ ਚਮਕਦਾਰ ਨਜ਼ਰ ਆਵੇਗਾ ਫੁੱਲਾਂ ਵਿਚ ਜ਼ਿਆਦਾ ਰੰਗ ਦਿਸਣਗੇ ਤੁਹਾਡੇ ਨੇੜੇ ਤੇੜੇ ਸਭ ਕੁਝ ਚਮਕ ਉਠੇਗਾ ਕਿਉਂ ਕਿ ਤੁਸੀ ਪਿਆਰ ਵਿਚ ਹੋ। ਕੰਮ ਦੇ ਲਈ ਮੌਕੇ ਸਥਾਨਕ ਮਹਿਲਾਵਾਂ ਦੀ ਤਰਫ ਤੋਂ ਆ ਸਕਦੇ ਹਨ। ਤੁਹਾਡਾ ਜੀਵਨ ਸਾਥੀ ਤੁਹਾਡੇ ਕੋਲੋਂ ਕੁਝ ਸਮਾਂ ਮੰਗਦਾ ਹੈ ਪਰੰਤੂ ਤੁਸੀ ਉਨਾਂ ਨੂੰ ਪੂਰਾ ਸਮਾਂ ਨਹੀਂ ਦੇ ਪਾਉਂਦੇ ਜਿਸ ਨਾਲ ਉਹ ਨਾਰਾਜ਼ ਹੋ ਸਕਦਾ ਹੈ ਅੱਜ ਉਨਾਂ ਦੀ ਇਹ ਨਾਰਾਜ਼ਗੀ ਸਪਸ਼ਟਤਾ ਦੇ ਨਾਲ ਬਾਹਰ ਆ ਸਕਦੀ ਹੈ। ਤੁਸੀ ਵਿਸ਼ਵ ਵਿਚ ਖੁਦ ਨੂੰ ਸਭ ਤੋਂ ਧਨੀ ਮਹਿਸੂਸ ਕਰੋਂਗੇ ਕਿਉਂ ਕਿ ਤੁਹਾਡੇ ਜੀਵਨਸਾਥੀ ਦਾ ਵਿਵਹਾਰ ਤੁਹਾਨੂੰ ਇਹ ਮਹਿਸੂਸ ਕਰਵਾਏਗਾ।

**ਤੁਲਾ:** ਸਿਹਤ ਨਾਲ ਜੁੜੀ ਸਮੱਸਿਆ ਤੁਹਾਡੇ ਲਈ ਪਰੇਸ਼ਾਨੀ ਦਾ ਸਬੱਬ ਬਣ ਸਕਦਾ ਹੈ। ਹਾਲਾਂ ਕਿ ਪੈਸਾ ਤੁਹਾਡੇ ਲਈ ਮਹੱਤਰਵੂਰਨ ਤੱਥ ਹੈ ਪਰੰਤੂ ਧੰਨ ਨੂੰ ਲੈ ਕੇ ਸੰਜੀਦਾ ਨਾ ਹੋ ਜਾਵੇ ਕਿ ਤੁਹਾਡੇ ਰਿਸ਼ਤਿਆਂ ਨੂੰ ਖਰਾਬ ਕਰ ਦੇਵੇ। ਤੁਹਾਨੂੰ ਅਜਿਹਾ ਪ੍ਰੋਜੈਕਟ ਸ਼ੁਰੂ ਕਰਨਾ ਚਾਹੀਦਾ ਹੈ ਜੋ ਪੂਰੇ ਪਰਿਵਾਰ ਦੇ ਲਈ ਬਰਕਤ ਲਿਆਵੇ। ਸਰੀਰਕ ਹੋਂਦ ਦਾ ਹੁਣ ਕੋਈ ਵਿਚਾਰ ਨਹੀਂ ਤੁਸੀ ਹਰ ਸਮੇਂ ਆਪਣੇ ਆਪ ਨੂੰ ਪਿਆਰ ਵਿਚ ਮਹਿਸੂਸ ਕਰਦੇ ਹੋ। ਤੁਹਾਡਾ ਆਤਮਵਿਸ਼ਵਾਸ਼ ਤੁਹਾਡੀ ਪੇਸ਼ੇਵਰ ਜ਼ਿੰਦਗੀ ਵਿਚ ਖਾਸ ਅਸਰ ਛੱਡੇਗਾ ਇਹ ਦੂਸਰਿਆਂ ਨੂੰ ਆਪਣਾ ਨਜ਼ਰੀਆਂ ਸਮਝਣ ਅਤੇ ਉਨਾਂ ਦੀ ਮਦਦ ਹਾਸਿਲ ਕਰਨ ਵਿਚ ਕਾਰਗਰ ਰਹੇਗਾ। ਮੁਸ਼ਕਿਲਾਂ ਦਾ ਤੇਜੀ ਨਾਲ ਮੁਕਾਬਲਾ ਕਰਦੇ ਸਮੇਂ ਤੁਹਾਡੀ ਸ਼ਮਤਾ ਤੁਹਾਨੂੰ ਖਾਸ ਪਹਿਚਾਣ ਦੇਵੇਗੀ। ਇਕ ਵਧੀਆ ਜੀਵਨ ਸਾਥੀ ਦੇ ਨਾਲ ਜੀਵਨ ਵਾਕਾਈ ਅਧਭੁਤ ਲਗਦਾ ਹੈ ਅਤੇ ਅੱਜ ਤੁਸੀ ਇਸ ਗੱਲ ਦਾ ਅਨੁਭਵ ਕਰ ਸਕਦੇ ਹੋ।

**ਬ੍ਰਿਸ਼ਚਕ:** ਸ਼ਰਾਬ ਤੋਂ ਦੂਰ ਰਹੋ ਕਿਉਂ ਕਿ ਇਸ ਨਾਲ ਤੁਹਾਡੀ ਨੀਂਦ ਵਿਚ ਖਲਲ ਪੈ ਸਕਦੀ ਹੈ ਅਤੇ ਤੁਸੀ ਗਹਿਰੇ ਆਰਾਮ ਤੋ ਦੂਰ ਰਹਿ ਸਕਦੇ ਹੋ। ਰੁਕਿਆ ਹੋਇਆ ਪੈਸਾ ਮਿਲੇਗਾ ਅਤੇ ਆਰਥਿਕ ਹਾਲਾਤ ਵਿਚ ਸੁਧਾਰ ਆਵੇਗਾ। ਆਪਣੇ ਵਿਅਕਤੀਗਤ ਜੀਵਨ ਤੋਂ ਥੋੜਾ ਸਮਾਂ ਕੱਢ ਕੇ ਦਾਨ ਪੁੰਨ ਦੇ ਕੰਮਾਂ ਵਿਚ ਥੋੜਾਂ ਸਮਾਂ ਲਗਾਉ ਇਸ ਨਾਲ ਤੁਹਾਨੂੰ ਮਾਨਸਿਕ ਸ਼ਾਤੀ ਮਿਲੇਗੀ ਪਰੰਤੂ ਇਸ ਲਈ ਆਪਣੀ ਨਿੱਜੀ ਜ਼ਿੰਦਗੀ ਨੂੰ ਦਰਕਿਨਾਰ ਨਾ ਕਰੋ ਤੁਹਾਨੂੰ ਦੋਨਾਂ ਤੇ ਹੀ ਬਰਾਬਰ ਧਿਆਨ ਦੇਣ ਦੀ ਲੋੜ ਹੈ। ਅੱਜ ਤੁਸੀ ਪਿਆਰ ਦੇ ਮੂਡ ਵਿਚ ਹੋਵੋਂਗੇ ਅਤੇ ਤੁਹਾਡੇ ਕੋਲ ਕਾਫੀ ਮੌਕੇ ਵੀ ਹੋਣਗੇ। ਅੱਜ ਦੇ ਦਿਨ ਕੰਮ ਕਾਰ ਵਿਚ ਤੁਸੀ ਕੁਝ ਵਧੀਆ ਕਰ ਸਕਦੇ ਹੋ। ਤੁਸੀ ਆਪਣੇ ਸਰੀਰ ਨੂੰ ਫਿਰ ਤੋਂ ਜੀਵਾਉਣ ਅਤੇ ਤਦੰਰੁਸਤ ਬਣਾਉਣ ਦੀ ਯੋਜਨਾ ਬਣਾਉਂਗੇ ਪਰ ਬਾਕੀ ਦਿਨਾਂ ਵਾਂਗ ਤੁਸੀ ਇਸ ਨੂੰ ਚਲਾਉਣ ਵਿਚ ਵੀ ਅਸਫਲ ਹੋਵੋਂਗੇ। ਤੁਹਾਡਾ ਜੀਵਨਸਾਥੀ ਵਾਕਾਈ ਤੁਹਾਡੇ ਲਈ ਫਰਿਸ਼ਤੇ ਦੇ ਲਈ ਹੈ ਅਤੇ ਤੁਸੀ ਅੱਜ ਇਹ ਜਾਣੋਂਗੇ।

**ਧਨੂੰ:** ਅੱਜ ਸਵਾਰਥੀ ਆਦਮੀ ਤੋਂ ਬਚਣ ਦੀ ਕੋਸ਼ਿਸ਼ ਕਰੋ ਉਹ ਤੁਹਾਨੂੰ ਤਨਾਵ ਦੇ ਸਕਦਾ ਹੈ। ਜਿਨਾਂ ਲੋਕਾਂ ਨੂੰ ਤੁਸੀ ਜਾਣਦੇ ਹੋ ਉਨਾਂ ਦੇ ਜ਼ਰੀਏ ਤੁਹਾਨੂੰ ਆਮਦਨੀ ਦੇ ਨਵੇਂ ਸੋਮੇ ਮਿਲਣਗੇ ਤੁਹਾਡੇ ਮਾਤਾ ਪਿਤਾ ਦੀ ਸਿਹਤ ਤੇ ਜ਼ਿਆਦਾ ਧਿਆਨ ਦਿੱਤੇ ਜਾਣ ਦੀ ਲੋੜ ਹੈ। ਅੱਜ ਥੋੜੇ ਬਹੁਤ ਟਕਰਾਵ ਦੇ ਬਾਵਜੂਦ ਵੀ ਤੁਹਾਡਾ ਪਿਆਰ ਜੀਵਨ ਚੰਗਾ ਰਹੇਗਾ ਅਤੇ ਤੁਸੀ ਆਪਣੇ ਸੰਗੀ ਨੂੰ ਖੁਸ਼ ਰੱਖਣ ਵਿਚ ਕਾਮਯਾਬ ਰਹੋਂਗੇ। ਗਹਿਰਾਈ ਨੂੰ ਸਮਝੇ ਬਿਨਾ ਕਿਸੇ ਕਾਰੋਬਾਰੀ ਕਾਨੂੰਨੀ ਦਸਤਾਵੇਜ਼ ਤੇ ਸਾਈਨ ਨਾ ਕਰੋ। ਅੱਜ ਟੀ ਵੀ ਜਾਂ ਮੋਬਾਇਲ ਤੇ ਕੋਈ ਫਿਲਮ ਦੇਖਣ ਵਿਚ ਤੁਸੀ ਇਨਾਂ ਵਿਅਸਤ ਹੋ ਸਕਦੇ ਹੋ ਜਿਸ ਵਿਚ ਤੁਸੀ ਕੋਈ ਜਰੂਰੀ ਕੰਮ ਕਰਨਾ ਵੀ ਭੁੱਲ ਜਾਉਂਗੇ। ਤੁਸੀ ਅੱਜ ਅਨੁਭਵ ਕਰੋਂਗੇ ਕਿ ਜੀਵਨਸਾਥੀ ਦਾ ਪਿਆਰ ਸਾਰੇ ਦੁਖ ਦਰਦ ਨੂੰ ਭੁਲਾ ਦਿੰਦਾ ਹੈ।

**ਮਕਰ:** ਭਾਵਨਾਤਮਕ ਤੌਰ ਤੇ ਤੁਸੀ ਇਸ ਗੱਲ ਨੂੰ ਲੈ ਕੇ ਅਨਿਸ਼ਚਿਤ ਅਤੇ ਬੈਚੇਨ ਰਹੋਂਗੇ ਕਿ ਤੁਸੀ ਕੀ ਚਾਹੁੰਦੇ ਹੋ। ਦੂਸਰਿਆਂ ਨੂੰ ਪ੍ਰਭਾਵਿਤ ਕਰਨ ਦੇ ਲਈ ਲੋੜ ਤੋਂ ਜ਼ਿਆਦਾ ਖਰਚ ਨਾ ਕਰੋ । ਆਪਣੇ ਪਰਿਵਾਰ ਦੇ ਮੈਂਬਰਾ ਦੀਆਂ ਭਾਵਨਾਵਾਂ ਨੂੰ ਆਹਤ ਤੋਂ ਬਚਣ ਲਈ ਆਪਣੇ ਗੁੱਸੇ ਤੇ ਕਾਬੂ ਰੱਖੋ। ਆਪਣੇ ਪਿਆਰ ਤੋਂ ਦੂਰ ਰਹਿਣ ਦੇ ਬਾਵਜੂਦ ਤੁਸੀ ਉਸਦੀ ਮੌਜੂਦਗੀ ਮਹਿਸੂਸ ਕਰੋਂਗੇ। ਅੱਜ ਦਾ ਦਿਨ ਵਧੀਆ ਪ੍ਰਦਰਸ਼ਨ ਅਤੇ ਖਾਸ ਕੰਮਾਂ ਦੇ ਲਈ ਹੈ । ਤੁਹਾਡਾ ਪਿਆਰਾ ਤੁਹਾਨੂੰ ਸਮਾਂ ਨਹੀਂ ਦਿੰਦਾ ਇਸ ਲਈ ਤੁਸੀ ਉਨਾਂ ਨਾਲ ਇਸ ਬਾਰੇ ਗੱਲ ਕਰੋਂਗੇ ਅਤੇ ਆਪਣੇ ਸ਼ਿਕਾਇਤਾ ਨੂੰ ਮੇਜ਼ ਤੇ ਰੱਖੋਂਗੇ । ਤੁਹਾਡਾ ਜੀਵਨਸਾਥੀ ਅੱਜ ਤੁਹਾਡੇ ਲਈ ਕੁਝ ਖਾਸ ਕਰਨ ਵਾਲਾ ਹੋ ਸਕਦਾ ਹੈ।

**ਕੁੰਭ:** ਤੁਸੀਂ ਖ਼ੁਦ ਨੂੰ ਬਿਮਾਰ ਮਹਿਸੂਸ ਕਰ ਸਕਦੇ ਹੋ ਮਾਲੂਮ ਹੁੰਦਾ ਹੈ ਕਿ ਪਿੱਛਲੇ ਕੁਝ ਦਿਨਾਂ ਤੋ ਬੇਝਿੱਜ ਕੰਮਕਾਜ ਨੇ ਤੁਹਾਨੂੰ ਥਕਾ ਦਿੱਤਾ ਹੈ। ਅੱਜ ਅਦਾਲਤ ਦਾ ਫੈਂਸਲਾ ਤੁਹਾਡੇ ਹੱਕ ਵਿਚ ਆ ਸਕਦਾ ਹੈ ਜੇਕਰ ਤੁਸੀ ਪੈਸਿਆਂ ਨਾਲ ਜੁੜੇ ਮਾਮਲਿਆਂ ਵਿਚ ਸ਼ਾਮਿਲ ਹੁੰਦੇ ਹੋ ਇਸ ਨਾਲ ਤੁਹਾਨੂੰ ਆਰਥਿਕ ਲਾਭ ਹੋਵੇਗਾ। ਬੱਚੇ ਤੁਹਾਨੂੰ ਆਪਣੀਆਂ ਉਪਲਬਧੀਆਂ ਨਾਲ ਗਰਵ ਦਾ ਅਨੁਭਵ ਕਰਾਉਣਗੇ। ਅੱਜ ਦੇ ਦਿਨ ਪਿਆਰ ਭਰੀ ਜ਼ਿੰਦਗੀ ਵਿਚ ਕਾਫੀ ਵਿਵਾਦ ਰਹੇਗਾ। ਜਿਸ ਪਹਿਚਾਣ ਅਤੇ ਪੁਰਸਕਾਰ ਦੀ ਉਮੀਦ ਤੁਸੀ ਕਰ ਰਹੇ ਸੀ ਉਹ ਬਾਅਦ ਦੇ ਲਈ ਰੁਕ ਸਕਦੀ ਹੈ ਤੁਹਾਨੂੰ ਨਿਰਾਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਪਣਾ ਸਮਾਂ ਅਤੇ ਤਾਕਤ ਦੂਜਿਆਂ ਦੀ ਮਦਦ ਕਰਨ ਤੇ ਅਰਪਣ ਕਰੋ ਪਰੰਤੂ ਅਜਿਹੇ ਮਾਮਲੇ ਵਿਚ ਸ਼ਾਮਲ ਹੋਣ ਤੋਂ ਬਚੋ ਜਿਨਾਂ ਨਾਲ ਤੁਹਾਡੀ ਕੋਈ ਲੈਣ ਦੇਣ ਨਹੀਂ ਹੈ। ਵਿਆਹੁਤ ਜ਼ਿੰਦਗੀ ਦੇ ਕੁਝ ਸਾਈਡ ਈਫੈਕਟ ਵੀ ਹੁੰਦੇ ਹਨ ਅੱਜ ਤੁਹਾਨੂੰ ਇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਮੀਨ:** ਤੁਹਾਨੂੰ ਕੋਈ ਗਲਤ ਜਾਣਕਾਰੀ ਮਿਲ ਸਕਦੀ ਹੈ ਜਿਸਦੇ ਚੱਲਦੇ ਤੁਸੀ ਮਾਨਸਿਕ ਦਬਾਅ ਦਾ ਸ਼ਿਕਾਰ ਹੋ ਸਕਦੇ ਹੋ। ਅੱਜ ਨਿਵੇਸ਼ ਦੇ ਜੋ ਨਵੇਂ ਮੌਕੇ ਤੁਹਾਡੇ ਵੱਲ ਆਏ ਹਨ ਉਨਾਂ ਤੇ ਵਿਚਾਰ ਕਰੋ ਪਰੰਤੂ ਪੈਸਾ ਉਦੋ ਹੀ ਲਗਾਉ ਜਦੋਂ ਤੁਸੀ ਭਲੀਭਾਂਤ ਉਨਾ ਯੋਜਨਾਵਾਂ ਦਾ ਅਧਿਐਨ ਕਰ ਲਵੋ । ਤੁਸੀ ਕੁਝ ਸਮਾਂ ਆਪਣੇ ਸ਼ੌਂਕ ਅਤੇ ਆਪਣੇ ਪਰਿਵਾਰ ਵਾਲਿਆਂ ਦੀ ਮਦਦ ਤੇ ਵੀ ਖਰਚ ਕਰ ਸਕਦੇ ਹੋ। ਅੱਜ ਪਿਆਰ ਵਿਚ ਆਪਣੀ ਵਿਵੇਕ ਸ਼ਕਤੀ ਦੀ ਵਰਤੋ ਕਰੋ। ਅੱਜ ਤੁਸੀ ਲੈਕਚਰ ਅਤੇ ਸੈਮੀਨਾਰ ਵਿਚ ਹਿੱਸਾ ਲੈ ਕੇ ਕਈਂ ਨਵੇਂ ਵਿਚਾਰ ਪਾ ਸਕਦੇ ਹੋ। ਅੱਜ ਤੁਸੀ ਆਪਣਾ ਖਾਲੀ ਸਮਾਂ ਧਾਰਮਿਕ ਕੰਮਾਂ ਵਿਚ ਬਿਤਾਉਣ ਬਾਰੇ ਸੋਚ ਸਕਦੇ ਹੋ ਇਸ ਦੌਰਾਨ ਬੇਵਜਾਹ ਦੀਆਂ ਬਹਿਸਾਂ ਵਿਚ ਤੁਹਾਨੂੰ ਨਹੀਂ ਪੈਣਾ ਚਾਹੀਦਾ। ਤੁਹਾਡੇ ਜੀਵਨਸਾਥੀ ਦੀ ਸਿਹਤ ਤੁਹਾਨੂੰ ਚਿੰਤਤ ਕਰ ਸਕਦੀ ਹੈ।

# ਵਿਸ਼ਵ ਦੇ ਮਹਾਨ ਖਿਡਾਰੀ ਪੋਲ ਵਾਲਟ ਦਾ ਰੌਕਿਟ ਆਰਮੰਡ ਡੁਪਲਾਂਟਿਸ



**ਪ੍ਰਿੰ. ਸਰਵਣ ਸਿੰਘ**

ਆਰਮੰਡ ਡੁਪਲਾਂਟਿਸ ਪੋਲ ਵਾਲਟ ਦਾ ਮੌਜੂਦਾ ਓਲੰਪਿਕ ਚੈਂਪੀਅਨ ਤੇ ਵਿਸ਼ਵ ਚੈਂਪੀਅਨ ਹੈ। ਓਲੰਪਿਕ ਖੇਡਾਂ ਤੇ ਵਰਲਡ ਚੈਂਪੀਅਨਸ਼ਿਪਸ ਦੇ ਵਿਸ਼ਵ ਰਿਕਾਰਡ ਵੀ ਉਹਦੇ ਨਾਂ ਹਨ। ਉਸ ਨੂੰ 2025ਵੇਂ ਸਾਲ ਦਾ ਬਿਹਤਰੀਨ ਖਿਡਾਰੀ ਤੇ ਲੌਰੀਅਸ ਅਥਲੀਟ ਮੰਨਿਆ ਗਿਐ। ਉਸ ਤੋਂ ਪਹਿਲਾਂ ਪੋਲ ਵਾਲਟ ਦੀ ਝੰਡੀ ਸਰਗੀ ਬੁਬਕਾ ਦੇ ਹੱਥ ਸੀ। ਵੀਹਵੀਂ ਸਦੀ 'ਚ ਉਹਦੀ ਗੁੱਡੀ ਅਸਮਾਨੀਂ ਚੜ੍ਹੀ ਰਹੀ। ਉਸ ਨੂੰ 'ਫਲਾਈਂਗ ਬਰਡ' ਕਿਹਾ ਜਾਂਦਾ ਰਿਹਾ। ਉਹ ਦੁਨੀਆ ਦਾ ਪਹਿਲਾ ਪੋਲ ਵਾਲਟਰ ਹੋਇਆ ਜਿਸ ਨੇ 6 ਮੀਟਰ ਤੋਂ ਉੱਚਾ ਟੱਪਣ ਦੀ ਹੱਦ ਪਹਿਲੀ ਵਾਰ ਤੋੜੀ। ਉਸ ਨੇ ਪੋਲ ਵਾਲਟ ਦੇ ਵਿਸ਼ਵ ਰਿਕਾਰਡ 17 ਵਾਰ ਨਵਿਆਏ ਤੇ ਆਪਣੇ ਖੇਡ ਕੈਰੀਅਰ ਦੌਰਾਨ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਵਿੱਚੋਂ 6 ਗੋਲਡ ਮੈਡਲ ਜਿੱਤੇ ਸਨ ਜੋ ਆਪਣੇ ਆਪ 'ਚ ਅਨੋਖਾ ਰਿਕਾਰਡ ਹੈ। ਉਹਦਾ ਜਨਮ 4 ਦਸੰਬਰ 1963 ਨੂੰ ਸੋਵੀਅਤ ਰੂਸ ਵਿਚ ਹੋਇਆ ਸੀ। ਉਸ ਦਾ 31 ਜੁਲਾਈ 1991 ਨੂੰ ਰੱਖਿਆ 6.14 ਮੀਟਰ ਦਾ ਵਿਸ਼ਵ ਰਿਕਾਰਡ 2015 ਤੱਕ ਕਾਇਮ ਰਿਹਾ। ਆਖ਼ਰ ਉਹ ਰਿਕਾਰਡ ਸਵੀਡਨ ਦੇ ਆਰਮੰਡ ਡੁਪਲਾਂਟਿਸ ਉਰਫ਼ 'ਮੋਂਡੋ' ਨੇ 24 ਸਾਲਾਂ ਬਾਅਦ 6.15 ਮੀਟਰ ਉੱਚੀ ਛਾਲ ਲਾ ਕੇ ਤੋੜਿਆ।

ਸਵੀਡਸ਼-ਅਮਰੀਕਨ ਅਥਲੀਟ, ਆਰਮਡ ਗੁਸਤਾਵ ਡੁਪਲਾਂਟਿਸ ਦਾ ਜਨਮ 10 ਨਵੰਬਰ 1999 ਨੂੰ ਅਮਰੀਕਾ ਵਿਚ ਹੋਇਆ ਸੀ ਪਰ ਉਹ ਸਵੀਡਨ ਦੀ ਪ੍ਰਤੀਨਿਧਤਾ ਕਰਦਾ ਹੈ। ਹੁਣ ਉਸ ਨੂੰ ਸਰਬ ਸਮਿਆਂ ਦਾ ਸਭ ਤੋਂ ਮਹਾਨ ਪੋਲ ਵਾਲਟਰ ਕਿਹਾ ਜਾ ਰਿਹੈ। ਉਸ ਨੇ 6.27 ਮੀਟਰ ਯਾਨੀ 20 ਫੁੱਟ 7 ਇੰਚ ਉੱਚੀ ਛਾਲ ਲਾਉਣ ਦਾ ਵਿਸ਼ਵ ਰਿਕਾਰਡ ਰੱਖਿਆ ਤੇ ਗਲੋਬ ਦੇ 7 ਸੀਨੀਅਰ ਟਾਈਟਲ ਜਿੱਤੇ ਹਨ। ਓਲੰਪਿਕ ਖੇਡਾਂ ਦੇ 2 ਗੋਲਡ ਮੈਡਲ, ਆਊਟਡੋਰ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਦੇ ਵੀ 2 ਗੋਲਡ ਮੈਡਲ ਤੇ ਤਿੰਨ ਵਾਰ ਇਨਡੋਰ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਜਿੱਤੀਆਂ ਹਨ। ਯੂਰਪੀਨ ਤੇ ਹੋਰ ਚੈਂਪੀਅਨਸ਼ਿਪਾਂ ਜਿੱਤਣੀਆਂ ਤਾਂ ਮਾਮੂਲੀ ਗੱਲ ਸਨ। ਅਜੇ ਉਹ ਭਰ ਜੁਆਨ ਹੈ। ਕੀ ਪਤਾ ਪੋਲ ਵਾਲਟ ਦੀ ਬਾਰ ਹੋਰ ਕਿੰਨੀ ਉੱਚੀ ਕਰਾ ਜਾਵੇ?

'ਮੋਂਡੋ' ਡੁਪਲਾਂਟਿਸ ਲਈ 5 ਅਗਸਤ 2024 ਦਾ ਦਿਨ ਸਭ ਤੋਂ ਵੱਧ ਕਰਮਾਂ ਵਾਲਾ ਸਿੱਧ ਹੋਇਆ। ਉਦਣ ਪੈਰਿਸ ਦੀਆਂ ਓਲੰਪਿਕ ਖੇਡਾਂ ਵਿਚ ਪੋਲ ਵਾਲਟ ਦਾ ਫਾਈਨਲ ਮੁਕਾਬਲਾ ਹੋਣਾ ਸੀ। 2020 ਦੀਆਂ ਓਲੰਪਿਕ ਖੇਡਾਂ ਜੋ ਕੋਵਿਡ ਕਾਰਨ 2021 'ਚ ਟੋਕੀਓ ਵਿਖੇ ਹੋਈਆਂ, ਉਨ੍ਹਾਂ 'ਚੋਂ ਡੁਪਲਾਂਟਿਸ ਪੋਲ ਵਾਲਟ ਦਾ ਗੋਲਡ ਮੈਡਲ ਜਿੱਤ ਚੁੱਕਾ ਸੀ। ਜੇਕਰ ਉਹ ਪੈਰਿਸ ਤੋਂ ਵੀ ਗੋਲਡ ਮੈਡਲ ਜਿੱਤਦਾ ਤਾਂ ਅਨੋਖੀ ਗੱਲ ਹੋਣੀ ਸੀ ਕਿਉਂਕਿ 1896 ਤੋਂ ਸਿਵਾਏ ਇਕ ਪੋਲ ਵਾਲਟਰ ਦੇ ਕੋਈ ਹੋਰ ਪੋਲ ਵਾਲਟਰ ਦੂਜੀ ਵਾਰ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਨਹੀਂ ਸੀ ਜਿੱਤ ਸਕਿਆ। ਇਥੋਂ ਤਕ ਕਿ ਯੂਕਰੇਨ ਦਾ 'ਫਲਾਈਂਗ ਬਰਡ' ਸਰਗੀ ਬੁਬਕਾ ਵੀ ਨਹੀਂ ਜਿੱਤਿਆ।

ਪੈਰਿਸ ਦੇ ਫਾਈਨਲ ਮੁਕਾਬਲੇ ਸਮੇਂ ਸਥਿਤੀ ਇਹ ਬਣੀ ਕਿ 5.95 ਮੀਟਰ ਦੀ ਉਚਾਈ ਕਿਸੇ ਪੋਲ ਵਾਲਟਰ ਤੋਂ ਪਾਰ ਨਾ ਹੋਈ। ਰਹਿ ਗਿਆ 'ਕੱਲਾ ਡੁਪਲਾਂਟਿਸ ਜੋ ਪਹਿਲੇ ਹੱਲੇ ਹੀ 6 ਮੀਟਰ ਦੀ ਉਚਾਈ ਪਾਰ ਗਿਆ। ਇੰਜ ਗੋਲਡ ਮੈਡਲ ਤਾਂ ਉਸ ਦਾ ਬਣ ਗਿਆ ਪਰ ਓਲੰਪਿਕ ਖੇਡਾਂ ਦਾ ਰਿਕਾਰਡ ਨਾ ਟੁੱਟਿਆ ਜੋ 2016 ਦੀਆਂ ਓਲੰਪਿਕ ਖੇਡਾਂ ਦੇ ਪੋਲ ਵਾਲਟ ਜੇਤੂ ਠਿਆਗੋ ਬਰਾਜ਼ ਦੇ ਨਾਂ ਸੀ। ਉਹਦਾ ਰਿਕਾਰਡ ਤੋੜਨ ਲਈ ਉਸ ਨੇ ਬਾਰ 6.10 ਮੀਟਰ ਉੱਚੀ ਕਰਵਾਈ ਤੇ ਸਫਲ ਛਾਲ ਲਾ ਕੇ ਗੋਲਡ ਮੈਡਲ ਨਾਲ ਓਲੰਪਿਕ ਖੇਡਾਂ ਦਾ ਨਵਾਂ ਰਿਕਾਰਡ ਵੀ ਆਪਣੇ ਨਾਂ ਕਰ ਲਿਆ। ਫਿਰ ਉਸ ਨੇ ਬਾਰ 5 ਜਾਂ 10 ਸੈਂਟੀਮੀਟਰ ਉੱਚੀ ਕਰਵਾਉਣ ਦੀ ਥਾਂ ਕੱਠੀ 15 ਸੈਂਟੀਮੀਟਰ ਉੱਚੀ ਕਰਵਾ ਕੇ 6.24 ਮੀਟਰ ਦਾ ਆਪਣਾ ਹੀ ਰੱਖਿਆ ਵਿਸ਼ਵ ਰਿਕਾਰਡ ਨਵਿਆਉਣ ਦਾ ਫੈਸਲਾ ਕੀਤਾ। ਉਹਦੇ ਕਹਿਣ 'ਤੇ ਬਾਰ 6.25 ਮੀਟਰ ਉੱਚੀ ਕਰ ਦਿੱਤੀ ਗਈ। ਅਨਾਊਂਸਮੈਂਟ ਹੋਈ ਤਾਂ ਸਟੇਡੀਅਮ 'ਚ ਮੌਜੂਦ ਸਾਰੇ ਦਰਸ਼ਕਾਂ ਦੀਆਂ ਨਜ਼ਰਾਂ ਪੋਲ ਵਾਲਟ ਦੇ ਸਟੈਂਡ ਵੱਲ ਮੁੜ ਗਈਆਂ। ਗੋਰੇ ਨਿਛੋਹ ਰੰਗ, ਭੂਰੇ ਵਾਲ ਤੇ ਬਿੱਲੀਆਂ ਅੱਖਾਂ ਵਾਲੇ ਛੇ ਫੁੱਟੇ ਸਵੀਡਨੀਏਂ ਨੇ ਫਾਈਬਰ ਗਲਾਸ ਦਾ ਪੋਲ ਹੱਥਾਂ 'ਚ ਫੜ ਕੇ ਜੋਹਿਆ ਤੇ ਤੇਜ਼ ਦੌੜਨਾ ਸ਼ੁਰੂ ਕੀਤਾ। ਦੌੜ ਕੇ ਛਾਲ ਲਾਈ ਤਾਂ ਬਾਰ ਉਹਦੇ ਨਾਲ ਹੀ ਹੇਠਾਂ ਜਾ ਡਿੱਗੀ। ਸਾਹਮਣੇ ਬੈਠੀ ਉਹਦੀ ਗਰਲ ਫ੍ਰੈਂਡ ਨੇ ਲੰਮਾ ਹਉਕਾ ਭਰਿਆ। ਫਿਰ ਉਸ ਨੇ ਦੁਬਾਰਾ ਛਾਲ ਲਾਈ ਜੋ ਸਫ਼ਲ ਨਾ ਹੋ ਸਕੀ। ਸਭ ਨੂੰ ਨਿਰਾਸ਼ਾ ਹੋਈ। ਤੀਜੀ ਛਾਲ ਉਹਦਾ ਆਖ਼ਰੀ ਮੌਕਾ ਸੀ। ਉਸ ਨੇ ਪ੍ਰਸੰਸਕਾਂ 'ਚ ਬੈਠੀ ਆਪਣੀ ਪ੍ਰੇਮਕਾ ਵੱਲ ਫਿਰ ਵੇਖਿਆ ਜਿਸ ਨੇ ਹੌਂਸਲਾ ਵਧਾਊ ਚੁੰਮਣ ਹਵਾ 'ਚ ਸੁੱਟਿਆ ਜੋ ਪ੍ਰੇਮੀ ਨੇ ਬੋਚਣ ਦਾ ਸੰਕੇਤ ਦਿੱਤਾ। ਮੋਂਡੋ ਮੁੜ ਰਨ ਵੇਅ ਵੱਲ ਵਧਿਆ। ਆਰ ਜਾਂ ਪਾਰ ਚਿਤਵ ਕੇ ਰਨ ਵੇਅ 'ਤੇ ਸਿਰ ਮੇਦਾਨ ਦੌੜਿਆ। ਬਕਸੇ ਵਿਚ ਪੋਲ ਠੀਕ ਲੱਗਾ, ਫਾਈਬਰ ਗਲਾਸ ਪੋਲ ਦਾ ਪੂਰਾ ਹੁਲਾਰਾ ਮਿਲਿਆ, ਬਾਰ ਕਰਾਸ ਕਰਦਿਆਂ ਮੋਂਡੋ ਨੇ ਐਸੀ ਟਪੂਸੀ ਮਾਰੀ ਕਿ ਬਾਰੇ ਥਾਏਂ ਖੜ੍ਹੀ ਰਹੀ। ਸਫਲ ਛਾਲ ਦੀ ਝੰਡੀ ਵੇਖੇ ਬਿਨਾਂ ਉਹ ਪਿੱਚ ਤੋਂ ਸਟੈਂਡਾਂ ਵੱਲ ਦੌੜਿਆ ਤੇ ਆਪਣੀ ਪ੍ਰੇਮਕਾ ਦੇ ਚੁੰਮਣਾਂ ਵਿਚ ਲਿਪਤ ਹੋ ਗਿਆ। ਕੈਮਰਿਆਂ ਨੇ ਉਹ ਦ੍ਰਿਸ਼ ਸਦਾ ਲਈ ਸੰਭਾਲ ਲਿਆ। ਓਲੰਪਿਕ ਖੇਡਾਂ ਦੇ ਰਿਕਾਰਡ ਨਾਲ ਨਵਾਂ ਵਿਸ਼ਵ ਰਿਕਾਰਡ ਵੀ ਰੱਖਿਆ ਗਿਆ: 6.25 ਮੀਟਰ! ਮੋਂਡੋ ਨੇ ਟ੍ਰੈਕ 'ਤੇ ਜੇਤੂ ਗੇੜੀ ਦਿੱਤੀ ਤਾਂ ਤਾੜੀਆਂ ਦਾ ਸ਼ੋਰ ਲਗਾਤਾਰ ਗੂੰਜਦਾ ਰਿਹਾ। ਮੋਂਡੋ ਦੀ ਇਸ ਜਿੱਤ ਤੋਂ ਪਹਿਲਾਂ ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਕੇਵਲ ਬੌਬ ਰਿਚਰਡ ਹੀ ਸੀ ਜਿਸ ਨੇ 1952 ਵਿਚ ਹੈਲਸਿੰਕੀ ਤੇ 1956 ਵਿਚ ਮੈਲਬਰਨ ਦੀਆਂ ਓਲੰਪਿਕ ਖੇਡਾਂ 'ਚੋਂ ਪੋਲ ਵਾਲਟ ਦੇ ਦੋ ਗੋਲਡ ਮੈਡਲ ਜਿੱਤੇ ਸਨ। 68 ਸਾਲਾਂ ਬਾਅਦ ਮੋਂਡੋ ਡੁਪਲਾਂਟਿਸ ਦੀ ਜਿੱਤ ਨਾਲ ਸਾਰੀ ਦੁਨੀਆ ਵਿਚ ਉਹਦੀ ਜੈ ਜੈ ਕਾਰ ਹੋ ਗਈ। ਉਹ ਐਸਾ ਪੋਲ ਵਾਲਟਰ ਹੈ ਜਿਸ ਨੇ ਯੂਥ, ਜੂਨੀਅਰ ਤੇ ਸੀਨੀਅਰ ਵਿਸ਼ਵ ਚੈਂਪੀਅਨਸ਼ਿਪਾਂ ਦੇ ਤਿੰਨੇ ਵਿਸ਼ਵ ਰਿਕਾਰਡ ਆਪਣੇ ਨਾਂ ਕੀਤੇ।

ਆਰਮੰਡ ਡੁਪਲਾਂਟਿਸ ਪੋਲ ਵਾਲਟਰ ਪਿਓ ਦਾ ਪੁੱਤਰ ਹੈ ਜੋ ਚਾਰ ਸਾਲਾਂ ਦੀ ਉਮਰ ਤੋਂ ਹੀ ਪੋਲ ਵਾਲਟ ਨਾਲ ਪੰਗੇ ਲੈਣ ਲੱਗ ਪਿਆ ਸੀ। ਇਹ ਸਮਝ ਲਓ ਕਿ ਉਹ ਤੁਰਨ ਹੀ ਨਿੱਕੇ ਜਿਹੇ ਪੋਲ ਨਾਲ ਲੱਗਾ ਸੀ। ਉਸ ਨੇ 15 ਸਾਲ ਦੀ ਉਮਰ ਤੋਂ ਵੱਖ-ਵੱਖ ਉਮਰ ਵਰਗਾਂ ਦੇ ਨਵੇਂ ਵਿਸ਼ਵ ਰਿਕਾਰਡ ਰੱਖਣੇ ਸ਼ੁਰੂ ਕਰ ਲਏ ਤੇ ਆਪਣੇ ਕੋਚ ਬਾਪ ਦੇ ਸੁਪਨੇ ਸਾਕਾਰ ਕਰਨ ਲੱਗ ਪਿਆ ਸੀ। ਮੋਂਡੋ ਨੇ 2015 ਵਿਚ ਹੀ 5.30 ਮੀਟਰ ਦੀ ਉਚਾਈ ਪਾਰ ਕਰ ਲਈ। 2016 ਵਿਚ 5.51 ਮੀਟਰ, 2017 'ਚ 5.90, 2018 'ਚ 6.05, 2020 'ਚ 6.15, 2022 ਵਿਚ 6.21, 2023 'ਚ 6.23, 2024 'ਚ 6.25 ਅਤੇ 2025 ਵਿਚ 6.27 ਮੀਟਰ ਦਾ ਨਵਾਂ ਵਿਸ਼ਵ ਰਿਕਾਰਡ ਰੱਖਿਆ। ਉਹ ਵਿਸ਼ਵ ਦਾ ਪਹਿਲਾ ਪੋਲ ਵਾਲਟਰ ਹੈ ਜਿਸ ਨੇ 6.20 ਮੀਟਰ ਦੀ ਹੱਦ ਪਹਿਲੀ ਵਾਰ ਤੋੜੀ। ਉਹ ਹੁਣ 26ਵੇਂ ਸਾਲ ਵਿਚ ਹੈ ਤੇ ਉਹਦਾ ਨਿਸ਼ਾਨਾ 6.30 ਮੀਟਰ ਦੀ ਹੱਦ ਪਾਰ ਕਰਨਾ ਹੈ। ਪੋਲ ਵਾਲਟ ਅਥਲੈਟਿਕਸ ਦਾ ਸਭ ਤੋਂ ਖ਼ਤਰਨਾਕ ਈਵੈਂਟ ਮੰਨਿਆ ਜਾਂਦਾ ਹੈ। ਵੀਹ-ਵੀਹ ਫੁੱਟ ਉੱਚੀਆਂ ਛਾਲਾਂ ਲਾਉਂਦਿਆਂ ਅਕਸਰ ਮਾਰੂ ਸੱਟਾਂ ਲੱਗਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਪੋਲ ਵਾਲਟ ਦਾ ਜਨਮ ਸੋਟੀ ਜਾਂ ਵੰਝ ਦੇ ਸਹਾਰੇ ਕੰਧਾਂ, ਖਾਈਆਂ ਤੇ ਹੋਰ ਰੁਕਾਵਟਾਂ ਟੱਪਣ ਤੋਂ ਸ਼ੁਰੂ ਹੋਇਆ ਸੀ। ਪਹਿਲਾਂ ਪਹਿਲ ਜਿਹੜੀ ਰੋਕ ਉਂਜ ਨਹੀਂ ਸੀ ਟੱਪੀ ਜਾਂਦੀ, ਡਾਂਗ ਜਾਂ ਵੰਝ ਦੇ ਸਹਾਰੇ ਨਾਲ ਟੱਪਣੀ ਸ਼ੁਰੂ ਹੋਈ। ਸਮੇਂ ਨਾਲ ਵਿਕਸਤ ਹੁੰਦੀ ਇਹ ਤਕਨੀਕ ਖੇਡ ਕਰਤਬ ਬਣ ਗਈ ਜੋ ਓਲੰਪਿਕ ਖੇਡਾਂ ਤਕ ਜਾ ਪੁੱਜੀ। ਪਹਿਲੀਆਂ ਓਲੰਪਿਕ ਖੇਡਾਂ 'ਚ ਅਮਰੀਕਾ ਦਾ ਵਿਲੀਅਮ ਹੋਅਟ ਸਿਰਫ 3.30 ਮੀਟਰ ਉੱਚਾ ਟੱਪ ਕੇ ਓਲੰਪਿਕ ਚੈਂਪੀਅਨ ਬਣ ਗਿਆ ਸੀ ਜਦ ਕਿ ਪੈਰਿਸ ਵਿਖੇ 2024 ਦੀਆਂ ਓਲੰਪਿਕ ਖੇਡਾਂ 'ਚ ਸਵੀਡਨ ਦਾ ਡੁਪਲਾਂਟਿਸ 6.25 ਮੀਟਰ ਉੱਚਾ ਟੱਪ ਕੇ ਗੋਲਡ ਮੈਡਲ ਜਿੱਤ ਸਕਿਆ।

ਮੋਂਡੋ ਡੁਪਲਾਂਟਿਸ ਦਾ ਜਨਮ ਖਿਡਾਰੀਆਂ ਦੇ ਪਰਿਵਾਰ 'ਚ ਅਮਰੀਕਾ ਦੀ ਸਟੇਟ ਲੁਸਿਆਨਾ ਦੇ ਸ਼ਹਿਰ ਲਾਫਾਯੈੱਟ ਵਿਚ ਹੋਇਆ। ਉਹਦਾ ਪਿਉ ਗ੍ਰੈੱਗ ਡੁਪਲਾਂਟਿਸ ਅਮਰੀਕਨ ਹੈ ਤੇਮਾਂ ਹਲੇਨਾ ਡੁਪਲਾਂਟਿਸ ਸਵੀਡਸ਼ ਮੂਲ ਦੀ ਹੈ। ਗ੍ਰੈੱਗ ਡੁਪਲਾਂਟਿਸ ਖੁਦ ਅੰਤਰਰਾਸ਼ਟਰੀ ਪੱਧਰ ਦਾ ਪੋਲ ਵਾਲਟਰ ਰਿਹਾ। ਉਸ ਨੇ 5.80 ਮੀਟਰ ਯਾਨੀ 19 ਫੁੱਟ ਅੱਧਾ ਇੰਚ ਉੱਚੀ ਛਾਲ ਲਾਈ ਹੋਈ ਹੈ। ਮੋਂਡੋ ਦੀ ਮਾਂ ਹੈਪਟੈਥਲੀਟ ਤੇ ਵਾਲੀਬਾਲ ਦੀ ਵਧੀਆ ਖਿਡਾਰਨ ਰਹੀ ਹੈ। ਮੋਂਡੋ ਅਮਰੀਕਾ 'ਚ ਜੰਮਿਆ ਹੋਣ ਕਰਕੇ ਅੰਗਰੇਜ਼ੀ ਉਸ ਦੀ ਪਹਿਲੀ ਭਾਸ਼ਾ ਹੈ ਤੇ ਸਵੀਡਸ਼ ਦੂਜੀ ਭਾਸ਼ਾ। ਉਹ ਛੁੱਟੀਆਂ ਵਿਚ ਆਪਣੀ ਮਾਂ ਨਾਲ ਤੇ ਫਿਰ ਇਕੱਲਾ ਸਵੀਡਨ ਆਪਣੇ



ਨਾਨਕੀਂ ਚਲਾ ਜਾਂਦਾ ਜਿਥੇ ਉਹਦੇ ਨਾਨੇ ਨਾਨੀ ਦਾ ਪਰਿਵਾਰ ਸੀ। ਇੰਜ ਉਹ ਅਮਰੀਕਾ ਦਾ ਵੀ ਸਿਟੀਜ਼ਨ ਹੈ ਤੇ ਸਵੀਡਨ ਦਾ ਵੀ। ਜਦੋਂ ਉਹ ਪੋਲ ਵਾਲਟ ਦੇ ਅੰਤਰਰਾਸ਼ਟਰੀ ਮੁਕਾਬਲਿਆਂ 'ਚ ਭਾਗ ਲੈਣ ਲੱਗਾ ਤਾਂ ਉਸ ਨੂੰ ਨਾਨਕਿਆਂ ਦੇ ਦੇਸ਼ ਸਵੀਡਨ ਤੇ ਦਾਦਕਿਆਂ ਦੇ ਦੇਸ਼ ਅਮਰੀਕਾ 'ਚੋਂ ਇਕ ਚੁਣਨਾ ਪੈਣਾ ਸੀ। ਸਵੀਡਨ ਨੇ ਉਸ ਦੇ ਪਿਉ ਗ੍ਰੈੱਗ ਡੁਪਲਾਂਟਿਸ ਨੂੰ ਪੋਲ ਵਾਲਟ ਦਾ ਕੋਚ ਰੱਖ ਲਿਆ ਸੀ। ਪਿਉ ਦੇ ਕਹਿਣ 'ਤੇ ਮੋਂਡੋ ਵੀ ਸਵੀਡਨ ਵੱਲੋਂ ਖੇਡ ਮੁਕਾਬਲਿਆਂ 'ਚ ਭਾਗ ਲੈਣ ਲੱਗਾ। ਇਸ ਦਾ ਦੂਜਾ ਕਾਰਨ ਸੀ ਕਿ ਅਮਰੀਕਾ ਦੇ ਖਿਡਾਰੀ ਖੇਡਾਂ ਮੌਕੇ ਟ੍ਰਾਇਲ ਲੈ ਕੇ ਚੁਣੇ ਜਾਂਦੇ ਹਨ ਜਦ ਕਿ ਸਵੀਡਨ ਦੇ ਖਿਡਾਰੀ ਅਹਿਮ ਮੁਕਾਬਲਿਆਂ ਦੇ ਆਧਾਰ 'ਤੇ ਚੁਣੇ ਜਾਂਦੇ ਹਨ। ਸਵੀਡਨ ਵਾਲਾ ਢੰਗ ਮੋਂਡੋ ਨੂੰ ਵਧੇਰੇ ਚੰਗਾ ਲੱਗਾ। ਉਂਜ ਵੀ ਨਾਨਕਿਆਂ ਦਾ ਪੱਖ ਭਾਰੂ ਸੀ ਤੇ ਮੋਂਡੋ ਨੂੰ ਅੰਗਰੇਜ਼ੀ ਭਾਸ਼ਾ ਦੇ ਨਾਲ ਸਵੀਡਸ਼ ਭਾਸ਼ਾ ਵੀ ਚੰਗੀ ਆਉਂਦੀ ਸੀ। ਮੋਂਡੋ ਦੇ ਦੋਵੇਂ ਵੱਡੇ ਭਰਾ ਐਂਡਰੀਜ਼ ਅਤੇ ਐਨਟੋਨੀ ਤੇ ਛੋਟੀ ਭੈਣ ਜੋਹਾਨਾ ਸਭ ਸਵੀਡਨ ਵੱਲੋਂ ਖੇਡਦੇ ਸਨ ਭਾਵੇਂ ਕਿ ਉਨ੍ਹਾਂ ਦੀ ਪੜ੍ਹਾਈ ਅਮਰੀਕਨ ਸਕੂਲਾਂ ਵਿਚ ਹੁੰਦੀ ਸੀ। ਫਿਰ ਉਹ ਲੂਸਿਆਨਾ ਸਟੇਟ ਯੂਨੀਵਰਸਿਟੀ ਦੇ ਵਿਦਿਆਰਥੀ ਬਣਦੇ। ਮੋਂਡੋ ਨੇ 2018 ਵਿਚ ਲਾਫਾਯੈੱਟ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕਰ ਕੇ ਲੂਸੀਆਨਾ ਸਟੇਟ ਯੂਨੀਵਰਸਿਟੀ ਵਿਚ ਦਾਖਲਾ ਲਿਆ ਸੀ ਪਰ ਇਕ ਸਾਲ ਬਾਅਦ ਪੜ੍ਹਾਈ ਵਿਚੇ ਛੱਡ ਕੇ ਪ੍ਰੋਫੈਸ਼ਨਲ ਪੋਲ ਵਾਲਟਰ ਬਣ ਗਿਆ। ਉਹਦੀ ਪਹਿਲੀ ਵੱਡੀ ਜਿੱਤ 2015 ਦੀ ਵਰਲਡ ਯੂਥ ਚੈਂਪੀਅਨਸ਼ਿਪ 'ਚ ਹੋਈ। 2016 ਵਿਚ ਉਸ ਨੇ ਅੰਡਰ-20 ਵਰਲਡ ਚੈਂਪੀਅਨਸ਼ਿਪ 'ਚੋਂ ਕਾਂਸੀ ਦਾ ਤਗਮਾ ਜਿੱਤਿਆ। 2017 ਵਿਚ ਉਸ ਨੇ ਅੰਡਰ-20 ਦਾ ਯੂਰਪੀ ਟਾਈਟਲ ਜਿੱਤਿਆ ਤੇ 2018 ਵਿਚ ਵਰਲਡ ਅੰਡਰ-20 ਦਾ ਚੈਂਪੀਅਨ ਟਾਈਟਲ। ਜਿਵੇਂ ਤੇਜ਼ਤਰਾਰ ਦੌੜਾਕ ਉਸੈਨ ਬੋਲਟ ਨੇ ਯੂਥ, ਜੂਨੀਅਰ ਤੇ ਸੀਨੀਅਰ ਵਿਸ਼ਵ ਚੈਂਪੀਅਨਸ਼ਿਪਾਂ ਦੇ ਟਾਈਟਲ ਜਿੱਤੇ ਉਵੇਂ ਮੋਂਡੋ ਨੇ ਵੀ ਤਿੰਨੇ ਟਾਈਟਲ ਜਿੱਤੇ। 2020 ਵਿਚ ਉਸ ਨੂੰ ਵਰਲਡ ਅਥਲੀਟ ਆਫ਼ ਦਾ ਯੀਅਰ ਐਲਾਨਿਆ ਗਿਆ। 2021 ਤੋਂ 2024 ਤਕ ਉਹ ਡਾਇਮੰਡ ਲੀਗਾਂ ਦਾ ਵੀ ਚੈਂਪਅਨ ਬਣਦਾ ਰਿਹਾ।

ਪੋਲ ਵਾਲਟ ਦੇ ਇਤਿਹਾਸ ਵਿਚ 6 ਮੀਟਰ ਦੀ ਉਚਾਈ ਉਸ ਨੇ ਸਭ ਤੋਂ ਵੱਧ ਵਾਰ ਟੱਪੀ ਹੈ। ਸਰਗੀ ਬੁਬਕਾ ਨੇ 6 ਮੀਟਰ ਦੀ ਉਚਾਈ 46 ਵਾਰ ਟੱਪੀ ਜੋ ਮੋਂਡੋ ਡੁਪਲਾਂਟਿਸ 102 ਵਾਰ ਟੱਪ ਚੁੱਕੈ। ਉਹ 6.16 ਮੀਟਰ ਦੇ ਵਿਸ਼ਵ ਰਿਕਾਰਡ ਨੂੰ 6.27 ਮੀਟਰ ਤਕ ਲੈ ਗਿਆ ਹੈ। ਉਹ ਕੇਵਲ 7 ਸਾਲਾਂ ਦਾ ਸੀ ਜਦੋਂ 3.86 ਮੀਟਰ ਭਾਵ 12 ਫੁੱਟ 8 ਇੰਚ ਉੱਚੀ ਛਲਾਂਗ ਲਾ ਗਿਆ ਸੀ। ਡੁਪਲਾਂਟਿਸ ਦਾ ਨਿੱਕਾ ਨਾਂ 'ਮੋਂਡੋ' ਉਹਦੇ ਬਾਪ ਦੇ ਇਤਾਲਵੀ ਦੋਸਤ ਨੇ ਰੱਖਿਆ ਸੀ ਜੋ ਇਟਲੀ ਤੋਂ ਸੀ। ਇਤਾਲਵੀ ਵਿਚ ਇਸ ਦਾ ਅਰਥ ਹੈ 'ਦੁਨੀਆ'। ਉਹ ਸੱਚਮੁੱਚ ਦੁਨੀਆ ਦਾ ਚੈਂਪੀਅਨ ਬਣਿਆ। 2020, 2022 ਤੇ 2023 ਦਾ ਉਹ ਵਰਲਡ ਅਥਲੀਟ ਆਫ਼ ਦਾ ਯੀਅਰ ਅਵਾਰਡ ਹਾਸਲ ਕਰਦਾ ਰਿਹਾ। 2024 ਦਾ ਸਾਲ ਉਹਦੇ ਲਈ ਸਭ ਤੋਂ ਵੱਡੀਆਂ ਜਿੱਤਾਂ ਵਾਲਾ ਰਿਹਾ। ਉਸ ਨੇ ਓਲੰਪਿਕ ਖੇਡਾਂ ਦਾ ਦੂਜਾ ਟਾਈਟਲ, ਦੂਜਾ ਵਰਲਡ ਇਨਡੋਰ ਟਾਈਟਲ, ਤੀਜਾ ਯੂਰਪੀਨ ਟਾਈਟਲ ਤੇ ਕਈ ਹੋਰ ਮਹੱਤਵ ਪੂਰਨ ਟਾਈਟਲ ਜਿੱਤੇ। 2024 ਦੀ ਡਾਇਮੰਡ ਲੀਗ ਵਿਚ ਭਾਗ ਲੈਂਦਿਆਂ ਮੋਂਡੋ ਨੇ 6.26 ਮੀਟਰ ਉੱਚਾ ਟੱਪ ਕੇ ਆਪਣਾ ਹੀ ਵਿਸ਼ਵ ਰਿਕਾਰਡ ਦਸਵੀਂ ਵਾਰ ਨਵਿਆਇਆ। ਉਸ ਸਾਲ ਉਸ ਨੂੰ ਵਿਸ਼ਵ ਦਾ ਅਨਮੋਲ ਅਥਲੀਟ ਹੋਣ ਦਾ ਅਵਾਰਡ ਮਿਲਿਆ। ਜਿਊਰਿਖ ਡਾਇਮੰਡ ਲੀਗ ਦੇ ਮੁਕਾਬਲਿਆਂ ਤੋਂ ਪਹਿਲਾਂ 4 ਸਤੰਬਰ 2024 ਨੂੰ ਮੋਂਡੋ ਦੀ 400 ਮੀਟਰ ਹਰਡਲਜ਼ ਦੇ ਵਿਸ਼ਵ ਰਿਕਾਰਡੀ ਕਰਸਟਨ ਵਾਰਹੋਲਮ ਨਾਲ 100 ਮੀਟਰ ਦੀ ਦੌੜ ਲਗਵਾਈ ਗਈ। ਉਹ ਦੌੜ ਮੋਂਡੋ ਨੇ 10.37 ਸੈਕੰਡ 'ਚ ਲਾਈ ਜਦ ਕਿ ਵਾਰਹੋਲਮ 10.47 ਸੈਕੰਡ ਨਾਲ ਦੋਮ ਰਿਹਾ। 2025 ਵਿਚ ਉਸ ਨੇ 11ਵਾਂ ਵਰਲਡ ਰਿਕਾਰਡ ਰੱਖਿਆ ਤਾਂ ਉਸ ਨੂੰ ਸੈਂਚਰੀ ਦੇ ਲੌਰੀਅਸ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

28 ਫਰਵਰੀ 2025 ਦਾ ਦਿਨ ਪੋਲ ਵਾਲਟ ਦੇ ਇਤਿਹਾਸ ਦਾ ਯਾਦਗਾਰੀ ਦਿਵਸ ਹੋ ਨਿਬੜਿਆ। ਫਰਾਂਸ ਦੀ ਧਰਤੀ 'ਤੇ ਹੋਈ ਆਲ ਸਟਾਰ ਮੀਟ ਵਿਚ ਮੋਂਡੋ ਨੇ 6.27 ਮੀਟਰ ਉੱਚੀ ਛਾਲ ਲਾ ਕੇ 11ਵੀਂ ਵਾਰ ਵਿਸ਼ਵ ਰਿਕਾਰਡ ਨਵਿਆਇਆ। ਉੱਦਣ ਖੁਸ਼ੀ ਵਿਚ ਉਹਦਾ ਗੀਤ 'ਬੌਪ' ਰਿਲੀਜ਼ ਕੀਤਾ ਗਿਆ। ਕਈਆਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਮੋਂਡੋ ਗੀਤਕਾਰ ਵੀ ਹੈ। ਪੋਮਾ ਕੰਪਨੀ ਦੇ ਸੀਈਓ ਆਰਨੇ ਫਰੁਡੈਂਟ ਨਾਲ ਗੱਲ ਬਾਤ ਕਰਦਿਆਂ ਮੋਂਡੋ ਨੇ ਇਥੋਂ ਤਕ ਕਹਿ ਦਿੱਤਾ ਕਿ 6.30 ਮੀਟਰ ਟੱਪਣਾ ਤਾਂ ਮੇਰੀ ਪਹੁੰਚ ਵਿਚ ਹੀ ਹੈ, ਹੋ ਸਕਦੈ ਮੈਂ ਵਿਸ਼ਵ ਰਿਕਾਰਡ 6.40 ਮੀਟਰ ਤੱਕ ਲੈ ਜਾਵਾਂ! ਜੁਲਾਈ 2020 ਵਿਚ ਮੋਂਡੋ ਨੂੰ ਖਿਡਾਰੀਆਂ ਲਈ ਸਭ ਤੋਂ ਵੱਡਾ ਸਨਮਾਨ ਵਿਕਟੋਰੀਆ ਅਵਾਰਡ ਮਿਲਿਆ। 2025 ਤਕ ਸਪੋਰਟਸ ਦਾ ਸ਼ਾਇਦ ਹੀ ਕੋਈ ਅਵਾਰਡ ਹੋਵੇ ਜੋ ਉਸ ਨੂੰ ਨਾ ਮਿਲਿਆ ਹੋਵੇ। ਸਣੇ ਵਰਲਡ ਅਥਲੈਟਿਕਸ ਅਵਾਰਡ ਦੇ ਤੇ ਬੀਬੀਸੀ ਸਪੋਰਟਸ ਪਰਸਨੈਲਟੀ ਵਰਲਡ ਸਪੋਰਟ ਸਟਾਰ ਦੇ। ਮੋਂਡੋ ਜਿਹੇ ਸਪੋਰਟਸ ਸਟਾਰ ਨਿੱਤ ਨਿੱਤ ਨਹੀਂ ਜੰਮਦੇ। ਯੂਸਫ ਵਰਗਾ ਸੋਹਣਾ ਸੁਨੱਖਾ ਮੋਂਡੋ ਅੱਜਕੱਲ੍ਹ ਜੁਲੈਖਾਂ ਵਰਗੀ ਸੋਹਣੀ ਸੁਨੱਖੀ ਸਵੀਡਸ਼ ਮਾਡਲ ਡੀਜ਼ਾਇਰ ਇੰਗਲੈਂਡਰ ਨਾਲ ਡੇਟਿੰਗ ਕਰ ਰਿਹੈ। ਉਹ ਉਸ ਨੂੰ 2020 ਵਿਚ ਮਿਡ ਸਮਰ ਦੀ ਪਾਰਟੀ ਵਿਚ ਮਿਲੀ ਸੀ। 11 ਅਕਤੂਬਰ 2024 ਨੂੰ ਉਨ੍ਹਾਂ ਦੀ ਮੰਗਣੀ ਹੋਈ ਹੈ ਤੇ ਜਿੱਦਣ ਵਿਆਹ ਹੋਇਆ ਉਹਦੇ ਬੈਂਡ ਵਾਜੇ ਕੁਲ ਦੁਨੀਆ ਨੂੰ ਸੁਣ ਜਾਣੇ ਹਨ। ਸੁਭਾਗ ਜੋੜੀ ਲਈ ਸਾਡੇ ਵੱਲੋਂ ਅਗਾਂਊਂ ਸ਼ੁਭ ਇਛਾਵਾਂ!

# 'ਆਪ੍ਰੇਸ਼ਨ ਸਿੰਦੂਰ' ਬਾਰੇ ਭਾਰਤ ਦੇ DGMO ਨੇ ਕੀਤੇ ਵੱਡੇ ਖੁਲਾਸੇ

## ਕਿਹਾ, 'ਫ਼ੌਜ ਹਰ ਮਿਸ਼ਨ ਲਈ ਤਿਆਰ'




ਡੀਜੀਐਮਓ ਨੇ ਆਪ੍ਰੇਸ਼ਨ ਸਿੰਦੂਰ ਬਾਰੇ ਆਪਣੀ ਪ੍ਰੈਸ ਬ੍ਰੀਫਿੰਗ ਵਿੱਚ ਬਹੁਤ ਸਾਰੀਆਂ ਗੱਲਾਂ ਕਹੀਆਂ। ਏਅਰ ਮਾਰਸ਼ਲ ਏ ਕੇ ਭਾਰਤੀ ਨੇ ਅਪਰੇਸ਼ਨ ਸਿੰਦੂਰ ਨਾਲ ਸਬੰਧਤ ਨਵੀਂ ਜਾਣਕਾਰੀ ਦਿੱਤੀ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਪਾਕਿਸਤਾਨ ਵੱਲੋਂ ਕੀਤੇ ਗਏ ਹਮਲੇ ਨੂੰ ਭਾਰਤ ਦੇ ਹਵਾਈ ਰੱਖਿਆ ਪ੍ਰਣਾਲੀ ਨੇ ਨਾਕਾਮ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਕਿਸੇ ਵੀ ਤਰ੍ਹਾਂ ਭਾਰਤ ਦੇ ਹਵਾਈ ਰੱਖਿਆ ਪ੍ਰਣਾਲੀ ਵਿੱਚ ਘੁਸਪੈਠ ਨਹੀਂ ਕਰ ਸਕਦਾ। ਉਸਨੇ ਦੱਸਿਆ ਕਿ ਭਾਰਤ ਨੇ ਚੀਨ ਅਤੇ ਤੁਰਕੀ ਵਿੱਚ ਬਣੀਆਂ ਮਿਜ਼ਾਈਲਾਂ ਨੂੰ ਡੇਗ ਦਿੱਤਾ। ਹਵਾਈ ਸੈਨਾ ਕਹਿੰਦੀ ਹੈ ਕਿ ਸਾਡੀ ਲੜਾਈ ਅੱਤਵਾਦੀਆਂ ਵਿਰੁੱਧ ਸੀ, ਪਰ ਪਾਕਿਸਤਾਨੀ ਫੌਜ ਅੱਤਵਾਦੀਆਂ ਦੇ ਬਚਾਅ ਵਿੱਚ ਆ ਗਈ।

ਇਸ ਪ੍ਰੈਸ ਕਾਨਫਰੰਸ ਤੋਂ ਪਹਿਲਾਂ, ਪਾਕਿਸਤਾਨ ਵਿੱਚ ਫੌਜੀ ਕਾਰਵਾਈ ਕਾਰਨ ਹੋਈ ਤਬਾਹੀ ਨੂੰ ਦਰਸਾਉਂਦੀ ਇੱਕ ਫਿਲਮ ਦਿਖਾਈ ਗਈ ਅਤੇ ਨਾਲ ਹੀ ਰਾਸ਼ਟਰੀ ਕਵੀ ਰਾਮਧਾਰੀ ਸਿੰਘ ਦਿਨਕਰ ਦੀ ਕਵਿਤਾ 'ਜਬ ਨਾਸ਼ ਮਨੁਜ ਪਰ ਛੱਤਾ ਹੈ...' ਵੀ ਦਿਖਾਈ ਗਈ। ਇਸ ਦੇ ਨਾਲ ਹੀ ਉਨ੍ਹਾਂ ਨੇ ਰਾਮ ਚਰਿਤ ਮਾਨਸ ਵਿਚੋਂ ਚੌਪਈ ਵਿਨੈ ਨਾ ਮੰਨਤ ਜਲਧੀ, ਗੇ ਤੀਨਿ ਦਿਨ ਬੀਤੀ, ਬੋਲੇ ਰਾਮ ਸਕੋਪ ਤਬ, ਭਏ ਬਿਨੁ ਹੋਇ ਨ ਪ੍ਰੀਤੀ ਪੜ੍ਹੀ। ਇਸ ਕੋਸ਼ਿਸ਼ ਦਾ ਉਦੇਸ਼ ਪਾਕਿਸਤਾਨ ਨੂੰ ਸਭ ਤੋਂ ਸਖ਼ਤ ਭਾਸ਼ਾ ਵਿੱਚ ਸੁਨੇਹਾ ਭੇਜਣਾ ਸੀ। ਏਅਰ ਮਾਰਸ਼ਲ ਭਾਰਤੀ ਨੇ ਕਿਹਾ, 'ਕੱਲ੍ਹ ਅਸੀਂ ਪੀਓਕੇ ਅਤੇ ਪਾਕਿਸਤਾਨ ਵਿੱਚ ਸਫਲਤਾਪੂਰਵਕ ਤਬਾਹ ਕੀਤੇ ਗਏ ਅੱਤਵਾਦੀ ਢਾਂਚੇ ਬਾਰੇ ਗੱਲ ਕੀਤੀ ਸੀ।' ਸਾਡੀ ਲੜਾਈ ਸਿਰਫ਼ ਅੱਤਵਾਦ ਵਿਰੁੱਧ ਹੈ ਅਤੇ ਅਸੀਂ ਅੱਤਵਾਦੀਆਂ ਦੇ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਇਆ ਸੀ ਪਰ ਪਾਕਿਸਤਾਨੀ ਫੌਜ ਨੇ ਅੱਤਵਾਦੀਆਂ ਦਾ ਸਮਰਥਨ ਕਰਨਾ ਸਹੀ ਸਮਝਿਆ ਅਤੇ ਇਸਨੂੰ ਆਪਣੀ ਲੜਾਈ ਬਣਾ ਲਿਆ। ਇਸ ਸਥਿਤੀ ਵਿੱਚ, ਸਾਡੀ ਜਵਾਬੀ ਕਾਰਵਾਈ ਜ਼ਰੂਰੀ ਸੀ ਅਤੇ ਇਸ ਵਿੱਚ ਉਨ੍ਹਾਂ ਨੂੰ ਜੋ ਵੀ ਨੁਕਸਾਨ ਹੋਇਆ ਹੈ, ਉਸ ਲਈ ਉਹ ਖੁਦ ਜ਼ਿੰਮੇਵਾਰ ਹਨ। ਏਅਰ ਮਾਰਸ਼ਲ ਏ.ਕੇ. ਭਾਰਤੀ ਨੇ ਕਿਹਾ, "...ਸਾਡੀਆਂ ਜੰਗ-ਪ੍ਰਮਾਣਿਤ ਪ੍ਰਣਾਲੀਆਂ ਨੇ ਸਮੇਂ ਦੀ ਪਰੀਖਿਆ 'ਤੇ ਖਰਾ ਉਤਰਿਆ ਹੈ ਅਤੇ ਚੁਣੌਤੀ ਦਾ ਸਾਹਮਣਾ ਕੀਤਾ ਹੈ। ਇੱਕ ਹੋਰ ਖਾਸ ਗੱਲ ਸਵਦੇਸ਼ੀ ਹਵਾਈ ਰੱਖਿਆ ਪ੍ਰਣਾਲੀ, ਆਕਾਸ਼ ਪ੍ਰਣਾਲੀ ਦਾ ਸ਼ਾਨਦਾਰ ਪ੍ਰਦਰਸ਼ਨ ਹੈ। ਇੱਕ ਸ਼ਕਤੀਸ਼ਾਲੀ ਏਡੀ ਵਾਤਾਵਰਣ ਬਣਾਉਣਾ ਅਤੇ ਲਾਗੂ ਕਰਨਾ ਪਿਛਲੇ ਦਹਾਕੇ ਦੌਰਾਨ ਭਾਰਤ ਸਰਕਾਰ ਤੋਂ ਪ੍ਰਾਪਤ ਬਜਟ ਅਤੇ ਨੀਤੀਗਤ ਸਹਾਇਤਾ ਕਾਰਨ ਹੀ ਸੰਭਵ ਹੋਇਆ ਹੈ।" ਹਵਾਈ ਸੈਨਾ ਦੇ ਡੀਜੀਐਮਓ ਏਅਰ ਮਾਰਸ਼ਲ ਏਕੇ ਭਾਰਤੀ ਨੇ ਕਿਹਾ ਕਿ ਦੁਸ਼ਮਣ ਲਈ ਸਾਡੀ ਹਵਾਈ ਰੱਖਿਆ ਪ੍ਰਣਾਲੀ ਵਿੱਚ ਘੁਸਪੈਠ ਕਰਨਾ ਅਸੰਭਵ ਸੀ। ਉਨ੍ਹਾਂ ਕਿਹਾ ਕਿ ਸਾਡੀ ਲੜਾਈ ਅੱਤਵਾਦੀਆਂ ਵਿਰੁੱਧ ਹੈ ਪਰ ਪਾਕਿਸਤਾਨ ਦੀ ਫੌਜ ਅੱਤਵਾਦੀਆਂ ਦੇ ਬਚਾਅ ਵਿੱਚ ਆ ਗਈ। ਭਾਰਤੀ ਦਾ ਕਹਿਣਾ ਹੈ ਕਿ ਇਸ ਕਾਰਵਾਈ ਦੌਰਾਨ ਹੋਏ ਨੁਕਸਾਨ ਲਈ ਪਾਕ ਨੇ ਵੀ ਬਹੁਤ ਕੁਸ਼ਲਤਾ ਨਾਲ ਕੰਮ ਕੀਤਾ। ਆਕਾਸ਼ ਮਿਜ਼ਾਈਲ ਸਿਸਟਮ ਪੂਰੀ ਤਰ੍ਹਾਂ ਸਵਦੇਸ਼ੀ ਹੈ। ਇਹ 25-30 ਕਿਲੋਮੀਟਰ ਦੀ ਦੂਰੀ 'ਤੇ ਦੁਸ਼ਮਣ ਦੇ ਜਹਾਜ਼ਾਂ ਅਤੇ ਡਰੋਨਾਂ ਨੂੰ ਤਬਾਹ ਕਰਨ ਦੇ ਸਮਰੱਥ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਏਕੀਕ੍ਰਿਤ ਹਵਾਈ ਕਮਾਂਡ ਅਤੇ ਕੰਟਰੋਲ ਨੇ ਪਾਕਿਸਤਾਨੀ ਫੌਜੀ ਹਮਲਿਆਂ ਨੂੰ ਨਾਕਾਮ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸਾਡੇ ਹਵਾਈ ਰੱਖਿਆ ਪ੍ਰਣਾਲੀ ਨੇ ਪਾਕਿਸਤਾਨ ਵੱਲੋਂ ਦਾਗੀ ਗਈ ਚੀਨੀ ਮਿਜ਼ਾਈਲ PL-15E ਅਤੇ ਤੁਰਕੀ ਦੀ ਬਣੀ ਯਿਹਾ ਮਿਜ਼ਾਈਲ ਨੂੰ ਤਬਾਹ ਕਰ ਦਿੱਤਾ। ਇਸ ਤੋਂ ਇਲਾਵਾ ਪਾਕਿਸਤਾਨ ਨੇ ਲੰਬੀ ਦੂਰੀ ਦੇ ਰਾਕੇਟਾਂ ਦੀ ਵੀ ਵਰਤੋਂ ਕੀਤੀ। ਪਰ ਭਾਰਤ ਦੇ ਹਵਾਈ ਰੱਖਿਆ ਪ੍ਰਣਾਲੀਆਂ ਨੇ ਭਾਰਤੀ ਸਥਾਪਨਾਵਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਪਾਕਿਸਤਾਨੀ ਕੋਸ਼ਿਸ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਾਕਾਮ ਕਰ ਦਿੱਤਾ। ਏਅਰ ਮਾਰਸ਼ਲ ਏਕੇ ਭਾਰਤੀ ਨੇ ਕਿਹਾ ਕਿ ਭਾਰਤੀ ਹਵਾਈ ਸੈਨਾ ਕੋਲ ਇੱਕ ਬਹੁ-ਪਰਤੀ ਹਵਾਈ ਰੱਖਿਆ ਪ੍ਰਣਾਲੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਸਾਰੇ ਫੌਜੀ ਅੱਡੇ ਅਤੇ ਪ੍ਰਣਾਲੀਆਂ ਨਿਰੰਤਰ ਪੂਰੀ ਤਰ੍ਹਾਂ ਕਾਰਜਸ਼ੀਲ ਹਨ। ਪਾਕਿਸਤਾਨ ਜ਼ਿੰਮੇਵਾਰ ਹੈ। ਉਨ੍ਹਾਂ ਦੱਸਿਆ ਕਿ ਸਾਡਾ ਹਵਾਈ ਰੱਖਿਆ ਸਿਸਟਮ ਬਹੁਤ ਮਜ਼ਬੂਤ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਸਵਦੇਸ਼ੀ ਹਵਾਈ ਰੱਖਿਆ ਪ੍ਰਣਾਲੀ ਆਕਾਸ਼ ਨੇ ਵੀ ਬਹੁਤ ਕੁਸ਼ਲਤਾ ਨਾਲ ਕੰਮ ਕੀਤਾ। ਆਕਾਸ਼ ਮਿਜ਼ਾਈਲ ਸਿਸਟਮ ਪੂਰੀ ਤਰ੍ਹਾਂ ਸਵਦੇਸ਼ੀ ਹੈ। ਇਹ 25-30 ਕਿਲੋਮੀਟਰ ਦੀ ਦੂਰੀ 'ਤੇ ਦੁਸ਼ਮਣ ਦੇ ਜਹਾਜ਼ਾਂ ਅਤੇ ਡਰੋਨਾਂ ਨੂੰ ਤਬਾਹ ਕਰਨ ਦੇ ਸਮਰੱਥ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਏਕੀਕ੍ਰਿਤ ਹਵਾਈ ਕਮਾਂਡ ਅਤੇ ਕੰਟਰੋਲ ਨੇ ਪਾਕਿਸਤਾਨੀ ਫੌਜੀ ਹਮਲਿਆਂ ਨੂੰ ਨਾਕਾਮ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸਾਡੇ ਹਵਾਈ ਰੱਖਿਆ ਪ੍ਰਣਾਲੀ ਨੇ ਪਾਕਿਸਤਾਨ ਵੱਲੋਂ ਦਾਗੀ ਗਈ ਚੀਨੀ ਮਿਜ਼ਾਈਲ PL-15E ਅਤੇ ਤੁਰਕੀ ਦੀ ਬਣੀ ਯਿਹਾ ਮਿਜ਼ਾਈਲ ਨੂੰ ਤਬਾਹ ਕਰ ਦਿੱਤਾ। ਇਸ ਤੋਂ ਇਲਾਵਾ ਪਾਕਿਸਤਾਨ ਨੇ ਲੰਬੀ ਦੂਰੀ ਦੇ ਰਾਕੇਟਾਂ ਦੀ ਵੀ ਵਰਤੋਂ ਕੀਤੀ। ਪਰ ਭਾਰਤ ਦੇ ਹਵਾਈ ਰੱਖਿਆ ਪ੍ਰਣਾਲੀਆਂ ਨੇ ਭਾਰਤੀ ਸਥਾਪਨਾਵਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਪਾਕਿਸਤਾਨੀ ਕੋਸ਼ਿਸ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਾਕਾਮ ਕਰ ਦਿੱਤਾ। ਏਅਰ ਮਾਰਸ਼ਲ ਏਕੇ ਭਾਰਤੀ ਨੇ ਕਿਹਾ ਕਿ ਭਾਰਤੀ ਹਵਾਈ ਸੈਨਾ ਕੋਲ ਇੱਕ ਬਹੁ-ਪਰਤੀ ਹਵਾਈ ਰੱਖਿਆ ਪ੍ਰਣਾਲੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਸਾਰੇ ਫੌਜੀ ਅੱਡੇ ਅਤੇ ਪ੍ਰਣਾਲੀਆਂ ਨਿਰੰਤਰ ਪੂਰੀ ਤਰ੍ਹਾਂ ਕਾਰਜਸ਼ੀਲ ਹਨ। ਉਨ੍ਹਾਂ ਕਿਹਾ ਕਿ ਅਸੀਂ ਅਜੇ ਵੀ ਕਿਸੇ ਵੀ ਮਿਸ਼ਨ ਨੂੰ ਪੂਰਾ ਕਰਨ ਲਈ ਤਿਆਰ ਹਾਂ।






# ਚਰਚਾ ਦਾ ਵਿਸ਼ਾ ਬਣਿਆ ਸਲਮਾਨ ਖ਼ਾਨ ਦਾ 'ਥੈਂਕ ਗਾੱਡ ਫ਼ਾਰ ਸੀਜ਼ਫਾਇਰ' ਵਾਲਾ ਟਵੀਟ

## ਲੋਕ ਬੋਲੇ- 'ਸਾਨੂੰ ਪਤੈ...'



ਭਾਰਤ ਅਤੇ ਪਾਕਿਸਤਾਨ ਵਿਚਾਲੇ ਜਾਰੀ ਤਣਾਅ ਦੇ ਵਿਚਾਲੇ ਸੀਜ਼ਫਾਇਰ ਦੀ ਖ਼ਬਰ ਆਈ ਤਾਂ ਬਾਲੀਵੁੱਡ ਸੁਪਰਸਟਾਰ ਸਲਮਾਨ ਖਾਨ ਨੇ ਵੀ ਆਪਣੀ ਪ੍ਰਤੀਕਿਰਿਆ ਸਾਂਝੀ ਕੀਤੀ ਸੀ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਕੀਤੀ ਸੀ। ਇਸ ਲਈ ਉਨ੍ਹਾਂ ਨੇ ਸ਼ਾਂਤੀ ਦੀ ਉਮੀਦ ਜਤਾਈ ਸੀ। ਪਰ ਕੁਝ ਹੀ ਮਿੰਟਾਂ ਵਿੱਚ ਉਨ੍ਹਾਂ ਨੇ ਪੋਸਟ ਡਿਲੀਟ ਕੀਤੀ ਸੀ। ਅਦਾਕਾਰ ਦੇ ਇਸ ਕਦਮ ਨੇ ਸੋਸ਼ਲ ਮੀਡੀਆ 'ਤੇ ਨਵਾਂ ਬਵਾਲ ਖੜਾ ਕਰ ਦਿੱਤਾ ਹੈ। ਸਲਮਾਨ ਹੁਣ ਖਾਨ ਟਰੋਲਸ ਦੇ ਨਿਸ਼ਾਨੇ 'ਤੇ ਆ ਗਏ ਹਨ।

**ਭਾਰਤ-ਪਾਕਿਸਤਾਨ ਦੇ ਵਿਚਕਾਰ ਸੀਜਫਾਇਰ ਦਾ ਐਲਾਨ**

ਭਾਰਤ ਅਤੇ ਪਾਕਿਸਤਾਨ ਵਿਚਕਾਰ ਪਿਛਲੇ ਕੁਝ ਹਫਤਿਆਂ ਤੋਂ ਤਣਾਅ ਜਾਰੀ ਹੈ। ਪਰ 10 ਮਈ ਦੀ ਸ਼ਾਮ ਨੂੰ ਸੀਜ਼ਫਾਇਰ ਦਾ ਐਲਾਨ ਕੀਤਾ ਗਿਆ ਸੀ। 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ 26 ਲੋਕਾਂ ਦੀ ਜਾਨ ਗਈ ਸੀ। ਇਸ ਦੇ ਜਵਾਬ ਵਿੱਚ ਭਾਰਤ ਨੇ 'ਆਪਰੇਸ਼ਨ ਸਿੰਦੂਰ' ਚਲਾ ਕੇ ਪੀਓਕੇ ਸਥਿਤ ਅੱਤਵਾਦੀ ਸਥਾਨਾਂ ਨੂੰ ਤਬਾਹ ਕੀਤਾ। ਇਸ ਐਕਸ਼ਨ ਦੇ ਬਾਅਦ ਪਾਕਿਸਤਾਨ ਦੇ ਵਲੋਂ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਇਸੇ ਵਿਚਕਾਰ ਸੀਜ਼ਫਾਇਰ ਦੀ ਘੋਸ਼ਣਾ ਨੇ ਕੁਝ ਰਾਹਤ ਦਿੱਤੀ ਸੀ। ਪਰ ਇਹ ਰਾਹਤ ਜ਼ਿਆਦਾ ਦੇਰ ਟਿੱਕ ਨਹੀਂ ਸਕੀ।




**ਸਲਮਾਨ ਖਾਨ ਨੇ ਕੀਤਾ ਪੋਸਟ ਕੀਤਾ ਅਤੇ ਫਿਰ ਅਚਾਨਕ ਇਸਨੂੰ ਡਿਲੀਟ ਕਰ ਦਿੱਤਾ**

ਜੰਗਬੰਦੀ ਦੇ ਐਲਾਨ ਤੋਂ ਥੋੜ੍ਹੀ ਦੇਰ ਬਾਅਦ ਬਾਲੀਵੁੱਡ ਅਦਾਕਾਰ ਸਲਮਾਨ ਖਾਨ ਦੀ ਪ੍ਰਤੀਕਿਰਿਆ ਆਈ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਸਾਂਝੀ ਕੀਤੀ। ਇਸ ਪੋਸਟ ਵਿੱਚ ਉਨ੍ਹਾਂ ਨੇ ਜੰਗਬੰਦੀ ਲਈ ਪ੍ਰਮਾਤਮਾ ਦਾ ਧੰਨਵਾਦ ਕੀਤਾ। ਹਾਲਾਂਕਿ, ਉਨ੍ਹਾਂ ਨੇ ਕੁਝ ਮਿੰਟਾਂ ਵਿੱਚ ਹੀ ਇਹ ਪੋਸਟ ਡਿਲੀਟ ਕਰ ਦਿੱਤੀ। ਜਿਵੇਂ ਹੀ ਪੋਸਟ ਡਿਲੀਟ ਕੀਤੀ ਗਈ, ਸੋਸ਼ਲ ਮੀਡੀਆ 'ਤੇ ਬਹਿਸ ਸ਼ੁਰੂ ਹੋ ਗਈ ਅਤੇ ਲੋਕਾਂ ਨੇ ਸਲਮਾਨ ਨੂੰ ਟ੍ਰੋਲ ਕਰਨਾ ਸ਼ੁਰੂ ਕਰ ਦਿੱਤਾ।

**ਲੋਕਾਂ ਨੇ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਸਵਾਲ ਉਠਾਏ**

ਸਲਮਾਨ ਵੱਲੋਂ ਆਪਣੀ ਪੋਸਟ ਡਿਲੀਟ ਕਰਨ 'ਤੇ ਸੋਸ਼ਲ ਮੀਡੀਆ ਉਪਭੋਗਤਾਵਾਂ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ। ਇੱਕ ਯੂਜ਼ਰ ਨੇ ਲਿਖਿਆ, "ਮੈਂ ਪਿਛਲੇ 15 ਸਾਲਾਂ ਤੋਂ ਸਲਮਾਨ ਦਾ ਪ੍ਰਸ਼ੰਸਕ ਸੀ ਪਰ ਹੁਣ ਮੈਂ ਉਸਨੂੰ ਨਫ਼ਰਤ ਕਰਨ ਲੱਗ ਪਿਆ ਹਾਂ।" ਇਸ ਦੇ ਨਾਲ ਹੀ ਕੁਝ ਲੋਕਾਂ ਨੇ ਉਨ੍ਹਾਂ 'ਤੇ ਪਾਕਿਸਤਾਨ ਦਾ ਸਮਰਥਨ ਕਰਨ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਉਹ ਸਿਰਫ਼ ਫਿਲਮਾਂ ਵਿੱਚ ਦੇਸ਼ ਭਗਤੀ ਦਿਖਾਉਂਦੇ ਹਨ, ਅਸਲ ਜ਼ਿੰਦਗੀ ਵਿੱਚ ਨਹੀਂ। ਇੱਕ ਯੂਜ਼ਰ ਨੇ ਦੋਸ਼ ਲਗਾਇਆ ਕਿ ਸਲਮਾਨ ਪਾਕਿਸਤਾਨ ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣਾ ਚਾਹੁੰਦੇ ਹਨ।

### ਇੰਡਸਟਰੀ ਛੱਡੀ ਪਰ ਅੱਜ ਵੀ ਚਰਚਾ 'ਚ

# ਜਦੋਂ ਪੰਜਾਬ ਕਿੰਗ ਦੀ ਮਾਲਕਣ ਪ੍ਰੀਤੀ ਜ਼ਿੰਟਾ 600 ਕਰੋੜ ਨੂੰ ਆਖੀ ਨਾਂਹ



2000 ਦੇ ਦਹਾਕੇ ਵਿੱਚ ਜਦੋਂ ਐਸ਼ਵਰਿਆ ਰਾਏ, ਰਾਣੀ ਮੁਖਰਜੀ ਅਤੇ ਕਰੀਨਾ ਕਪੂਰ ਵਰਗੀਆਂ ਅਭਿਨੇਤਰੀਆਂ ਬਾਲੀਵੁੱਡ ਵਿੱਚ ਸੁਰਖੀਆਂ ਬਟੋਰ ਰਹੀਆਂ ਸਨ ਤਾਂ ਇੱਕ ਹੋਰ ਅਭਿਨੇਤਰੀ ਆਪਣੀ ਸਪੱਸ਼ਟਤਾ ਅਤੇ ਪ੍ਰਤਿਭਾ ਨਾਲ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚ ਰਹੀ ਸੀ। ਇਸ ਸਟਾਰ ਨੇ ਨਾ ਸਿਰਫ਼ 600 ਕਰੋੜ ਰੁਪਏ ਦੀ ਜਾਇਦਾਦ ਨੂੰ ਰੱਦ ਕਰ ਦਿੱਤਾ। ਇਹ ਅਦਾਕਾਰਾ ਕੁਝ ਸਮੇਂ ਲਈ ਫਿਲਮੀ ਦੁਨੀਆ ਤੋਂ ਦੂਰ ਰਹੀ ਸੀ।

**ਚੋਟੀ ਦੀਆਂ ਅਭਿਨੇਤਰੀਆਂ ਨਾਲ ਕੀਤਾ ਮੁਕਾਬਲਾ**

ਇਸ ਅਦਾਕਾਰਾ ਨੇ 1998 ਵਿੱਚ ਦਿਲ ਸੇ ਅਤੇ ਸੋਲਜਰ ਵਰਗੀਆਂ ਫਿਲਮਾਂ ਨਾਲ ਬਾਲੀਵੁੱਡ ਵਿੱਚ ਆਪਣੀ ਪਛਾਣ ਬਣਾਈ। ਉਸ ਦੀ ਮਾਸੂਮੀਅਤ ਅਤੇ ਸ਼ਕਤੀਸ਼ਾਲੀ ਅਦਾਕਾਰੀ ਨੇ ਉਸ ਨੂੰ ਐਸ਼ਵਰਿਆ ਅਤੇ ਰਾਣੀ ਨਾਲ ਚੋਟੀ ਦੀਆਂ ਹੀਰੋਇਨਾਂ ਦੀ ਦੌੜ ਵਿੱਚ ਲਿਆਂਦਾ। ਕੀ ਕਹਿਣਾ ਅਤੇ ਹਰ ਦਿਲ ਜੋ ਪਿਆਰ ਕਰੇਗਾ ਵਰਗੀਆਂ ਫਿਲਮਾਂ ਵਿੱਚ ਉਨ੍ਹਾਂ ਦੀਆਂ ਭੂਮਿਕਾਵਾਂ ਨੇ ਨੌਜਵਾਨਾਂ ਦਾ ਦਿਲ ਜਿੱਤ ਲਿਆ ਪਰ ਉਸ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਮੋੜ ਉਦੋਂ ਆਇਆ ਜਦੋਂ ਉਸ ਨੇ ਅੰਡਰਵਰਲਡ ਖਿਲਾਫ ਹਿੰਮਤ ਦਿਖਾਈ।

**ਅੰਡਰਵਰਲਡ ਦਾ ਸਾਹਮਣਾ ਕਰਨਾ ਤੇ ਅਦਾਲਤ 'ਚ ਗਵਾਹੀ ਦੇਣਾ**

ਕਿਹਾ ਜਾਂਦਾ ਹੈ ਕਿ 2001 ਵਿੱਚ ਚੋਰੀ ਚੋਰੀ ਚੁਪਕੇ ਚੁਪਕੇ ਦੀ ਰਿਲੀਜ਼ ਦੌਰਾਨ ਅਦਾਕਾਰਾ ਨੂੰ ਅੰਡਰਵਰਲਡ ਤੋਂ ਧਮਕੀਆਂ ਮਿਲੀਆਂ ਸਨ। ਫਿਲਮ ਦੇ ਨਿਰਮਾਤਾ ਭਰਤ ਸ਼ਾਹ 'ਤੇ ਮਨੀ ਲਾਂਡਰਿੰਗ ਅਤੇ ਮਾਫੀਆ ਨਾਲ ਸਬੰਧਾਂ ਦਾ ਦੋਸ਼ ਲਗਾਇਆ ਗਿਆ ਸੀ। ਇਸ ਮਾਮਲੇ ਵਿੱਚ ਅਦਾਕਾਰਾ ਨੇ ਅਦਾਲਤ ਵਿੱਚ ਗਵਾਹੀ ਦਿੱਤੀ, ਜੋ ਕਿ ਉਸ ਸਮੇਂ ਬਾਲੀਵੁੱਡ ਵਿੱਚ ਬੇਮਿਸਾਲ ਸੀ। ਉਸ ਦੀ ਹਿੰਮਤ ਨੇ ਇੰਡਸਟਰੀ ਵਿੱਚ ਹਲਚਲ ਮਚਾ ਦਿੱਤੀ। ਹਾਲਾਂਕਿ ਕੁਝ ਸਮੇਂ ਬਾਅਦ ਮਾਮਲਾ ਸ਼ਾਂਤ ਹੋ ਗਿਆ।

**600 ਕਰੋੜ ਰੁਪਏ ਦੀ ਜਾਇਦਾਦ ਰੱਦ**

ਇਸ ਸਮੇਂ ਦੌਰਾਨ ਅਦਾਕਾਰਾ ਨੂੰ ਉਸ ਸਮੇਂ ਦੇ ਬੁਆਏਫ੍ਰੈਂਡ ਵੱਲੋਂ 600 ਕਰੋੜ ਰੁਪਏ ਦੀ ਜਾਇਦਾਦ ਵਿੱਚ ਹਿੱਸਾ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਉਸ ਨੇ ਇਸ ਨੂੰ ਠੁਕਰਾ ਦਿੱਤਾ। ਉਸ ਦੀ ਸਪੱਸ਼ਟਤਾ ਦੀ ਅਜੇ ਵੀ ਸੋਸ਼ਲ ਮੀਡੀਆ 'ਤੇ ਚਰਚਾ ਹੋ ਰਹੀ ਹੈ। ਪ੍ਰਸ਼ੰਸਕ ਉਸ ਦੀ ਹਿੰਮਤ ਦੀ ਪ੍ਰਸ਼ੰਸਾ ਕਰਦੇ ਹਨ।

**32 ਸਾਲ ਦੀ ਉਮਰ 'ਚ ਛੱਡ ਦਿੱਤੀ ਇੰਡਸਟਰੀ**

2007 ਵਿੱਚ ਸਿਰਫ਼ 32 ਸਾਲ ਦੀ ਉਮਰ ਵਿੱਚ ਅਦਾਕਾਰਾ ਨੇ ਬਾਲੀਵੁੱਡ ਤੋਂ ਦੂਰੀ ਬਣਾ ਲਈ ਸੀ। ਜਾਨ-ਏ-ਮਨ ਉਸ ਦੀ ਆਖਰੀ ਵੱਡੀ ਫਿਲਮ ਸੀ। ਇਸ ਤੋਂ ਬਾਅਦ ਉਹ ਵਿਦੇਸ਼ ਵਿੱਚ ਸੈਟਲ ਹੋ ਗਈ ਅਤੇ ਕਾਰੋਬਾਰ ਵਿੱਚ ਪ੍ਰਵੇਸ਼ ਕਰ ਗਈ। ਉਹ ਅਜੇ ਵੀ ਆਈਪੀਐਲ ਦੇ ਪੰਜਾਬ ਕਿੰਗਜ਼ ਦੀ ਸਹਿ-ਮਾਲਕ ਹੈ। ਇਹ ਦਲੇਰ ਸਿਤਾਰਾ ਕੋਈ ਹੋਰ ਨਹੀਂ ਸਗੋਂ ਪ੍ਰੀਤੀ ਜ਼ਿੰਟਾ ਹੈ। ਪ੍ਰਸ਼ੰਸਕ ਉਸ ਨੂੰ ਸੋਸ਼ਲ ਮੀਡੀਆ 'ਤੇ "ਅਸਲੀ ਹੀਰੋਇਨ" ਕਹਿੰਦੇ ਹਨ। ਉਸ ਦੀ ਹਿੰਮਤ ਅਤੇ ਫੈਸਲੇ ਬਾਲੀਵੁੱਡ ਦੇ ਗਲੈਮਰ ਦੇ ਪਿੱਛੇ ਦੀ ਸੱਚਾਈ ਨੂੰ ਉਜਾਗਰ ਕਰਦੇ ਹਨ।

# ਸੋਨੂੰ ਨਿਗਮ ਨੇ ਹਾਈ ਕੋਰਟ ਦਾ ਖੜਕਾਇਆ ਦਰਵਾਜ਼ਾ, ਆਪਣੇ ਖਿਲਾਫ ਦਰਜ FIR ਨੂੰ ਰੱਦ ਕਰਨ ਦੀ ਕੀਤੀ ਮੰਗ



ਬੈਂਗਲੁਰੂ : ਬਾਲੀਵੁੱਡ ਗਾਇਕ ਸੋਨੂੰ ਨਿਗਮ ਨੇ ਕਰਨਾਟਕ ਹਾਈ ਕੋਰਟ ਵਿੱਚ ਪਹੁੰਚ ਕਰਕੇ ਆਪਣੇ ਖਿਲਾਫ ਦਰਜ ਥੀ੍ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਗਾਇਕ 'ਤੇ ਸ਼ਹਿਰ ਵਿੱਚ ਹਾਲ ਹੀ ਵਿੱਚ ਆਯੋਜਿਤ ਇੱਕ ਸੰਗੀਤ ਸਮਾਰੋਹ ਦੌਰਾਨ ਕਥਿਤ ਤੌਰ 'ਤੇ ਇਤਰਾਜ਼ਯੋਗ ਟਿੱਪਣੀ ਕਰਨ ਅਤੇ ਕੰਨੜ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ ਹੈ। ਜਸਟਿਸ ਸ਼ਿਵਸ਼ੰਕਰ ਅਮਰਨਾਵਰ ਦੀ ਛੁੱਟੀਆਂ ਵਾਲੀ ਬੈਂਚ ਨੇ ਮੰਗਲਵਾਰ ਨੂੰ ਮਾਮਲੇ ਦੀ ਸੁਣਵਾਈ ਕੀਤੀ ਅਤੇ ਇਸਨੂੰ 15 ਮਈ ਨੂੰ ਅਗਲੀ ਸੁਣਵਾਈ ਲਈ ਮੁਲਤਵੀ ਕਰ ਦਿੱਤਾ। ਕੰਨੜ ਸਮਰਥਕ ਸੰਗਠਨ ਕਰਨਾਟਕ ਰਕਸ਼ਣ ਵੇਦੀਕੇ ਦੁਆਰਾ ਦਾਇਰ ਸ਼ਿਕਾਇਤ ਦੇ ਆਧਾਰ 'ਤੇ ਅਵਲਾਹੱਲੀ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕੀਤੀ ਗਈ ਸੀ।

ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਨਿਗਮ ਨੇ ਦਰਸ਼ਕਾਂ ਦੀ ਕੰਨੜ ਗੀਤ ਗਾਉਣ ਦੀ ਮੰਗ ਨੂੰ ਪਹਿਲਗਾਮ ਅੱਤਵਾਦੀ ਹਮਲੇ ਨਾਲ ਜੋੜਿਆ, ਜਿਸ ਨਾਲ ਕੰਨੜ ਲੋਕਾਂ ਨੂੰ ਅਸਹਿਣਸ਼ੀਲ ਅਤੇ ਹਿੰਸਕ ਵਜੋਂ ਦਰਸਾਇਆ ਗਿਆ। ਗਾਇਕ 'ਤੇ ਭਾਰਤੀ ਦੰਡਾਵਲੀ (BNS) ਦੀਆਂ ਧਾਰਾਵਾਂ 351(2) (ਅਪਰਾਧਿਕ ਧਮਕੀ), 352(1) (ਸ਼ਾਂਤੀ ਭੰਗ ਕਰਨ ਦੇ ਇਰਾਦੇ ਨਾਲ ਜਾਣਬੁੱਝ ਕੇ ਅਪਮਾਨ), ਅਤੇ 353 (ਜਨਤਾ ਵਿਚ ਗੁੰਮਰਾਹ ਕਰਨ ਵਾਲੇ ਬਿਆਨ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਆਪਣੀ ਪਟੀਸ਼ਨ ਵਿੱਚ, ਗਾਇਕ ਨੇ 2 ਮਈ ਅਤੇ 3 ਮਈ ਨੂੰ ਦਾਇਰ ਸ਼ਿਕਾਇਤ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਮਾਮਲੇ ਦੀ ਅੱਗੇ ਦੀ ਜਾਂਚ ਨੂੰ ਰੋਕਣ ਲਈ ਅੰਤਰਿਮ ਰਾਹਤ ਦੀ ਵੀ ਮੰਗ ਕੀਤੀ ਹੈ। ਬਾਅਦ ਵਿੱਚ, ਸੋਸ਼ਲ ਮੀਡੀਆ 'ਤੇ ਜਾਰੀ ਕੀਤੇ ਇੱਕ ਵੀਡੀਓ ਬਿਆਨ ਵਿੱਚ, ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਬਿਆਨ ਨੂੰ ਗਲਤ ਸਮਝਿਆ ਗਿਆ ਹੈ।

# ਆਲੀਆ ਭੱਟ ਨੇ ਭਾਰਤੀ ਫੌਜ ਲਈ ਲਿਖਿਆ ਭਾਵੁਕ ਨੋਟ



ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਨੇ ਆਪ੍ਰੇਸ਼ਨ ਸਿੰਦੂਰ ਰਾਹੀਂ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਉਦੋਂ ਤੋਂ ਹੀ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਸੀ। ਇਸ ਸੰਘਰਸ਼ ਵਿੱਚ ਪੰਜ ਭਾਰਤੀ ਸੈਨਿਕ ਸ਼ਹੀਦ ਹੋ ਗਏ। ਭਾਰਤ-ਪਾਕਿਸਤਾਨ ਜੰਗਬੰਦੀ ਦੇ ਤਿੰਨ ਦਿਨ ਬਾਅਦ, ਆਲੀਆ ਭੱਟ ਨੇ ਦੇਸ਼ ਦੀ ਰੱਖਿਆ ਕਰਨ ਵਾਲੇ ਸੈਨਿਕਾਂ ਅਤੇ ਸ਼ਹੀਦਾਂ ਲਈ ਇੱਕ ਭਾਵੁਕ ਪੋਸਟ ਸਾਂਝੀ ਕੀਤੀ ਹੈ। ਉਸਨੇ ਇੱਕ ਲੰਮਾ ਨੋਟ ਲਿਖਿਆ ਜਿਸ ਵਿੱਚ ਦੱਸਿਆ ਗਿਆ ਕਿ ਆਖਰੀ ਕੁਝ ਰਾਤਾਂ ਉਸ ਦੇ ਲਈ ਕਿਵੇਂ ਰਹੀਆਂ ਸਨ ਅਤੇ ਉਹ ਸ਼ਹੀਦ ਸੈਨਿਕਾਂ ਦੀਆਂ ਮਾਵਾਂ ਅਤੇ ਪਿਤਾ ਬਾਰੇ ਸੋਚਦੀ ਰਹੀ।

**ਆਲੀਆ ਭੱਟ ਲਈ ਕੁਝ ਰਾਤਾਂ ਰਹੀਆਂ ਮੁਸ਼ਕਲ**

ਇੰਸਟਾਗ੍ਰਾਮ 'ਤੇ ਆਪਣੀ ਤਾਜ਼ਾ ਪੋਸਟ ਵਿੱਚ ਆਲੀਆ ਭੱਟ ਨੇ ਕਿਹਾ, "ਪਿਛਲੀਆਂ ਕੁਝ ਰਾਤਾਂ ਵੱਖਰੀਆਂ ਮਹਿਸੂਸ ਹੋਈਆਂ ਹਨ। ਜਦੋਂ ਕੋਈ ਦੇਸ਼ ਆਪਣਾ ਸਾਹ ਰੋਕਦਾ ਹੈ ਤਾਂ ਹਵਾ ਵਿੱਚ ਇੱਕ ਕਿਸਮ ਦੀ ਸ਼ਾਂਤੀ ਹੁੰਦੀ ਹੈ ਅਤੇ ਪਿਛਲੇ ਕੁਝ ਦਿਨਾਂ ਵਿੱਚ ਅਸੀਂ ਉਹ ਸ਼ਾਂਤੀ ਮਹਿਸੂਸ ਕੀਤੀ ਹੈ। ਉਹ ਸ਼ਾਂਤ ਚਿੰਤਾ। ਹਰ ਗੱਲਬਾਤ ਦੇ ਪਿੱਛੇ, ਹਰ ਖ਼ਬਰ ਦੀ ਸੂਚਨਾ ਦੇ ਪਿੱਛੇ, ਹਰ ਖਾਣੇ ਦੀ ਮੇਜ਼ ਦੇ ਆਲੇ-ਦੁਆਲੇ ਤਣਾਅ ਦੀ ਉਹ ਧੜਕਣ। ਅਸੀਂ ਇਹ ਜਾਣਨ ਦਾ ਭਾਰ ਮਹਿਸੂਸ ਕੀਤਾ ਹੈ ਕਿ ਪਹਾੜਾਂ ਵਿੱਚ ਕਿਤੇ ਬਾਹਰ, ਸਾਡੇ ਸੈਨਿਕ ਜਾਗ ਰਹੇ ਹਨ, ਸੁਚੇਤ ਹਨ ਅਤੇ ਖ਼ਤਰੇ ਵਿੱਚ ਹਨ।"

**ਆਲੀਆ ਨੇ ਸ਼ਹੀਦਾਂ ਲਈ ਗੱਲ ਕੀਤੀ**

ਆਲੀਆ ਭੱਟ ਨੇ ਅੱਗੇ ਕਿਹਾ, "ਜਦੋਂ ਕਿ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਆਪਣੇ ਘਰਾਂ ਵਿੱਚ ਬੰਦ ਹਨ, ਕੁਝ ਮਰਦ ਅਤੇ ਔਰਤਾਂ ਹਨੇਰੇ ਵਿੱਚ ਖੜ੍ਹੇ ਹਨ, ਆਪਣੀ ਨੀਂਦ ਦੀ ਰੱਖਿਆ ਲਈ ਆਪਣੀਆਂ ਜਾਨਾਂ ਜੋਖਮ ਵਿੱਚ ਪਾਉਂਦੇ ਹਨ। ਇਹ ਹਕੀਕਤ... ਇਹ ਤੁਹਾਡੇ ਨਾਲ ਕੁਝ ਕਰਦੀ ਹੈ ਕਿਉਂਕਿ ਤੁਸੀਂ ਮਹਿਸੂਸ ਕਰਦੇ ਹੋ ਕਿ ਇਹ ਸਿਰਫ਼ ਬਹਾਦਰੀ ਨਹੀਂ ਹੈ। ਇਹ ਕੁਰਬਾਨੀ ਹੈ ਅਤੇ ਹਰ ਵਰਦੀ ਦੇ ਪਿੱਛੇ, ਇੱਕ ਮਾਂ ਹੁੰਦੀ ਹੈ ਜੋ ਨਹੀਂ ਸੌਂ ਰਹੀ।"

**ਮਾਂ ਦਾ ਦਰਦ ਹੋਇਆ ਮਹਿਸੂਸ**

ਰਾਜ਼ੀ ਅਦਾਕਾਰਾ ਨੇ ਕਿਹਾ, "ਇੱਕ ਮਾਂ ਜੋ ਜਾਣਦੀ ਹੈ ਕਿ ਉਸ ਦਾ ਬੱਚਾ ਲੋਰੀਆਂ ਦੀ ਰਾਤ ਨਹੀਂ ਸਗੋਂ ਅਨਿਸ਼ਚਿਤਤਾ, ਤਣਾਅ ਦੀ ਰਾਤ ਦਾ ਸਾਹਮਣਾ ਕਰ ਰਿਹਾ ਹੈ। ਇੱਕ ਚੁੱਪ ਜੋ ਇੱਕ ਪਲ ਵਿੱਚ ਤੋੜੀ ਜਾ ਸਕਦੀ ਹੈ। ਐਤਵਾਰ ਨੂੰ ਅਸੀਂ ਮਾਂ ਦਿਵਸ ਮਨਾਇਆ ਅਤੇ ਜਦੋਂ ਫੁੱਲ ਵੰਡੇ ਜਾ ਰਹੇ ਸਨ ਅਤੇ ਜੱਫੀ ਪਾਈ ਜਾ ਰਹੀ ਸੀ, ਮੈਂ ਉਨ੍ਹਾਂ ਮਾਵਾਂ ਬਾਰੇ ਸੋਚਣ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕੀ ਜਿਨ੍ਹਾਂ ਨੇ ਨਾਇਕਾਂ ਨੂੰ ਪਾਲਿਆ ਅਤੇ ਉਸ ਸ਼ਾਂਤ ਮਾਣ ਨੂੰ ਆਪਣੀ ਰੀੜ੍ਹ ਦੀ ਹੱਡੀ ਵਿੱਚ ਥੋੜ੍ਹੀ ਹੋਰ ਤਾਕਤ ਨਾਲ ਆਪਣੇ ਨਾਲ ਰੱਖਿਆ। ਅਸੀਂ ਉਨ੍ਹਾਂ ਲੋਕਾਂ ਲਈ ਸੋਗ ਮਨਾਉਂਦੇ ਹਾਂ ਜਿਨ੍ਹਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਹਨ, ਉਹ ਸੈਨਿਕ ਜੋ ਕਦੇ ਘਰ ਨਹੀਂ ਪਰਤ ਸਕਣਗੇ, ਜਿਨ੍ਹਾਂ ਦੇ ਨਾਮ ਹੁਣ ਇਸ ਰਾਸ਼ਟਰ ਦੀ ਆਤਮਾ ਵਿੱਚ ਉੱਕਰੇ ਹੋਏ ਹਨ। ਉਨ੍ਹਾਂ ਦੇ ਪਰਿਵਾਰਾਂ ਨੂੰ ਰਾਸ਼ਟਰ ਦੀ ਸ਼ੁਕਰਗੁਜ਼ਾਰੀ ਵਿੱਚ ਤਾਕਤ ਮਿਲੇ।"

ਉਸ ਨੇ ਪੋਸਟ ਦਾ ਅੰਤ ਇਹ ਕਹਿ ਕੇ ਕੀਤਾ, "ਇਸ ਲਈ ਅੱਜ ਰਾਤ ਅਤੇ ਹਰ ਰਾਤ, ਅਸੀਂ ਤਣਾਅ ਤੋਂ ਪੈਦਾ ਹੋਈ ਚੁੱਪ ਨੂੰ ਘੱਟ ਕਰਨ ਅਤੇ ਚੁੱਪ ਤੋਂ ਪੈਦਾ ਹੋਈ ਸ਼ਾਂਤੀ ਨੂੰ ਲੱਭਣ ਦੀ ਉਮੀਦ ਕਰਦੇ ਹਾਂ। ਹਰ ਉਸ ਮਾਤਾ-ਪਿਤਾ ਨੂੰ ਪਿਆਰ ਭੇਜੋ ਜੋ ਪ੍ਰਾਰਥਨਾ ਕਰ ਰਿਹਾ ਹੈ, ਹੰਝੂਆਂ ਨੂੰ ਰੋਕ ਰਿਹਾ ਹੈ ਕਿਉਂਕਿ ਤੁਹਾਡੀ ਤਾਕਤ ਇਸ ਦੇਸ਼ ਨੂੰ ਤੁਹਾਡੀ ਕਲਪਨਾ ਤੋਂ ਵੀ ਅੱਗੇ ਲੈ ਜਾਂਦੀ ਹੈ। ਅਸੀਂ ਇਕੱਠੇ ਖੜ੍ਹੇ ਹਾਂ। ਆਪਣੇ ਰਖਵਾਲਿਆਂ ਲਈ। ਭਾਰਤ ਲਈ। ਜੈ ਹਿੰਦ।"

ਆਲੀਆ ਦੀ ਇਸ ਪੋਸਟ ਨੂੰ ਦੇਖ ਕੇ ਉਸ ਦੇ ਪ੍ਰਸ਼ੰਸਕ ਉਸ ਦੀ ਪ੍ਰਸ਼ੰਸਾ ਕਰ ਰਹੇ ਹਨ ਪਰ ਬਹੁਤ ਸਾਰੇ ਸੋਸ਼ਲ ਮੀਡੀਆ ਯੂਜ਼ਰਸ ਗੁੱਸਾ ਜ਼ਾਹਰ ਕਰ ਰਹੇ ਹਨ ਕਿ ਇੱਕ ਹਫ਼ਤੇ ਬਾਅਦ ਉਸ ਨੂੰ ਦੇਸ਼ ਦੇ ਹਿੱਤ ਅਤੇ ਹਥਿਆਰਬੰਦ ਸੈਨਾਵਾਂ ਬਾਰੇ ਲਿਖਣਾ ਯਾਦ ਆਇਆ।

# ਮਾਂ ਬਣਨ ਮਗਰੋਂ ਦੀਪਿਕਾ ਦੇ ਚਿਹਰੇ 'ਤੇ ਆਇਆ ਵੱਖਰਾ ਨੂਰ



ਮਾਂ ਬਣਨ ਤੋਂ ਬਾਅਦ ਬਾਲੀਵੁੱਡ ਅਦਾਕਾਰਾ ਦੀਪਿਕਾ ਪਾਦੂਕੋਣ ਪੂਰੀ ਤਰ੍ਹਾਂ ਆਪਣੀ ਧੀ ਦੁਆ ਪਾਦੂਕੋਣ 'ਤੇ ਧਿਆਨ ਕੇਂਦਰਤ ਕਰ ਰਹੀ ਹੈ। ਹੁਣ ਦੀਪਿਕਾ ਪਾਦੂਕੋਣ ਨੇ ਸੋਸ਼ਲ ਮੀਡੀਆ 'ਤੇ ਆਪਣੀਆਂ ਕੁਝ ਗਲੈਮਰਸ ਤਸਵੀਰਾਂ ਸ਼ੇਅਰ ਕਰਕੇ ਹਲਚਲ ਮਚਾ ਦਿੱਤੀ ਹੈ।

ਇਨ੍ਹਾਂ ਤਸਵੀਰਾਂ ਵਿੱਚ ਦੀਪਿਕਾ ਪਾਦੂਕੋਣ ਬਹੁਤ ਹੀ ਖੂਬਸੂਰਤ ਲੱਗ ਰਹੀ ਹੈ। ਦੀਪਿਕਾ ਦੇ ਇਸ ਖੂਬਸੂਰਤ ਲੁੱਕ ਤੋਂ ਕੋਈ ਵੀ ਆਪਣੀਆਂ ਅੱਖਾਂ ਨਹੀਂ ਹਟਾ ਸਕਦਾ।

ਨੇਟੀਜ਼ਨਾਂ ਦਾ ਮੰਨਣਾ ਹੈ ਕਿ ਦੀਪਿਕਾ ਪਾਦੂਕੋਣ ਗਰਭ ਅਵਸਥਾ ਤੋਂ ਬਾਅਦ ਹੋਰ ਵੀ ਸੁੰਦਰ ਹੋ ਗਈ ਹੈ। ਇਸ ਦੌਰਾਨ ਦੀਪਿਕਾ ਦੇ ਲੁੱਕ ਦੀ ਗੱਲ ਕਰੀਏ ਤਾਂ ਉਸ ਨੇ ਕਾਲੇ ਰੰਗ ਦਾ ਆਫ ਸ਼ੋਲਡਰ ਗਾਊਨ ਪਾਇਆ ਹੋਇਆ ਹੈ।

ਦੱਸ ਦੇਈਏ ਕਿ ਦੀਪਿਕਾ ਮਿਡਲ ਈਸਟ ਵਿੱਚ ਆਯੋਜਿਤ ਕਾਰਟੀਅਰ ਦੇ 25ਵੇਂ ਵਰ੍ਹੇਗੰਢ ਸਮਾਰੋਹ ਦਾ ਹਿੱਸਾ ਸੀ। ਦੁਆ ਦੇ ਜਨਮ ਤੋਂ ਬਾਅਦ ਇਹ ਸ਼ਾਇਦ ਪਹਿਲਾ ਵਿਦੇਸ਼ੀ ਪ੍ਰੋਗਰਾਮ ਹੈ, ਜਿਸ ਵਿੱਚ ਉਸ ਨੇ ਸ਼ਿਰਕਤ ਕੀਤੀ ਹੈ।

ਦੀਪਿਕਾ ਮਸ਼ਹੂਰ ਬ੍ਰਾਂਡ ਕਾਰਟੀਅਰ ਦੀ ਬ੍ਰਾਂਡ ਅੰਬੈਸਡਰ ਹੈ। ਹੁਣ ਜੇਕਰ ਇਹ ਉਸ ਦਾ ਪ੍ਰੋਗਰਾਮ ਹੈ ਤਾਂ ਇਸ ਨੂੰ ਹੋਰ ਵੀ ਪ੍ਰਭਾਵਸ਼ਾਲੀ ਦਿਖਣਾ ਜ਼ਰੂਰੀ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਉਸ ਨੇ ਇੱਕ ਅਜਿਹਾ ਗਾਊਨ ਚੁਣਿਆ ਜੋ ਦਿੱਖ ਵਿੱਚ ਇੱਕ OTT ਤੱਤ ਜੋੜ ਰਿਹਾ ਸੀ। ਐੱਮ. ਕੇ. ਦੇ ਬ੍ਰਾਂਡ ਜ਼ੈੱਡ ਤੋਂ ਉਸ ਦਾ ਕਾਲਾ ਪਹਿਰਾਵਾ ਫਰਸ਼ ਦੀ ਲੰਬਾਈ ਅਤੇ ਫ੍ਰੀ-ਸਾਈਜ਼ ਦਾ ਸੀ।

BUY I SELL I INVEST

TEAM GILL



Amarjit Sangha
Sales Representative
905-874-9600

Shamsher Gill
Sales Representative
905-744-4400

Simrat Grewal
Sales Representative
416-414-2878

DIR.: 905-744-4400

FREE MARKET EVALUATION OF YOUR PROPERTY

* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੋਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Real Estate Team ਲੱਭ ਰਹੇ ਹੋ?

WE CAN HELP YOU FIND YOUR DREAM PROPERTY IN
GTA & WATERLOO REGION:
Mississauga, Brampton, Caledon,
Cambridge, Kitchener, Waterloo & Guelph Area

ROYAL LEPAGE
Flower City Realty Inc.
BROKERAGE, INDEPENDENTLY OWNED & OPERATED

MLS MULTIPLE LISTING SERVICE

INCOME GENERATING INVESTMENT PROPERTIES

ACCESS PERSONNEL RESOURCES INC.
TEMPORARY STAFFING AGENCY

WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

# ਭਾਰਤ ਦੀ ਸ਼ਾਨ ਆਪਰੇਸ਼ਨ ਸੰਦੂਰ ਸਸ਼ਕਤ ਮਹਿਲਾ??




ਦੋਂ ਗੁਆਂਢੀ ਮੁਲਕਾਂ ਭਾਰਤ ਤੇ ਪਾਕਿਸਤਾਨ ਦੇ ਵਿਚਾਲੇ ਜਿਹੜੀ ਜੰਗ ਹੈ ਉਹ ਸ਼ੁਰੂ ਹੋ ਚੁੱਕੀ ਹੈ। ਮਤਲਬ ਜਿਹੜਾ ਡਰ ਉਹੀ ਚੀਜ਼ਾਂ ਹੋ ਰਹੀਆਂ ਕਿ ਇਸ ਜੰਗ ਦੇ ਵਿੱਚ ਆਮ ਲੋਕਾਂ ਦੇ ਮਰਨ ਦੀਆਂ ਲਗਾਤਾਰ ਉਹ ਖਬਰਾਂ ਆ ਰਹੀਆਂ ਇਹ ਜੰਗ ਅੱਗੇ ਵੱਧ ਕੇ ਵੱਡੀ ਹੋਊਗੀ ਜਾਂ ਨਹੀਂ ਹੋਊਗੀ ਇਹਦੇ ਬਾਰੇ ਹਜੇ ਕੁਝ ਕਿਹਾ ਨਹੀਂ ਜਾ ਸਕਦਾ ਪਰ ਇੰਨੀ ਗੱਲ ਤੈਅ ਹੈ ਵੀ ਇਹ ਜੰਗ ਜੇ ਲੰਬੀ ਖਿੱਚਦੀ ਹੈ ਤਾਂ ਕੱਲ ਨੂੰ ਇਹਦੇ ਵਿੱਚ ਸਭ ਤੋਂ ਵੱਡਾ ਘਾਣ ਜਿਹੜਾ ਉਹ ਆਮ ਲੋਕਾਂ ਦਾ ਹੋਣਾ ਪੰਜਾਬ ਦੇ ਲੋਕਾਂ ਦਾ ਹੋਣਾ ਹੈ, ਮਤਲਬ ਅੱਜ ਇਹ ਜਿਹੜਾ ਰੌਲਾ ਪਾ ਰਹੇ ਹਨ ਕਿ ਜੰਗ ਲੱਗ ਗਈ ਜੰਗ ਲੱਗ ਗਈ ਅੱਜ ਸਾਨੂੰ ਠੰਡੇ ਮਤੇ ਨਾਲ ਸੋਚਣ ਦੀ ਲੋੜ ਹੈ। ਇਹਦੇ ਵਿੱਚ ਜਿਹੜਾ ਘਾਣ ਹੋਣਾ ਉਹ ਕਿੱਦਾਂ ਹੋਣਾ ਮਤਲਬ ਭਾਰਤ ਤੇ ਪਾਕਿਸਤਾਨ ਦੁਨੀਆਂ ਦੇ ਵਿੱਚ ਗਰੀਬੀ ਹੋਵੇ ਭੁੱਖਮਰੀ ਹੋਵੇ ਮਤਲਬ ਹੋਰ ਚੀਜ਼ਾਂ ਹੋਣ ਹੋਰ ਬਦਹਾਲੀ ਹੋਵੇ ਤੇ ਸਾਰੇ ਮਾਮਲਿਆਂ ਦੇ ਵਿੱਚ ਦੁਨੀਆਂ ਦੇ ਵਿੱਚ ਟੋਪ ਤੇ ਆਉਂਦੇ ਨੇ ,ਆਪਦੇ ਦੇਸ਼ਾਂ ਦੇ ਵਿੱਚ ਭੁੱਖ ਨਾਲ ਸ਼ਿਕਾਰ ਜਨਤਾ ਭਾਰਤ ਵਰਗੇ ਦੇਸ਼ ਦੇ ਵਿੱਚ ਛੇ-ਛੇ ਕਰੋੜ ਲੋਕ ਜਿੱਥੇ ਗਰੀਬੀ ਕਰਕੇ ਇਲਾਜ ਨਾ ਕਰਕੇ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ, ਕੁਝ 50 % ਔਰਤਾਂ ਇੱਥੇ ਖੂਨ ਦੀ ਕਮੀ ਦਾ ਸ਼ਿਕਾਰ ਨੇ ਮਤਲਬ ਇਹਨਾਂ ਨੂੰ ਦੇਣ ਵਾਸਤੇ ਸਰਕਾਰਾਂ ਦੇ ਕੋਲ ਫੰਡ ਨਹੀਂ ਪਰ ਜਿਹੜੇ ਜੰਗ ਦੇ ਖਰਚੇ ਆ ਉਹ ਲਗਾਤਾਰ ਵਧਾਏ ਜਾ ਰਹੇ ਹਨ ,ਪਾਕਿਸਤਾਨ ਦੇ ਹਾਲਤ ਕਿਸੇ ਕੋਲੋਂ ਲੁਕੇ ਨਹੀਂ ਸਰਕਾਰ ਕਰਜੇ ਦੇ ਸਹਾਰੇ ਚੱਲ ਰਹੀ ਹੈ ,ਮਹਿੰਗਾਈ ਜਿਹੜੀ ਲਗਾਤਾਰ ਵੱਧਦੀ ਜਾ ਰਹੀ ਹੈ। ਉੱਥੇ ਆਮ ਲੋਕਾਂ ਦਾ ਮਹਿੰਗਾਈ ਨੇ ਦਿਵਾਲਾ ਕੱਢਿਆ ਹੋਇਆ ਹੈ।ਪਰ ਜਿਹੜੇ ਮੁੱਠੀ ਭਰ ਲੋਕ ਹਨ ਜਿਹੜੇ ਅਫਸਰ ਹੋ ਗਏ ਫੌਜ ਦੇ ਜਾਂ ਹੋਰ ਵੱਡੇ ਸਿਆਸਤਦਾਨ ਜਿਹੜੇ ਅਯਾਸ਼ੀ ਕਰ ਰਹੇ ਨੇ ਤੇ ਆਮ ਲੋਕਾਂ ਨੂੰ ਜੰਗ ਦੀ ਭੱਠੀ ਦੇ ਵਿੱਚ ਹੁਣ ਝੋਕਿਆ ਜਾ ਰਿਹਾ। ਜੇ ਜੰਗ ਕਰਨੀ ਸੀ ਤਾਂ ਆਪਦੇ ਦੇਸ਼ਾਂ ਚ ਆਹ ਜਿਹੜੀ ਗਰੀਬੀ ਹੈ ਜਿਹੜੀ ਭੁੱਖ ਮਰੀ ਹੈ ਜਿਹੜੀ ਗੈਰ ਬਰਾਬਰੀ ਹੈ ਇਹਦੇ ਖਿਲਾਫ ਕਰਨੀ ਸੀ ਇਹ ਆਮ ਲੋਕਾਂ ਨੂੰ ਬਾਲਣ ਬਣਾ ਕੇ ਇਹ ਆਪਦੇ ਹਿੱਤ ਕਿਉਂ ਸਾਧੇ ਜਾ ਰਹੇ ਨੇ, ਅੱਜ ਮੀਡੀਆ ਜਿਹੜਾ ਵਿਕਾਊ ਅੱਗ ਲਾਉ ਮੀਡੀਆ ਦਿੱਲੀ ਦੇ ਨੋਇਡਾ ਤੇ ਬੈਠੇ ਸਟੂਡੀਓ ਚ ਜਿਹੜਾ ਅੱਗ ਲਾ ਰਿਹਾ ਹੈ ਅੱਜ ਉਹ ਮੀਡੀਆ ਨੂੰ ਆਪਦੀ ਟੀਆਰਪੀ ਦਾ ਪਿਆ ਹੋਇਆ ਸਰਕਾਰਾਂ ਨੂੰ ਆਪਦੀ ਕੁਰਸੀ ਦਾ ਪਿਆ ਹੋਇਆ ਤੇ ਵੱਡੇ ਵੱਡੇ ਸਰਮਾਏਦਾਰਾਂ ਨੂੰ ਆਪਦੇ ਮੁਨਾਫਿਆਂ ਦਾ ਪਿਆ ਹੋਇਆ ਆਮ ਲੋਕਾਂ ਦੀਆਂ ਅੱਜ ਇੱਥੇ ਕਿਸੇ ਨੂੰ ਪ੍ਰਵਾਹ ਨਹੀਂ । ਇਸ ਦੇਸ਼ ਦੇ ਵਿੱਚ ਤੁਸੀਂ ਵੇਖੋ ਵੀ ਹਰ ਵੇਲੇ ਇਹ ਪੁੱਛਿਆ ਜਾਂਦਾ ਖਾਸ ਕਰ ਘੱਟ ਗਿਣਤੀਆਂ ਤੇ ਖਾਸ ਕਰ ਮੁਸਲਮਾਨਾਂ ਕੋਲੋਂ ਵੀ ਆਪਦੀ ਅਖੌਤੀ ਦੇਸ਼ ਭਗਤੀ ਸਾਬਤ ਕਰਨ ਦੇ ਲਈ ਕਿਹਾ ਜਾਂਦਾ ਵੀ ਜੇ ਐਡੀ ਗੱਲ ਹੈ ਤਾਂ ਅੱਜ ਸਚਿਨ ਤੰਦੋਲਕਰ ਵਰਗੇ ਅੱਜ ਅਕਸ਼ੇ ਕੁਮਾਰ ਵਰਗੇ ਸੋਨੂ ਨਿਗਮ ਵਰਗੇ ਸਟੇਟਸ ਤੇ ਸਟੇਟਸ ਲਾਈ ਜਾਂਦੇ ਹਨ ਆਪਣੇ ਬੰਬੇ ਦੇ ਬੰਗਲਿਆਂ ਦੇ ਵਿੱਚ ਬੈਠੇ ਸਟੇਟਸ ਲਾਈ ਜਾਂਦੇ ਨੇ ਜੇ ਐਡੀ ਗੱਲ ਹੈ ਤਾਂ ਫੜਾ ਕੇ ਇਹਨਾਂ ਨੂੰ ਬੰਦੂਕਾਂ ਫੜਾ ਕੇ ਬਾਰਡਰ ਤੇ ਭੇਜੋ। ਅਡਾਨੀ ਤਾਂ ਅਜੇ ਪੰਜ ਦਿਨ ਪਹਿਲਾਂ ਦੋ ਮਈ ਨੂੰ ਜਿਹੜਾ ਕੇਰਲਾ ਦੇ ਵਿੱਚ ਇੱਕ ਨਵੀਂ ਬੰਦਰਗਾਹ ਖਰੀਦ ਕੇ ਹਟਿਆ ਹੈ। ਉਹਨਾਂ ਦੇ ਤਾਂ ਬਿਜ਼ਨਸ ਉਵੇਂ ਹੀ ਚੱਲ ਰਹੇ ਨੇ ਤੇ ਆਮ ਲੋਕਾਂ ਨੂੰ ਕਿਸੇ ਹੋਰ ਹੀ ਚੀਜ਼ ਦੇ ਵਿੱਚ ਸਿੱਟਿਆ ਜਾ ਰਿਹਾ ਹੈ, ਐਡੀ ਗੱਲ ਹੈ ਤਾ ਇਹਨਾਂ ਨੂੰ ਭੇਜੋ ਬਾਰਡਰਾਂ ਤੇ ਇਹਨਾਂ ਨੂੰ ਵੀ



ਪਤਾ ਲੱਗੇ ਵੀ ਜੰਗ ਕੀ ਹੁੰਦੀ ਹੈ। ਫਿਰੋਜ਼ਪੁਰ ਦੇ ਵਿੱਚ ਕਿੰਨੇ ਦਰਜਨਾਂ ਪਿੰਡਾਂ ਦੇ ਲੋਕ ਪਿੰਡ ਛੱਡ ਕੇ ਆਪਦੇ ਰਿਸ਼ਤੇਦਾਰਾਂ ਕੋਲ ਚਲੇ ਗਏ ਹਨ। ਉਹਨਾਂ ਨੂੰ ਪੁੱਛ ਕੇ ਵੇਖੋ ਜਦੋਂ ਰੋਜ਼ ਸ਼ਾਮ ਨੂੰ ਜੰਗ ਦਾ ਘੁੱਗੂ ਵੱਜਦਾ ਤਾਂ ਜਾਣ ਮੁੱਠੀ ਦੇ ਵਿੱਚ ਆਉਂਦੀ ਹੈ ,ਉਹਨਾਂ ਨੂੰ ਪੁੱਛ ਕੇ ਵੇਖੋ ਵੀ ਲੋਕਾਂ ਦੀ ਹਾਲਤ ਦੋਵੇਂ ਪਾਸੇ ਜਿਹੜੇ ਬਾਰਡਰ ਤੇ ਬੈਠੇ ਨੇ ਉਹ ਕੀ ਸੋਚਦੇ ਹਨ। ਜਿਹੜਾ ਅੱਗ ਲਾਓ ਮੀਡੀਆ ਦਿੱਲੀ ਨੋਇਡਾ ਤੇ ਬੈਠੇ ਸਟੂਡੀਓ ਦੇ ਵਿੱਚ ਹਨ ਇਹ ਸਾਰੇ ਐਂਕਰਾਂ ਨੂੰ ਭੇਜੋ ਇਹਨਾਂ ਤੇ ਜਵਾਕਾਂ ਨੂੰ ਇਹਨਾਂ ਦੇ ਪਰਿਵਾਰਾਂ ਨੂੰ ਭੇਜੋ ਆਹ ਜਿਹੜੇ ਮੰਤਰੀ ਸੰਤਰੀ ਸਰਕਾਰੀ ਵਜ਼ੀਰ ਬੈਠੇ ਨੇ ਇਹਨਾਂ ਨੂੰ ਭੇਜੋ ਬਾਡਰਾਂ ਤੇ ਉੱਤੇ ਫਿਰ ਪਤਾ ਲੱਗੇ ਕਿ ਜੰਗ ਕੀ ਭਾਵ ਵਿਕਦੀ ਹੈ ??ਤੇ ਪੰਜਾਬ ਬਹੁਤੇ ਲੋਕ ਪੰਜਾਬ ਦੇ ਇਸ ਜੰਗ ਦੇ ਹੱਕ ਦੇ ਵਿੱਚ ਨਹੀਂ ਪਰ ਜਿਹੜੇ ਕੁੱਝ ਮੁੱਠੀ ਭਰ ਹੋਣਗੇ ਵੀ ਅੱਜ ਅਸੀਂ ਉਹਨਾਂ ਨੂੰ ਵੀ ਸਵਾਲ ਕਰਨਾ ਚਾਹੁੰਦੇ ਹਾਂ ਇਹ ਜੰਗ ਜੰਗ ਅਸੀਂ ਬੋਲ ਰਹੇ ਹਾਂ ,47 ਦੀ ਵੰਡ ਦੇ ਵਿੱਚ 10 ਲੱਖ ਜਿਹੜੇ ਪੰਜਾਬੀ ਲੋਕ ਮਾਰੇ ਗਏ ਤੇ ਇਕ ਕਰੋੜ ਤੋਂ ਵੱਧ ਦਾ ਉਜਾੜਾ ਹੋਇਆ ਕਿ ਸਾਨੂੰ ਅਜੇ ਵੀ ਦੱਸਣ ਦੀ ਲੋੜ ਆ ਵੀ ਪੰਜਾਬ ਨੂੰ ਵੀ ਕੀ ਕਤਲੇਆਮ ਹੁੰਦਾ ਆ ਕੀ ਉਜਾੜਾ ਕੀ ਹੁੰਦਾ ਹੈ, ਘੱਟੋ ਘੱਟ ਆਪਣੇ ਦਾਦਿਆਂ ਪੜਦਾਦਿਆਂ ਤੋਂ ਬਜ਼ੁਰਗਾਂ ਤੋਂ ਹੀ ਪੁੱਛ ਲਿਆ ਜਾਵੇ ਵੀ ਜਦੋਂ ਬਹੁਤ ਵੱਡੇ ਪੱਧਰ ਤੇ ਘਾਣ ਹੁੰਦਾ ਲੋਕਾਂ ਦਾ ਤਾਂ ਕੀ ਹਾਲ ਹੁੰਦਾ, ਸਰਕਾਰਾਂ ਕਹਿ ਦਿੰਦੀਆਂ ਨੇ ਦੋਹੇ ਮੁਲਕਾਂ ਦੀਆਂ ਸਰਕਾਰਾਂ ਜਿਹੜੀਆਂ ਇਹ ਕਹਿ ਦਿੰਦੀਆਂ ਨੇ ਵੀ ਸਾਡੇ ਕੋਲੇ ਲੋਕਾਂ ਦੀ ਮੰਗਾਂ ਪੂਰੀਆਂ ਕਰਨ ਵਾਸਤੇ ਪੈਸੇ ਨਹੀਂ ਤੇ ਆਹ ਜੰਗ ਦੇ ਆ ਤੁਸੀਂ ਰਿਪੋਰਟਾਂ ਚੱਕ ਕੇ ਵੇਖੋ ਹੁਣ ਕੀ ਆ ਰਹੀਆਂ ਨੇ ਕਿ ਜੇ ਛੋਟੀ ਜਿਹੀ ਵੀ ਜੰਗ ਚੱਲ ਰਹੀ ਹੈ,ਜਿਸ ਤਰ੍ਹਾਂ ਦੀ ਚੱਲ ਰਹੀ ਹੈ ਇਹਦਾ ਰੋਜ਼ ਦਾ ਖਰਚਾ ਤਿੰਨ ਚਾਰ ਹਜ਼ਾਰ ਪੰਜ ਹਜਾਰ ਕਰੋੜ ਰੁਪਆ ਰੋਜ਼ ਦਾ ਖਰਚਾ ਭਾਰਤ ਨੂੰ ਤੇ ਜੇ ਜੰਗ ਲੰਬੀ ਚਲਦੀ ਹੈ , ਤਾਂ 1 ਲੱਖ ਕਰੋੜ ਤੋਂ ਵੱਧ ਦਾ ਰੋਜ਼ ਦਾ ਖਰਚਾ ਦਾ ਪੈਣਾ ਤੇ ਇੱਕ ਪੀਜੀਆਈ ਵਰਗਾ ਹਸਪਤਾਲ 1500 ਕਰੋੜ ਦਾ ਬਣ ਜਾਂਦਾ, ਤੁਸੀਂ ਖੁਦ ਸੋਚ ਕੇ ਵੇਖੋ ਵੀ ਇਹ ਜਿਹੜੇ ਹਥਿਆਰ ਚੱਲਣੇ ਇਹ ਜਿਹੜੇ ਜੰਗਾਂ ਦੇ ਖਰਚੇ ਹੋਣੇ ਹਨ ਇਹ ਕੋਈ ਅੰਬਾਨੀ ਨੇ ਨਹੀਂ ਆਪਦੀ ਜੇਬ ਚੋਂ ਦੇਣੇ ਹਨ ਜਾਂ ਮੰਤਰੀਆਂ ਨੇ ਆਪਦੀਆਂ ਪੈਨਸ਼ਨਾਂ ਕਟਾਉਣੀਆ ਨੇ ਇਹ ਸਾਡੇ ਤੁਹਾਡੇ ਦੇ ਵਿੱਚ ਟੈਕਸਾਂ ਦੇ ਰੂਪ ਚ ਹੀ ਵਾਪਸ ਬੋਝ ਪੈਣਾ, ਇਹਦੇ ਵਿੱਚ ਵਪਾਰ ਨੂੰ ਪੈ ਰਿਹਾ ਘਾਟਾ ਨਹੀਂ ਗਿਣ ਰਹੇ ਤੇ ਪੰਜਾਬ ਵਿੱਚ ਮਾੜੀ ਜਿਹੀ ਗੱਲ ਉੱਤੇ ਵਪਾਰ ਬੰਦ ਹੋ ਜਾਂਦਾ ਇੱਥੇ ਸਭ ਤੋਂ ਵੱਧ ਵਪਾਰ ਦਾ ਨੁਕਸਾਨ ਹੋਣਾ, ਸਭ ਤੋਂ ਵੱਧ ਜਾਨਾ ਦਾ ਚਾਹੇ ਫੌਜ ਦੇ ਵਿੱਚ ਫੌਜੀਆਂ ਦੇ ਰੂਪ ਚ ਤੇ ਚਾਹੇ ਆਮ ਲੋਕਾਂ ਦਾ ਉਹ ਪੰਜਾਬ ਵਿੱਚ ਹੋਣਾ। ਕਿਹੜੇ ਪਾਸਿਓਂ ਹੋਵੇ ਜੰਗ ਜਿਹੜੀ ਆ ਕਰ ਰਹੇ ਹਾਂ ਅਸੀਂ ਬਦਲਿਆਂ ਦੀ ਗੱਲ ਕਰ ਰਹੇ ਆਂ ਜਦ ਕਿ ਸਾਨੂੰ ਖੁਦ ਪਤਾ ਕਿ ਆਮ ਲੋਕ ਮਾਰੇ ਜਾਣੇ ਹਨ।ਮਾੜਾ ਮੋਟਾ ਅਸੀਂ ਅਕਲ ਨੂੰ ਹੱਥ ਮਾਰੀਏ ਇਸ ਵਹਿਣ ਦੇ ਵਿੱਚ ਨਾ ਬਹੀਏ ਤੇ ਜਿਹੜਾ ਦੁਨੀਆਂ ਦੀਆਂ ਜੰਗਾਂ ਦਾ ਹਾਲ ਹੈ। ਪਿੱਛੇ ਦੋ ਤਿੰਨ ਸਾਲ ਤੋਂ ਯੂਕਰੇਨ ਦੀ ਜੰਗ ਚੱਲ ਰਹੀ ਹੈ ।ਮਾੜੀਆਂ ਮੋਟੀਆਂ ਉਹਦੀਆਂ ਫੋਟੋਆਂ ਹੀ ਵੇਖ ਲਈਏ ਤੇ ਸਾਨੂੰ ਪਤਾ ਲੱਗ ਜੇ ਵੀ ਅਸੀਂ ਕਿਹੜੇ ਮੋੜ ਦੇ ਉੱਤੇ ਖੜੇ ਆਂ ਦੋਨੇ ਪਰਮਾਣੂ ਤਾਕਤਾਂ ਨੇ ਜੇ ਕਿਸੇ ਨੇ ਮਾੜਾ ਮੋਟਾ ਵੀ ਇੱਕ ਕੁਝ ਚਲਾ ਤਾ ਤਾਂ ਪੂਰਾ ਇੱਕ ਅੱਧਾ ਮੁਲਕ ਜਾਂ ਸ਼ਹਿਰ ਨਹੀਂ ਪੂਰਾ ਦੱਖਣੀ ਏਸ਼ੀਆ ਖਿੱਤਾ ਤਬਾਹ ਤੇ ਬਰਬਾਦ ਹੋਣਾ ਇਸ ਕਰਕੇ ਇਸ ਜੰਗੀ ਜਨੂਨ ਦੇ ਵਿੱਚ ਨਾ ਆਈਏ, ਅਸੀਂ ਆਪਣਾ ਭਾਈਚਾਰਾ ਬਣਾ ਕੇ ਰੱਖੀਏ ਸ਼ਾਂਤੀ ਬਣਾ ਕੇ ਰੱਖੀਏ ਇਹੀ ਸਭ ਦੇ ਹਿੱਤ ਦੇ ਵਿੱਚ ਹੈ।

ਆਪਰੇਸ਼ਨ ਸੰਧੂਰ ਮਿਸ਼ਨ ਜੰਗ ਦੀ ਅਗਵਾਈ ਕਰਨਲ ਸੋਫੀਆ ਕ੍ਰੈਸੀ ਜੋ ਇੱਕ ਮੁਸਲਮਾਨ ਹੈ ਵਿੰਗ ਕਮਾਂਡਰ ਵੋਮਿਕਾ ਸਿੰਘ ਜੋ ਹਿੰਦੂ ਹੈ ਦੋਨੋ ਮਹਿਲਾਵਾਂ ਟੀਮ ਦੀ ਅਗਵਾਈ ਕਰ ਰਹੀਆਂ ਹਨ, ਸਾਡੇ ਲਈ ਇਹ ਫਕਰ ਵਾਲੀ ਗੱਲ ਹੈ ਕਿ ਸੰਦੂਰ ਮਿਸ਼ਨ ਦੀ ਅਗਵਾਈ ਵੀ ਦੋ ਔਰਤਾਂ ਹੀ ਕਰ ਰਹੀਆਂ ਹਨ, ਭਾਰਤ ਦਾ ਸੰਦੇਸ਼ ਜੋ ਪੂਰੀ ਦੁਨੀਆਂ ਨੂੰ ਜਾ ਰਿਹਾ ਹੈ ਏਕਤਾ ਤੇ ਸਾਂਝਾ ਭਾਈਚਾਰੇ ਦਾ ਸੰਦੇਸ਼ ਦਿੱਤਾ ਹੈ ।ਸੰਦੂਰ ਆਪਰੇਸ਼ਨ ਨਾਲ ਭਾਰਤ ਨੇ ਪਾਕਿਸਤਾਨ ਤੋਂ ਬਦਲਾ ਲਿਆ ਹੈ। 24 ਮਿਜਾਇਲਾਂ ਤੇ 100 ਅੱਤਵਾਦੀ ਇਸ ਹਮਲੇ ਵਿੱਚ ਢੇਰ ਕੀਤੇ ਹਨ,ਭਾਰਤ ਦੀ ਪਹਿਲੀਆਂ ਮਹਿਲਾਵਾਂ ਜਿੰਨਾ ਨੇ ਪ੍ਰੈਸ ਕਾਨਫਰੰਸ ਵਿੱਚ ਹਿੱਸਾ ਲਿਆ ਇਤਿਹਾਸ ਵਿੱਚ ਲਿਖਿਆ ਜਾਵੇਗਾ, ਔਰਤਾਂ ਦੇ ਸੰਧੂਰ ਦੀ ਰਾਖੀ ਦੀ ਅਗਵਾਈ ਦੋ ਭਾਰਤੀ ਮਹਿਲਾ ਇਸ ਜੰਗ ਦੀ ਅਗਵਾਈ ਦੋ ਭਾਰਤੀ ਮਹਿਲਾ ਕਰ ਰਹੀਆਂ ਹਨ।

ਹਿਮਾਸ਼ੀ ਨਰਵਾਲ ਦੀ ਤਸਵੀਰ ਨੂੰ ਲੈ ਕੇ ਇਸ ਅਪਰੇਸ਼ਨ ਦਾ ਨਾਮ ਸੰਧੂਰ ਆਪਰੇਸ਼ਨ ਰੱਖਿਆ ਗਿਆ ਹੈ ਤੇ ਬਦਲਾ ਵੀ ਇਸ ਸੰਧੂਰ ਦਾ ਹੀ ਲਿਆ ਗਿਆ ਹੈ ਤਸਵੀਰ ਨੂੰ ਮੁੱਖ ਰੱਖ ਕੇ ਬਦਲਾ ਲੈਣਾ ਮਤਲਬ ਆਪਰੇਸ਼ਨ ਸੰਦੂਰ ਮਤਲਬ ਭਾਰਤ ਦੀ ਸ਼ਾਨ ਭਾਰਤ ਨੇ ਉਹਨਾਂ ਨਾਲ ਚੂੜੀਆਂ ਜੋ ਸਿਵਿਆਂ ਦੇ ਵਿੱਚ ਧੁਖੀਆਂ ਹਨ ਉਹਨਾਂ ਧੁਖੀਆਂ ਹੋਈਆਂ ਲਾਲ ਚੂੜੇ ਤੇ ਸੰਦੂਰ ਦਾ ਬਦਲਾ ਅੱਤਵਾਦੀਆਂ ਦੀਆਂ ਚਿਤਾ ਨੂੰ ਜਲਾ ਕੇ ਬਦਲਾ ਲਿਆ ਗਿਆ ਹੈ। ਆਪਰੇਸ਼ਨ ਸੰਧੂਰ ਭਾਰਤ ਦੀ ਸ਼ਾਨ ਹੈ। ਪਰ ਹਰ ਮਸਲੇ ਦਾ ਹੱਲ ਜੰਗ ਨਹੀਂ ਹੁੰਦਾ ਜਿੱਥੋਂ ਤੱਕ ਹੋ ਸਕੇ ਜੰਗ ਖਤਮ ਹੋਣੀ ਚਾਹੀਦੀ ਹੈ ਨਹੀਂ ਤਾਂ ਸਾਡੀਆਂ ਆਉਣ ਵਾਲੀਆਂ ਪੀੜੀਆਂ ਤੇ ਅਸਰ ਪਵੇਗਾ, ਜੰਗ ਦੇ ਨਤੀਜੇ ਬਹੁਤ ਖਤਰਨਾਕ ਹੁੰਦੇ ਹਨ ਹਨ ਜਿਸ ਦਾ ਸੇਕ ਸਦੀਆਂ ਤੱਕ ਰਹਿੰਦਾ ਹੈ।



ਡਾ.ਦਵਿੰਦਰ ਕੌਰ ਖੁਸ਼ ਧਾਲੀਵਾਲ, ਖੋਜ ਕਰਤਾ, ਧੂਰਕੋਟ ਮੋਗਾ 8847227740

# ਬਿਨਾਂ ਬਾਹਾਂ ਅਤੇ ਲੱਤਾਂ ਦੇ ਜਨਮੇ ਨਿੱਕ ਵੂਜਿਕ



ਬਿਨਾਂ ਬਾਹਾਂ ਅਤੇ ਲੱਤਾਂ ਦੇ ਜਨਮੇ, ਨਿੱਕ ਵੂਜਿਕ ਇੱਕ ਪੇਂਟਰ, ਤੈਰਾਕ, ਸਕਾਈਡਾਈਵਰ, ਪ੍ਰੇਰਕ ਬੁਲਾਰਾ ਅਤੇ ਹੋਰ ਬਹੁਤ ਕੁਝ ਹੈ..

ਨਿਕ ਵੂਜਿਕ ਟੈਟਰਾ-ਅਮੇਲੀਆ ਸਿੰਡਰੋਮ ਨਾਮਕ ਇੱਕ ਬਿਮਾਰੀ ਨਾਲ ਦੁਨੀਆ ਵਿੱਚ ਆਇਆ ਸੀ, ਜਿਸਦਾ ਅਰਥ ਹੈ ਕਿ ਉਹ ਬਿਨਾਂ ਕਿਸੇ ਅੰਗ ਦੇ ਪੈਦਾ ਹੋਇਆ ਸੀ।

ਡਾਕਟਰਾਂ ਨੇ ਉਸਦੇ ਮਾਪਿਆਂ ਨੂੰ ਕੋਈ ਉਮੀਦ ਨਹੀਂ ਦਿੱਤੀ। ਉਸਨੂੰ ਧੱਕੇਸ਼ਾਹੀ, ਉਦਾਸੀ, ਅਤੇ ਖੁਦਕੁਸ਼ੀ ਦੇ ਵਿਚਾਰਾਂ ਦਾ ਵੀ ਸਾਹਮਣਾ ਕਰਨਾ ਪਿਆ।

ਪਰ ਅੱਜ, ਉਹ ਇਸ ਗੱਲ ਦਾ ਜਿਉਂਦਾ ਜਾਗਦਾ ਸਬੂਤ ਹੈ ਕਿ ਮਨੁੱਖੀ ਆਤਮਾ ਕੋਈ ਸੀਮਾ ਨਹੀਂ ਜਾਣਦੀ। ਉਸਨੇ 70 ਤੋਂ ਵੱਧ ਦੇਸ਼ਾਂ ਵਿੱਚ 8 ਮਿਲੀਅਨ ਤੋਂ ਵੱਧ ਲੋਕਾਂ ਨਾਲ ਗੱਲ ਕੀਤੀ ਹੈ, ਲਾਈਫ ਵਿਦਾਊਟ ਲਿਮਿਟਸ, ਅਨਸਟੌਪੇਬਲ, ਅਤੇ ਲਵ ਵਿਦਾਊਟ ਲਿਮਿਟਸ ਵਰਗੀਆਂ ਸਭ ਤੋਂ ਵੱਧ ਵਿਕਣ ਵਾਲੀਆਂ ਕਿਤਾਬਾਂ ਲਿਖੀਆਂ ਹਨ, ਅਤੇ ਗਲੋਬਲ ਗੈਰ-ਮੁਨਾਫ਼ਾ ਲਾਈਫ ਵਿਦਾਊਟ ਲਿੰਬਸ ਦੀ ਸਥਾਪਨਾ ਕੀਤੀ ਹੈ।

ਉਹ ਤੈਰਾਕੀ ਕਰਦਾ ਹੈ, ਪੇਂਟ ਕਰਦਾ ਹੈ, ਸਕਾਈਡਾਈਵ ਕਰਦਾ ਹੈ, ਅਤੇ ਢੋਲ ਵੀ ਵਜਾਉਂਦਾ ਹੈ - ਇਹ ਸਭ ਕੁਝ ਸਿਰਫ ਆਪਣੇ ਧੜ ਅਤੇ ਛੋਟੇ ਪੈਰ ਦੀ ਵਰਤੋਂ ਕਰਕੇ ਕਰਦਾ ਹੈ।ਨਿਕ ਨੇ ਪੁਰਸਕਾਰ ਜੇਤੂ ਛੋਟੀ ਫਿਲਮ ਦ ਬਟਰਫਲਾਈ ਸਰਕਸ ਵਿੱਚ ਅਭਿਨੈ ਕੀਤਾ ਹੈ, ਰਾਸ਼ਟਰਪਤੀਆਂ ਨੂੰ ਮਿਲਿਆ ਹੈ, ਸੰਯੁਕਤ ਰਾਸ਼ਟਰ ਨੂੰ ਸੰਬੋਧਨ ਕੀਤਾ ਹੈ, ਅਤੇ ਦੁਨੀਆ ਭਰ ਦੇ ਸਕੂਲਾਂ ਵਿੱਚ ਧੱਕੇਸ਼ਾਹੀ ਦਾ ਮੁਕਾਬਲਾ ਕਰਨ ਅਤੇ ਸਵੈ-ਮਾਣ ਨੂੰ ਪ੍ਰੇਰਿਤ ਕਰਨ ਲਈ ਬੋਲਿਆ ਹੈ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਇੱਕ ਪਿਆਰ ਕਰਨ ਵਾਲਾ ਪਤੀ ਅਤੇ ਚਾਰ ਬੱਚਿਆਂ ਦਾ ਪਿਤਾ ਹੈ, ਜੋ ਦੁਨੀਆਂ ਨੂੰ ਦਿਖਾਉਂਦਾ ਹੈ ਕਿ ਪਿਆਰ, ਉਦੇਸ਼ ਅਤੇ ਪੂਰਤੀ ਸਰੀਰਕ ਯੋਗਤਾ ਦੁਆਰਾ ਪਰਿਭਾਸ਼ਿਤ ਨਹੀਂ ਹੁੰਦੇ।

ਉਹ ਇੱਕ ਸ਼ਕਤੀਸ਼ਾਲੀ ਸੰਦੇਸ਼ ਨਾਲ ਜਿਉਂਦਾ ਹੈ: "ਕੋਈ ਬਾਹਾਂ ਨਹੀਂ। ਕੋਈ ਲੱਤਾਂ ਨਹੀਂ। ਕੋਈ ਸੀਮਾ ਨਹੀਂ।" ਇਸ ਲਈ ਅਗਲੀ ਵਾਰ ਜਦੋਂ ਜ਼ਿੰਦਗੀ ਔਖੀ ਲੱਗੇ - ਨਿੱਕ ਨੂੰ ਯਾਦ ਰੱਖੋ। ਤੁਹਾਡੀ ਕਹਾਣੀ ਖਤਮ ਨਹੀਂ ਹੋਈ। ਇਹ ਹੁਣੇ ਸ਼ੁਰੂ ਹੋਈ ਹੈ। ਹਿੰਮਤ ਤੇ ਸਿਰੜ ਨਾਲ ਸਭ ਕੁਝ ਮੁਮਕਿਨ ਹੈ।



ਹਰਪ੍ਰੀਤ ਕੌਰ ਸੰਧੂ

## ਕਵਿਤਾ- ਨੈਣਾਂ ਵਿੱਚ

ਤੇਰੇ ਹਾਂ ਪੱਖੀ ਹੁੰਗਾਰੇ ਲਈ,
ਸੰਗਰੂਰਵੀ ਸਦਾ ਹੀ ਲਟਕਦਾ ਰਿਹਾ।
ਇੱਕ ਪਲ ਦੀ ਦੀਦ ਲਈ,
ਸੰਗਰੂਰਵੀ ਸਦਾ ਹੀ ਭਟਕਦਾ ਰਿਹਾ।

ਨਾ ਬਣ ਸਕਿਆ ਸੁਫਨਾ ਕਦੇ,
ਕਿਸੇ ਦੇ ਵੀ ਹੁਸੀਨ ਨੈਣਾਂ ਦਾ,
ਨੈਣਾਂ ਵਿਚ ਕਿਸੇ ਨਾ ਕਿਸੇ ਦੇ,
ਸੰਗਰੂਰਵੀ ਸਦਾ ਹੀ ਰੜਕਦਾ ਰਿਹਾ।


ਕੀ ਦੇਣੀ ਸੀ, ਕਿਸੇ ਨੇ ਥਾਂ ਮੈਨੂੰ,
ਆਪਣੀ ਕੀਮਤੀ ਜ਼ਿੰਦਗੀ ਵਿੱਚ,
ਦਿਲ ਆਪਣੇ ਕਿਸੇ ਕੋਨੇ ਅੰਦਰ,
ਕਿਸੇ ਨਾ ਕਿਸੇ ਹਾਲ ਥਾਂ ਦਿੱਤੀ।

ਲਿਖਦਾ ਗਾਉਂਦਾ ਰਿਹਾ,ਜਿਸ ਲਈ ਸਦਾ ਸੰਗਰੂਰਵੀ,
ਝੱਲਾ ਅਖਵਾਉਂਦਾ ਰਿਹਾ,ਜਿਸ ਲਈ ਸਦਾ ਸੰਗਰੂਰਵੀ,
ਭੋਗਣੀ ਸੀ ਲੰਮੀ ਉਮਰ ਸੰਗਰੂਰਵੀ ਨੇ,
ਕਿਸੇ ਦੀ ਬੇਰੁੱਖੀ ਨੇ ਹੀ ਜਾਂ ਲਿੱਤੀ।

ਸਰਬਜੀਤ ਸੰਗਰੂਰਵੀ
ਪੁਰਾਣੀ ਅਨਾਜ ਮੰਡੀ, ਸੰਗਰੂਰ, 9463162463

## ਮਾਂ ਤੇ ਰੰਗਾਂ ਵਰਗੀ ਧੀ

ਜਗਵੀਰ ਕੌਰ



ਉਹ ਮੇਰੇ ਕੋਲ ਬੈਠੀ
ਨਿੱਕੇ-ਨਿੱਕੇ ਹੱਥਾਂ ਨਾਲ
ਤਸਵੀਰਾਂ ਰੰਗਦੀ,
ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ
ਤੋਤਲੇ ਬੋਲ ਬੋਲੀ ਜਾਂਦੀ ਬੱਸ ਬੋਲੀ ਜਾਂਦੀ,
ਅੰਮੀ ਮੈਂ ਐਵੇਂ ਈ ਰੰਗ ਭਲਦੀ ਆਂ
ਤਾਂਲਿਆਂ 'ਚ ਐਵੇਂ ਈ ਰੰਗ ਭਲਦੀ ਆਂ,
ਤੇ...
ਮੈਂ ਮੁਸਕਰਾ ਕੇ ਉਸ ਵੱਲ ਤੱਕਦੀ ਆਂ,
ਸ਼ਾਲਾ...
ਤੂੰ ਹਰ ਤਸਵੀਰ
ਆਪਣੀ ਮਰਜ਼ੀ ਨਾਲ ਰੰਗੇਂ,
ਜ਼ਿੰਦਗੀ ਦਾ ਹਰ ਵਰਕਾ
ਆਪਣੇ ਹੀ ਰੰਗ 'ਚ ਰੰਗੇਂ,
ਤੇ ...
ਕੋਈ ਵੀ ਰੰਗ
ਤੇਰੀਆਂ ਅੱਖਾਂ 'ਚ ਨਾ ਰੜਕੇ,
ਤੇਰੇ ਸੋਹਣੇ-ਮਲੂਕ ਪੈਰਾਂ 'ਚ
ਕੰਡੇ ਬਣ-ਬਣ ਨਾ ਖੁੱਭੇ,
ਸ਼ਾਲਾ...
ਆਪਾਂ ਐਵੇਂ ਈ ਬੈਠ
ਨਿੱਕੀਆਂ-ਨਿੱਕੀਆਂ ਗੱਲਾਂ ਕਰੀਏ
ਤਸਵੀਰਾਂ ਰੰਗੀਏ
ਤੇ ਗੁੜੀਆਂ ਸਹੇਲੀਆਂ ਬਣ
ਇੰਝ ਫੱਬੀਏ
ਜਿਉਂ...
ਕੋਈ ਤਸਵੀਰ ਤੇ ਉਸ ਵਿਚਲੇ ਰੰਗ।

ਸੰਪਰਕ: 76963-00539

# ਓਪਰਿਆਂ ਨਾਲ ਗੱਲੀਂ ਲੱਗ ਜਾਣਾ...




ਫੇਰ ਆਪਣੀ ਅਸਲ ਮੰਜਿਲ ਤੋਂ ਅਕਸਰ ਹੀ ਭਟਕ ਜਾਣਾ ਸ਼ਾਇਦ ਇਹਨਾਂ ਦੀ ਪੁਰਾਣੀ ਆਦਤ ਸੀ।

ਵਿਆਹ ਮਗਰੋਂ ਪਹਿਲੀ ਵੇਰ ਅੰਮ੍ਰਿਤਸਰੋਂ ਕਰਨਾਲ ਵਾਲੀ ਗੱਡੀ ਵਿਚ ਬੈਠੇ ਤਾਂ ਜਲੰਧਰ ਟੇਸ਼ਨ ਤੇ ਉੱਤਰ ਗਏ..ਅਖ਼ੇ ਮੈਂ ਹੁਣੇ ਆਇਆ..।

ਦਸਾਂ ਮਿੰਟਾਂ ਬਾਅਦ ਗੱਡੀ ਤੁਰ ਪਈ..ਇਹ ਕਿਧਰੇ ਵੀ ਨਾ ਦਿਸੇ..ਫਿਕਰ ਵਿਚ ਅੱਧੀ ਹੋਈ ਜਾਵਾਂ..ਕਦੇ ਉੱਠ ਪਵਾਂ ਤੇ ਕਦੇ ਬੈਠ ਜਾਇਆ ਕਰਾਂ..ਕਲੀ ਕਿਥੇ ਲੱਭਾਂ..ਅੱਗਿਓਂ ਕਿੱਦਾਂ ਜਾਵਾਂਗੀ..ਇੱਕ ਦੋ ਨੂੰ ਪੁੱਛਿਆ ਵੀ ਪਰ ਕੋਈ ਜਵਾਬ ਨਾ ਮਿਲਿਆ।

ਫਗਵਾੜੇ ਹੱਸਦੇ ਹੋਏ ਅੰਦਰ ਆਣ ਵੜੇ..ਕੋਈ ਪਿੰਡੋਂ ਮਿਲ ਪਿਆ ਸੀ..ਮਗਰਲੇ ਡੱਬੇ ਤੋਂ ਏਧਰ ਆਉਣ ਦਾ ਰਾਹ ਵੀ ਬੰਦ..ਫੇਰ ਓਥੇ ਹੀ ਬੈਠ ਗਿਆ..ਇਸਤੋਂ ਪਹਿਲਾਂ ਕੇ ਕੁਝ ਹੋਰ ਆਖਦੀ..ਹੱਥ ਫੜਿਆ ਲਫਾਫਾ ਫੜਾਉਂਦੇ ਹੋਏ ਆਖਣ ਲੱਗੇ ਕੇ ਇਥੋਂ ਦੀਆਂ ਪੂੜੀਆਂ ਨੇ..ਬੜੀਆਂ ਸਵਾਦ ਹੁੰਦੀਆਂ..।

ਫੇਰ ਇੰਝ ਹੀ ਲੁਧਿਆਣੇ ਦੇ ਸਮੋਸੇ ਅਤੇ ਅੰਬਾਲੇ ਦੀ ਟਿੱਕੀ..ਪਰ ਮੈਨੂੰ ਸਭ ਤੋਂ ਵੱਧ ਫਿਕਰ ਇਸ ਗੱਲ ਦਾ ਹੁੰਦਾ ਕੇ ਕਿਧਰੇ ਫੇਰ ਗੱਡੀ ਹੀ ਨਾ ਛੁੱਟ ਜਾਵੇ।

ਮਗਰੋਂ ਮਾਂ ਦੀ ਆਖੀ ਚੇਤੇ ਆ ਗਈ..ਅਖ਼ੇ ਬੰਦੇ ਦਾ ਧਿਆਨ ਏਧਰ ਓਧਰ ਭਟਕਣ ਲੱਗੇ ਤਾਂ ਅਛੋਪਲੇ ਜਿਹੇ ਉਸਦਾ ਹੱਥ ਫੜ ਗੱਲੀਂ ਲਾ ਲਵੋ..।

ਫੇਰ ਇੰਝ ਹੀ ਕੀਤਾ..ਕਰਨਾਲ ਤੱਕ ਹੱਥ ਹੀ ਫੜੀ ਰੱਖਿਆ ਤੇ ਵਿਆਹ ਤੋਂ ਪਹਿਲਾਂ ਦੀਆਂ ਕਿੰਨੀਆਂ ਸਾਰੀਆਂ ਗੱਲਾਂ ਪੁੱਛਦੀ ਰਹੀ..।

ਲਾਗੇ ਬੈਠੇ ਕਿੰਨੇ ਸਾਰੇ ਲੋਕ ਚੋਰ ਨਜਰਾਂ ਨਾਲ ਤੱਕਦੇ..ਮੁਸ਼ਕੜੀਆਂ ਵਿਚ ਹੱਸਦੇ..ਫੇਰ ਮੂੰਹ ਦੂਜੇ ਪਾਸੇ ਕਰ ਲੈਂਦੇ..ਪਰ ਮੈਂ ਪ੍ਰਵਾਹ ਨਾ ਕੀਤੀ..। ਉਸ ਗੱਲ ਨੂੰ ਭਾਵੇਂ ਚਾਰ ਦਹਾਕੇ ਹੋਣ ਨੂੰ ਹਨ ਪਰ ਅੱਜ ਵੀ ਜਦੋਂ ਕਦੇ ਇੰਝ ਲੱਗੇ ਕੇ ਧਿਆਨ ਥੋੜਾ ਭਟਕਣ ਲੱਗਾ..ਨਿਸ਼ੰਗ ਹੋ ਕੇ ਹੱਥ ਫੜ ਕੋਲ ਬਿਠਾ ਲੈਂਦੀ ਹਾਂ ਤੇ ਫੇਰ ਘੰਟਿਆਂ ਬੱਧੀ ਗੱਲੀਂ ਲਾਈ ਰੱਖਦੀ..ਕਿਓਂਕੇ ਚੰਗੀ ਤਰਾਂ ਜਾਣਦੀ ਹਾਂ ਇਸ ਵੇਰ ਗੱਡੀ ਤੁਰ ਪਈ ਤਾਂ ਇਹਨਾਂ ਕੋਲੋਂ ਚੜਿਆ ਬਿਲਕੁਲ ਵੀ ਨਹੀਂ ਜਾਣਾ..ਗੋਡੇ ਜੂ ਦੁਖਦੇ ਰਹਿੰਦੇ।

ਬੰਦਾ ਭਾਵੇਂ ਜਿੰਨਾ ਮਰਜੀ ਵਡੇਰਾ ਹੋ ਜਾਵੇ..ਪਰ ਦਿਲ ਤੇ ਝੁਰੜੀਆਂ ਪੈਂਦੀਆਂ ਕਦੇ ਨਹੀਂ ਸੁਣੀਆਂ।



ਹਰਪ੍ਰੀਤ ਸਿੰਘ ਜਵੰਦਾ

## 'ਨ੍ਹੇਰੀਆਂ ਸੁਰੰਗਾਂ



ਬੰਦੇ ਦੀ ਵੀ ਜ਼ਾਤ ਕੇਹੀ ਹੈ,
ਪਰਵਾਸੀ ਅਗਿਆਤ ਜੇਹੀ ਹੈ।
ਕਿੱਥੋਂ ਆਇਆ, ਕਿੱਧਰ ਜਾਣਾ,
ਉਲਝਣ ਵੀ ਦਿਨ ਰਾਤ ਜੇਹੀ ਹੈ।
ਤੇਰੀ ਦਿੱਤੀ ਤਿਊੜੀ ਪ੍ਰੇਮ 'ਚ,
ਮੇਰੇ ਲਈ ਸੌਗਾਤ ਜੇਹੀ ਹੈ।
ਸੁੱਚੀ ਕਿਰਤ ਦੀ ਖੁਸ਼ਬੂ ਤਾਜ਼ੀ,
ਪੱਕੀ ਜਿਉਂ ਇਸਪਾਤ ਜੇਹੀ ਹੈ।
ਚੋਰੀ ਗਿਆਨ ਤੇ ਡਿਗਰੀ ਫੋਕੀ,
ਅੱਸੂ ਦੀ ਬਰਸਾਤ ਜੇਹੀ ਹੈ।
ਤੇਰੀ ਛੋਹ 'ਚ ਲੋਰ ਤੇ ਘੂਕੀ,
ਮੇਰੀ ਮਾਂ ਦੀ ਬਾਤ ਜੇਹੀ ਹੈ।
ਫੇਸਬੁੱਕ ਦੀ ਯਾਰੀ ਤਾਂ ਬੱਸ,
ਰੇਤੇ 'ਤੇ ਲਿਖਾਤ ਜੇਹੀ ਹੈ।
ਬਿਨਾਂ ਚੇਤਨਾ, ਸੋਝੀ ਨਿਰੀਉਂ,
ਭੀੜ ਹੁੰਦੀ ਪਗਲਾਤ ਜੇਹੀ ਹੈ।
ਬੰਦੇ ਵਿੱਚ ਕਈ 'ਨ੍ਹੇਰੀਆਂ ਸੁਰੰਗਾਂ,
ਜੋ ਦਿਸਦਾ ਇੱਕ ਝਾਤ ਜੇਹੀ ਹੈ।
ਉਮਰਾਂ ਤੀਕਰ ਖ਼ੁਦ ਨਾ ਜਾਵੇ,
ਹਉਮੈਂ ਬੁਰੇ ਹਾਲਾਤ ਜੇਹੀ ਹੈ।
ਯਾਦ ਯਾਰਾਂ ਦੀ ਸਾਂਭੀ ਕਿਉਂਕਿ,
ਫੱਟੀ ਕਲਮ ਦਵਾਤ ਜੇਹੀ ਹੈ।
ਵਿੱਚ ਪਰਦੇਸਾਂ ਦਿਸੇ ਅਮੀਰੀ,
ਪਰ ਲਗਦੀ ਖ਼ੈਰਾਤ ਜੇਹੀ ਹੈ।
ਜਿੰਨੀ ਮਰਜ਼ੀ ਕਰੇਂ ਚਲਾਕੀ,
ਦਿਸਣੀ ਤਾਂ ਔਕਾਤ ਜੇਹੀ ਹੈ।
ਤੇਰਾ ਬੀਜਿਆ ਤੂੰ ਹੀ ਵੱਢਣਾ,
ਸਿੱਧੀ ਸਾਦੀ ਬਾਤ ਏਹੀ ਹੈ।
ਮੰਨਣਾ ਤੇ ਫਿਰ ਮੁੱਕਰ ਜਾਣਾ,
ਨੀਤੀ ਆਤਮਘਾਤ ਜੇਹੀ ਹੈ।
ਛੱਡ ਦੇ ਰੁਕਣਾ, ਰੋਣਾ 'ਰੱਤੜਾ',
ਜ਼ਿੰਦਗੀ ਯਾਤਾਯਾਤ ਜੇਹੀ ਹੈ।

# ਸਿੱਖਿਆ ਦੀ ਗੁਣਵੱਤਾ ਦੇ ਖ਼ਰਾਬ ਹੋਣ ਦੇ ਕਾਰਨ ਅਤੇ ਪ੍ਰਭਾਵ



ਸਿੱਖਿਆ ਦੀ ਗੁਣਵੱਤਾ ਸਮਾਜਿਕ ਤਰੱਕੀ ਅਤੇ ਵਿਅਕਤੀਗਤ ਵਿਕਾਸ ਦਾ ਇੱਕ ਮੂਲ ਤੱਤ ਹੈ। ਹਾਲਾਂਕਿ, ਪਿਛਲੇ ਕੁਝ ਸਾਲਾਂ ਵਿੱਚ ਦੁਨੀਆ ਭਰ ਦੀਆਂ ਬਹੁਤ ਸਾਰੀਆਂ ਸਿੱਖਿਆ ਪ੍ਰਣਾਲੀਆਂ ਨੇ ਗੁਣਵੱਤਾ ਵਿੱਚ ਨਜ਼ਰ ਆਉਣ ਵਾਲੀ ਕਮੀ ਦਾ ਸਾਹਮਣਾ ਕੀਤਾ ਹੈ। ਇਹ ਕਮੀ ਕਈ ਅੰਤਰਜਾਤੀ ਕਾਰਨਾਂ ਕਾਰਨ ਹੋਈ ਹੈ, ਜੋ ਕਿ ਸਿੱਖਿਆ ਦੇ ਮਿਆਰ ਨੂੰ ਕੁੱਲ ਮਿਲਾ ਕੇ ਘਟਾਉਂਦੇ ਹਨ। ਇਸ ਖਰਾਬੀ ਦੇ ਪ੍ਰਭਾਵ ਗੰਭੀਰ ਹਨ ਜੋ ਨਾ ਸਿਰਫ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਦੇ ਹਨ, ਬਲਕਿ ਸਮਾਜ ਦੇ ਕੁੱਲ ਨੂੰ ਵੀ ਪ੍ਰਭਾਵਿਤ ਕਰਦੇ ਹਨ।

*ਸਿੱਖਿਆ ਦੀ ਗੁਣਵੱਤਾ ਦੇ ਖਰਾਬ ਹੋਣ ਦੇ ਕਾਰਨ*

1. *ਫੰਡਿੰਗ ਦੀ ਘਾਟ ਅਤੇ ਸਰੋਤਾਂ ਦਾ ਵੰਡ:* ਸਿੱਖਿਆ ਦੀ ਗੁਣਵੱਤਾ ਵਿੱਚ ਘਟਾਅ ਦਾ ਇੱਕ ਮੁੱਖ ਕਾਰਨ ਅਣਕਾਫੀ ਫੰਡਿੰਗ ਹੈ। ਬਹੁਤ ਸਾਰੇ ਸਕੂਲ, ਖਾਸ ਕਰਕੇ ਘੱਟ ਆਮਦਨੀ ਵਾਲੇ ਖੇਤਰਾਂ ਵਿੱਚ, ਉਹਨਾਂ ਦੇ ਪਾਸ ਮੁੱਖ ਸਰੋਤਾਂ ਦੀ ਘਾਟ ਹੈ, ਜਿਵੇਂ ਕਿ ਪਾਠਕ੍ਰਮ, ਤਕਨਾਲੋਜੀ ਅਤੇ ਬਾਹਰੀ ਗਤੀਵਿਧੀਆਂ। ਜਦੋਂ ਸਕੂਲਾਂ ਨੂੰ ਫੰਡਿੰਗ ਨਹੀਂ ਮਿਲਦੀ, ਤਾਂ ਅਧਿਆਪਕਾਂ ਕੋਲ ਪ੍ਰਭਾਵਸ਼ਾਲੀ ਸਿੱਖਿਆ ਦੇਣ ਲਈ ਜ਼ਰੂਰੀ ਸਮੱਗਰੀ ਨਹੀਂ ਹੁੰਦੀ, ਜਿਸ ਨਾਲ ਸਿੱਖਣ ਦਾ ਮਾਹੌਲ ਘਟ ਜਾਂਦਾ ਹੈ।

*2. ਅਧਿਆਪਕਾਂ ਦੀ ਘਾਟ ਅਤੇ ਗੁਣਵੱਤਾ:* ਸਿੱਖਿਆ ਦੀ ਗੁਣਵੱਤਾ ਇਸਦੇ ਅਧਿਆਪਕਾਂ ਦੀ ਯੋਗਤਾ 'ਤੇ ਨਿਰਭਰ ਕਰਦੀ ਹੈ। ਯੋਗ ਅਧਿਆਪਕਾਂ ਦੀ ਘਾਟ, ਜੋ ਕਿ ਘੱਟ ਵੇਤਨ ਅਤੇ ਖਰਾਬ ਕੰਮ ਕਰਨ ਦੀਆਂ ਸ਼ਰਤਾਂ ਨਾਲ ਵਧਦੀ ਹੈ, ਅਸੰਖਿਆ ਅਯੋਗ ਵਿਅਕਤੀਆਂ ਨੂੰ ਇਸ ਪੇਸ਼ੇ ਵਿੱਚ ਲਿਆਉਂਦੀ ਹੈ। ਇਸ ਨਾਲ ਸਮੱਗਰੀ ਦੀ ਡਿਲਿਵਰੀ 'ਤੇ ਪ੍ਰਭਾਵ ਪੈਂਦਾ ਹੈ ਅਤੇ ਵਿਦਿਆਰਥੀਆਂ ਦੀ ਪ੍ਰੇਰਣਾ ਅਤੇ ਸ਼ਾਮਿਲ ਹੋਣਾ ਘਟ ਜਾਂਦਾ ਹੈ। ਇਸ ਤੋਂ ਇਲਾਵਾ, ਅਧਿਆਪਕਾਂ ਵਿਚ ਉੱਚ ਟੀਚੇ ਪ੍ਰਾਪਤ ਕਰਨ ਦੀ ਦਰ ਸਿੱਖਣ ਦੇ ਮਾਹੌਲ ਵਿੱਚ ਅਸਥਿਰਤਾ ਨੂੰ ਵਧਾਉਂਦੀ ਹੈ।

*3. ਮਿਆਰੀ ਟੈਸਟਿੰਗ ਅਤੇ ਪਾਠਕ੍ਰਮ ਤੇ ਰੋਕ:*
ਮਿਆਰੀ ਟੈਸਟਿੰਗ 'ਤੇ ਵਧ ਰਹੀ ਟੈਸਟਿੰਗ ਨੇ ਸਿਖਲਾਈ ਦੇ ਪਾਠਕ੍ਰਮ ਨੂੰ ਖੁੰਢਾ ਕਰ ਦਿੱਤਾ ਹੈ। ਸਕੂਲ ਅਕਸਰ ਟੈਸਟ ਦੀ ਤਿਆਰੀ ਨੂੰ ਸਮੂਹਿਕ ਸਿੱਖਣ ਦੇ ਤਜੁਰਬਿਆਂ 'ਤੇ ਪ੍ਰਾਥਮਿਕਤਾ ਦਿੰਦੇ ਹਨ, ਜੋ ਕਿ ਰਚਨਾਤਮਕਤਾ ਅਤੇ ਨਿਕਟ-ਵਿਚਾਰ ਨੂੰ ਰੋਕ ਸਕਦਾ ਹੈ। ਇਸ ਦਾ ਫਲ ਇਹ ਹੁੰਦਾ ਹੈ ਕਿ ਵਿਦਿਆਰਥੀ ਬੇਹਦ ਯਾਦ ਕਰਨ ਦੀ ਥਾਂ ਗਹਿਰਾਈ ਨਾਲ ਸਮਝਣ 'ਤੇ ਧਿਆਨ ਨਹੀਂ ਦੇ ਰਹੇ, ਜਿਸ ਨਾਲ ਉਹ ਸਿੱਖਣ ਵਿੱਚ ਦਿਲਚਸਪੀ ਨਹੀਂ ਲੈਂਦੇ।

*4. ਸਮਾਜਿਕ-ਆਰਥਿਕ ਕਾਰਨ:* ਸਮਾਜਿਕ-ਆਰਥਿਕ ਫਰਕ ਸਿੱਖਿਆ ਦੀ ਗੁਣਵੱਤਾ 'ਤੇ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਘੱਟ ਆਮਦਨੀ ਵਾਲੇ ਪਰਿਵਾਰਾਂ ਤੋਂ ਆਏ ਵਿਦਿਆਰਥੀਆਂ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਵੇਂ ਕਿ ਸਿੱਖਿਆ ਦੇ ਸਰੋਤਾਂ ਦੀ ਘਾਟ, ਮਾਪੇ ਦੇ ਸਮਰਥਨ ਦੀ ਘਾਟ ਅਤੇ ਅਸਥਿਰ ਘਰੇਲੂ ਵਾਤਾਵਰਨ। ਇਹ ਕਾਰਨ ਉਨ੍ਹਾਂ ਦੇ ਅਕਾਦਮਿਕ ਪ੍ਰਦਰਸ਼ਨ ਅਤੇ ਸਮੁੱਚੇ ਸਿੱਖਣ ਦੇ ਤਜ਼ਰਬੇ ਨੂੰ ਰੋਕ ਸਕਦੇ ਹਨ, ਗਰੀਬੀ ਦੇ ਚੱਕਰ ਨੂੰ ਜਾਰੀ ਰੱਖਦੇ ਹਨ ਅਤੇ ਸਮਾਜਿਕ ਉਚਾਈ ਨੂੰ ਸੀਮਿਤ ਕਰਦੇ ਹਨ।

*5. ਤਕਨਾਲੋਜੀ ਵਿੱਚ ਫਰਕ:* ਹਾਲਾਂਕਿ ਤਕਨਾਲੋਜੀ ਸਿੱਖਣ ਨੂੰ ਸੁਧਾਰਨ ਦੀ ਸਮਰੱਥਾ ਰੱਖਦੀ ਹੈ, ਪਰ ਇਸ ਤੱਕ ਪਹੁੰਚ ਵਿੱਚ ਫਰਕ ਸਿੱਖਿਆ ਵਿੱਚ ਬੇਇਨਸਾਫੀ ਨੂੰ ਵਧਾ ਸਕਦਾ ਹੈ। ਬਹੁਤ ਸਾਰੇ ਖੇਤਰਾਂ ਵਿੱਚ, ਖਾਸ ਕਰਕੇ ਪਿੰਡਾਂ ਜਾਂ ਆਰਥਿਕ ਤੌਰ 'ਤੇ ਪਿਛੜੇ ਖੇਤਰਾਂ ਵਿੱਚ, ਵਿਦਿਆਰਥੀਆਂ ਕੋਲ ਆਧੁਨਿਕ ਤਕਨਾਲੋਜੀ ਦੇ ਉਪਕਰਨ ਅਤੇ ਇੰਟਰਨੈੱਟ ਦੀ ਘਾਟ ਹੁੰਦੀ ਹੈ। ਇਹ ਡਿਜ਼ੀਟਲ ਡਿਵਾਈਡ ਖੋਜ, ਸਹਿਯੋਗ ਅਤੇ ਉਹਨਾਂ ਕੌਸ਼ਲਾਂ ਦੇ ਵਿਕਾਸ ਦੇ ਮੌਕੇ ਨੂੰ ਸੀਮਿਤ ਕਰਦਾ ਹੈ ਜੋ ਇੱਕ ਵੱਧ ਡਿਜ਼ੀਟਲ ਸੰਸਾਰ ਵਿੱਚ ਕਾਮਯਾਬ ਹੋਣ ਲਈ ਜ਼ਰੂਰੀ ਹਨ।

*ਸਿੱਖਿਆ ਦੀ ਗੁਣਵੱਤਾ ਦੇ ਖਰਾਬ ਹੋਣ ਦੇ ਪ੍ਰਭਾਵ*

*1. ਵਿਦਿਆਰਥੀਆਂ ਦੀ ਸ਼ਾਮਿਲ ਹੋਣ ਅਤੇ ਪ੍ਰਾਪਤੀ ਵਿੱਚ ਕਮੀ:* ਜਿਵੇਂ-ਜਿਵੇ ਸਿੱਖਿਆ ਦੀ ਗੁਣਵੱਤਾ ਘਟਦੀ ਹੈ, ਵਿਦਿਆਰਥੀਆਂ ਦੀ ਸਮਾਜ ਵਿੱਚ ਸ਼ਮੂਲੀਅਤ ਹੋਣ ਦੀ ਸਮਰੱਥਾ ਵੀ ਘਟਦੀ ਹੈ। ਜਦੋਂ ਵਿਦਿਆਰਥੀਆਂ ਨੂੰ ਆਪਣੇ ਸਿੱਖਣ ਦੇ ਤਜੁਰਬਿਆਂ ਨਾਲ ਚੁਣੌਤੀ ਨਹੀਂ ਦਿੱਤੀ ਜਾਂਦੀ ਜਾਂ ਉਹ ਪ੍ਰੇਰਿਤ ਨਹੀਂ ਹੁੰਦੇ, ਤਾਂ ਉਨ੍ਹਾਂ ਦੀ ਪ੍ਰੇਰਨਾ ਘਟ ਜਾਂਦੀ ਹੈ, ਜੋ ਕਿ ਨੀਵੇਂ ਅਕਾਦਮਿਕ ਪ੍ਰਾਪਤੀਆਂ ਦਾ ਕਾਰਨ ਬਣਦਾ ਹੈ। ਇਹ ਰੁਝਾਨ ਖਾਸ ਕਰਕੇ ਚਿੰਤਾਜਨਕ ਹੈ ਕਿਉਂਕਿ ਇਹ ਉੱਚ ਦਰਜੇ ਛੱਡਣ ਦੀਆਂ ਦਰਾਂ ਅਤੇ ਕਾਲਜ ਵਿੱਚ ਦਾਖਲੇ ਦੀਆਂ ਦਰਾਂ ਨੂੰ ਵਧਾਉਂਦਾ ਹੈ।

*2. ਪ੍ਰਾਪਤੀ ਦੇ ਫਰਕ ਦਾ ਵੱਧਣਾ:* ਸਿੱਖਿਆ ਦੀ ਗੁਣਵੱਤਾ ਵਿੱਚ ਘਟਾਅ ਹਮੇਸ਼ਾ ਮਾਰਜਿਨਲਾਈਜ਼ਡ ਗ੍ਰੁੱਪਾਂ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਵਿੱਚ ਘੱਟ ਆਮਦਨੀ ਵਾਲੇ ਵਿਦਿਆਰਥੀਆਂ ਅਤੇ ਰੰਗ ਬਿਰੰਗੇ ਵਿਦਿਆਰਥੀਆਂ ਸ਼ਾਮਿਲ ਹਨ। ਜਿਵੇਂ-ਜਿਵੇ ਇਹ ਵਿਦਿਆਰਥੀਆਂ ਵੱਧ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ, ਪ੍ਰਾਪਤੀ ਵਿੱਚ ਫਰਕ ਵੱਧਦਾ ਹੈ। ਇਹ ਸੰਸਥਾਨਕ ਬੇਇਨਸਾਫੀ ਨੂੰ ਜਾਰੀ ਰੱਖਦਾ ਹੈ ਅਤੇ ਉੱਚਾਈ ਵਾਲੀਆਂ ਮੌਕਿਆਂ ਨੂੰ ਸੀਮਿਤ ਕਰਦਾ ਹੈ।


*3. ਆਰਥਿਕ ਪ੍ਰਭਾਵ:* ਸਿੱਖਿਆ ਦੀ ਗੁਣਵੱਤਾ ਵਿੱਚ ਘਟਾਅ ਦੇ ਪ੍ਰਭਾਵ ਵਿਅਕਤੀਗਤ ਵਿਦਿਆਰਥੀਆਂ ਤੋਂ ਬਾਹਰ ਜਾਂਦੇ ਹਨ; ਇਹ ਸਮੂਹਿਕ ਆਰਥਿਕਤਾ 'ਤੇ ਵੀ ਨਕਾਰਾਤਮਕ ਪ੍ਰਭਾਵ ਪਾ ਸਕਦੇ ਹਨ। ਇੱਕ ਘੱਟ ਸਿੱਖਿਆ ਵਾਲਾ ਕੰਮਗਾਰ ਸ਼੍ਰੇਣੀ ਇੱਕ ਗਲੋਬਲ ਆਰਥਿਕਤਾ ਵਿੱਚ ਘੱਟ ਮੁਕਾਬਲਾ ਕਰਨ ਯੋਗ ਹੁੰਦੀ ਹੈ ਜੋ ਕਿ ਹੁਣ ਵਧੇਰੇ ਤੌਰ ਤੇ ਯੋਗ ਮਜ਼ਦੂਰ ਦੀ ਲੋੜ ਰੱਖਦੀ ਹੈ। ਇਸ ਨਾਲ ਆਰਥਿਕ ਵਿਕਾਸ ਅਤੇ ਨਵੀਨੀਕਰਣ ਵਿੱਚ ਰੁਕਾਵਟ ਆ ਸਕਦੀ ਹੈ, ਜੋ ਕਿ ਆਖਿਰਕਾਰ ਰਾਸ਼ਟਰ ਦੀ ਖੁਸ਼ਹਾਲੀ 'ਤੇ ਪ੍ਰਭਾਵ ਪਾਉਂਦੀ ਹੈ।

*4. ਸਮਾਜਿਕ ਪ੍ਰਭਾਵ:* ਸਿੱਖਿਆ ਜਾਣਕਾਰ ਨਾਗਰਿਕਤਾ ਅਤੇ ਸਮਾਜਿਕ ਏਕੀਕਰਣ ਲਈ ਬਹੁਤ ਜ਼ਰੂਰੀ ਹੈ। ਜਦੋਂ ਸਿੱਖਿਆ ਦੀ ਗੁਣਵੱਤਾ ਘਟਦੀ ਹੈ, ਤਾਂ ਵਿਅਕਤੀ ਸੰਘਠਿਤ ਸੋਚਣ ਵਾਲੇ ਹੁੰਦੇ ਹਨ ਅਤੇ ਲੋਕਤੰਤਰੀ ਪ੍ਰਕਿਰਿਆਂ ਵਿੱਚ ਮਹੱਤਵਪੂਰਕ ਤੌਰ 'ਤੇ ਸ਼ਾਮਿਲ ਹੋਣ ਦੀ ਯੋਗਤਾ ਨਹੀਂ ਰੱਖਦੇ। ਇਸ ਨਾਲ ਵੱਧ ਧ੍ਰੁਵੀਕਰਨ, ਗਲਤ ਜਾਣਕਾਰੀ ਅਤੇ ਸਮਾਜਿਕ ਅਸੰਤੁਸ਼ਟੀ ਵਧ ਸਕਦੀ ਹੈ, ਜਿਵੇਂ ਕਿ ਵਿਅਕਤੀ ਮੁਸ਼ਕਿਲ ਸਮਾਜਿਕ ਮੁੱਦਿਆਂ ਨੂੰ ਸਮਝਣ ਤੇ ਸੁਲਝਾਉਣ ਵਿੱਚ ਮੁਸ਼ਕਿਲ ਮਹਿਸੂਸ ਕਰਦੇ ਹਨ।

*5. ਸਿੱਖਿਆ ਤੇ ਸਿਹਤ ਦੇ ਪ੍ਰਭਾਵ:* ਸਿੱਖਿਆ ਸਿਹਤ ਦੇ ਨਤੀਜਿਆਂ ਨਾਲ ਜੁੜੀ ਹੋਈ ਹੈ; ਉੱਚ ਪੱਧਰੀ ਸਿੱਖਿਆ ਵਾਲੇ ਵਿਅਕਤੀ ਅਕਸਰ ਚੰਗੀ ਸਿਹਤ ਅਤੇ ਨਿਰੋਗ ਹੋਣ ਦੇ ਇਹਸਾਸ ਨੂੰ ਅਨੁਭਵ ਕਰਦੇ ਹਨ। ਇਸ ਲਈ, ਸਿੱਖਿਆ ਦੀ ਗੁਣਵੱਤਾ ਵਿੱਚ ਘਟਾਅ ਜਨਤਕੀ ਸਿਹਤ 'ਤੇ ਲੰਬੇ ਸਮੇਂ ਦੇ ਪ੍ਰਭਾਵ ਪਾ ਸਕਦਾ ਹੈ, ਕਿਉਂਕਿ ਘੱਟ ਸਿੱਖਿਆ ਵਾਲੀਆਂ ਪ੍ਰਾਪਤੀਆਂ ਚਿਰ ਕਾਲੀ ਬਿਮਾਰੀਆਂ ਅਤੇ ਘੱਟ ਜੀਵਨ ਉਮੀਦ ਨਾਲ ਸੰਬੰਧਿਤ ਹੁੰਦੀਆਂ ਹਨ।



ਸਿੱਖਿਆ ਦੀ ਗੁਣਵੱਤਾ ਵਿੱਚ ਘਟਾਅ ਇੱਕ ਬਹੁ-ਪੱਖੀ ਮੁੱਦਾ ਹੈ ਜੋ ਕਿ ਕਈ ਆਪਸੀ ਕਾਰਨਾਂ ਤੋਂ ਉੱਪਜਦਾ ਹੈ, ਜਿਸ ਵਿੱਚ ਅਣਕਾਫੀ ਫੰਡਿੰਗ, ਅਧਿਆਪਕਾਂ ਦੀ ਘਾਟ, ਮਿਆਰੀ ਟੈਸਟਿੰਗ ਦੇ ਦਬਾਅ, ਸਮਾਜਿਕ-ਆਰਥਿਕ ਫਰਕ ਅਤੇ ਤਕਨਾਲੋਜੀ ਵਿੱਚ ਫਰਕ ਸ਼ਾਮਿਲ ਹਨ। ਇਸ ਘਟਾਅ ਦੇ ਪ੍ਰਭਾਵ ਦੂਰਗਾਮੀ ਹਨ, ਜੋ ਕਿ ਨਾ ਸਿਰਫ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਦੇ ਹਨ ਬਲਕਿ ਸਮਾਜ ਉੱਪਰ ਵੀ ਨਕਾਰਾਤਮਕ ਪ੍ਰਭਾਵ ਪਾਉਂਦੇ ਹਨ ਜਿਵੇਂ ਕਿ ਸਮਾਜ ਵਿੱਚ ਘੁਲਣ ਮਿਲਣ ਦੀ ਭਾਵਨਾ ਦਾ ਘਟਣਾ, ਪ੍ਰਾਪਤੀ ਦੇ ਫਰਕ ਦਾ ਵੱਧਣਾ, ਆਰਥਿਕ ਰੁਕਾਵਟ, ਸਮਾਜਿਕ ਵਿਘਟਨ ਅਤੇ ਨਕਾਰਾਤਮਕ ਸਿਹਤ ਨਤੀਜੇ। ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਨੀਤੀ-ਨਿਰਧਾਰਕਾਂ, ਅਧਿਆਪਕਾਂ, ਸਮਾਜਾਂ ਅਤੇ ਹਿੱਸੇਦਾਰਾਂ ਨੂੰ ਆਪਸ ਵਿੱਚ ਮਿਲ ਕੇ ਤੇ ਸਾਂਝੇ ਤੌਰ ਤੇ ਕੰਮ ਕਰਨ ਦੀ ਲੋੜ ਹੈ ਤਾਂ ਜੋ ਸਿੱਖਿਆ ਵਿੱਚ ਮੁੜ ਵਿਸ਼ਵਾਸ ਪੈਦਾ ਕੀਤਾ ਜਾ ਸਕੇ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਭ ਵਿਦਿਆਰਥੀਆਂ ਨੂੰ ਉੱਚ-ਗੁਣਵੱਤਾ ਵਾਲੀ ਸਿੱਖਿਆ ਮਿਲੇ। ਸਾਂਝੇ ਤੌਰ ਤੇ ਕੀਤੀਆਂ ਗਈਆਂ ਕਾਰਵਾਈਆਂ ਦੁਆਰਾ ਹੀ ਅਸੀਂ ਸਿੱਖਿਆ ਦੇ ਨਿਘਾਰ ਵਲ ਵਧ ਰਹੇ ਰੁਝਾਨਾਂ ਨੂੰ ਠੱਲ੍ਹ ਪਾ ਸਕਦੇ ਹਾਂ ਅਤੇ ਵਿੱਦਿਆ ਨੂੰ ਮਨੁੱਖਤਾ ਦੀ ਭਲਾਈ ਲਈ ਵਰਤ ਸਕਦੇ ਹਾਂ।



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

ਪੰਜਾਬ ਸਟਾਰ
www.punjabstar.com

# ਅੱਖੀਂ ਵੇਖਿਆ ਮਿਲਡੂਰੇ ਦਾ ਖੇਡ ਮੇਲਾ

## ਯਾਦਗਾਰੀ ਹੋ ਨਿੱਬੜਿਆ ਮਿਲਡੂਰੇ ਦਾ ਖੇਡ ਮੇਲਾ








**ਆਸਟ੍ਰੇਲੀਆ ਮਿਲਡੂਰਾ ਤੋਂ ਜਗਰੂਪ ਸਿੰਘ ਜਰਖੜ ਦੇ ਵਿਸ਼ੇਸ਼ ਰਿਪੋਰਟ**

ਵਿਕਟੋਰੀਆ ਦਾ ਬਾਗਾਂ ਵਾਲਾ ਸ਼ਹਿਰ ਮਿਲਡੂਰਾ ਜਿੱਥੇ ਪੰਜਾਬੀਆਂ ਦੀ ਵਸੋ ਥੋੜੀ ਜਿਹੀ ਘੱਟ ਹੀ ਹੈ ਪਰ ਚਰਚਾ ਪੂਰੇ ਆਸਟ੍ਰੇਲੀਆ ਵਿੱਚ ਹੈ। ਪੰਜਾਬੀ ਵੱਡੇ ਵੱਡੇ ਖੇਤੀਬਾਰੀ ਫਾਰਮਾਂ ਹਾਊਸਾ ਦੇ ਮਾਲਕ ਹਨ ਅਤੇ ਹੋਰ ਵਪਾਰਾਂ ਵਿੱਚ ਆਪਣੀ ਦਸਾਂ ਨਹੁੰਆਂ ਦੀ ਕਿਰਤ ਸਦਕਾ ਅਮੀਰਜ਼ਾਦੇ ਹਨ। ਬੀਤੇ ਦਿਨੀ ਸ਼ਹੀਦ ਊਧਮ ਸਿੰਘ ਕਲੱਬ ਮਿਲਡੂਰਾ ਵੱਲੋਂ ਕਰਵਾਇਆ ਗਿਆ ਤੀਸਰਾ ਖੇਡ ਮੇਲਾ ਇੱਕ ਯਾਦਗਾਰੀ ਸਮਾਗਮ ਹੋ ਨਿਬੜਿਆ।

ਮੈਨੂੰ ਪਹਿਲੀ ਵਾਰ ਮਿਲਡੂਰਾ ਦਾ ਖੇਡ ਮੇਲਾ ਵੇਖਣ ਨੂੰ ਮਿਲਿਆ। ਮਿਲਡੂਰਾ ਸਪੋਰਟਿੰਗ ਪਰੀਸੈਂਟ ਆਲੀਸ਼ਾਨ ਖੇਡ ਸਟੇਡੀਅਮ ਦੀਆਂ ਹਰੇ ਭਰੇ ਘਾਹ ਨਾਲ ਲਸ਼ਕਦੀਆਂ ਗਰਾਊਂਡਾਂ ਵਿੱਚ ਖੇਡਾਂ ਦੀ ਸ਼ੁਰੂਆਤ ਬੜੇ ਸੁਹਾਵਨੇ ਮਾਹੌਲ ਵਿੱਚ ਹੋਈ। ਜਿੱਥੇ ਇੱਕ ਪਾਸੇ ਗੁਰੂ ਘਰ ਦੇ ਲੰਗਰ ਦੀ ਪ੍ਰਥਾ ਚੱਲ ਰਹੀ ਸੀ ਦੂਜੇ ਪਾਸੇ ਐਡੀਲੇਡ ਤੋਂ ਆਏ ਕਰਨ ਬਰਾੜ ਦੀ ਸਿੱਖ ਇਤਿਹਾਸ ਨਾਲ ਪੁਰਾਤਨ ਪ੍ਰਦਰਸ਼ਨੀ ਲੋਕਾਂ ਲਈ ਖਿੱਚ ਦਾ ਕੇਂਦਰ ਬਣੀ ਹੋਈ ਸੀ। ਖੱਬੇ ਪਾਸੇ ਬੱਚਿਆਂ ਦੇ ਫੁੱਟਬਾਲ ਦੇ ਮੈਚ ਚੱਲ ਰਹੇ ਸਨ। ਦੂਜੇ ਪਾਸੇ ਰੱਸਾਕਸ਼ੀ ਵਾਲੇ ਆਪਣੀਆਂ ਤਿਆਰੀਆਂ ਵਿੱਚ ਜੁਟੇ ਹੋਏ ਸਨ ,ਪਰ ਕਬੱਡੀ ਦਾ ਰਾਮਰੌਲਾ ਉਹੀ ਸੀ ਕਿ ਕਿਸੇ ਵੀ ਟੂਰਨਾਮੈਂਟ ਵਿੱਚ ਕਬੱਡੀ ਦੇ ਮੈਚ 3 ਵਜੇ ਤੋਂ ਪਹਿਲਾਂ ਕਦੇ ਵੀ ਸਟਾਰਟ ਨਹੀਂ ਹੁੰਦੇ ,ਚਲੋ ਗੱਲ ਕਰੀਏ ਖੇਡ ਮੇਲੇ ਦੀ ਜੇਕਰ ਦੇਖਿਆ ਜਾਵੇ ਕਿ ਕਿ ਰੱਸਾਕਸ਼ੀ ਵਿੱਚ ਸ਼ੈਪਟਨ ਦੇ ਗੱਭਰੂ ਪਹਿਲੇ ਨੰਬਰ ਤੇ, ਕੋਬਰਿਮ ਦੇ ਨੌਜਵਾਨ ਦੂਜੇ ਨੰਬਰ ਤੇ ਰਹੇ। ਫੁੱਟਬਾਲ ਸੀਨੀਅਰ ਵਰਗ ਮੁੰਡਿਆਂ ਵਿੱਚ ਮਿਲਡੂਰਾ ਯੂਨਾਈਟਡ ਪਹਿਲੇ ਨੰਬਰ ਤੇ, ਸ਼ਹੀਦ ਊਧਮ ਸਿੰਘ ਕਲੱਬ ਮਿਲਦੂਰਾ ਦੂਜੇ ਨੰਬਰ ਤੇ ਰਹੀ। ਫੁੱਟਬਾਲ ਕੁੜੀਆਂ ਵਿੱਚ ਟੀਡਾਸ ਕਲੱਬ ਪਹਿਲੇ ਨੰਬਰ ਤੇ ਨਿਕਲਸ ਪੁਆਇੰਟ ਦੂਜਾ ਨੰਬਰ ਤੇ ਰਹੇ, ਫੁੱਟਬਾਲ ਅੰਡਰ 14 ਸਾਲ ਵਰਗ ਵਿੱਚ ਰਿੰਪਲ ਨਾਈਟ ਪਹਿਲੇ ਨੰਬਰ ਤੇ ਮਿਲਡੂਰਾ ਯੂਨਾਇਟੇਡ ਦੂਜੇ ਨੰਬਰ ਤੇ ਰਹੇ। ਅੰਡਰ 12 ਸਾਲ ਫੁੱਟਬਾਲ ਵਿੱਚ ਨਿਕਲਸ ਪੁਆਇੰਟ ਪਹਿਲੇ ਨੰਬਰ ਤੇ ਸ਼ਹੀਦ ਊਧਮ ਸਿੰਘ ਕਲੱਬ ਮਿੱਲਡੂਰਾ ਦੂਜੇ ਨੰਬਰ ਤੇ ਰਹੀ। ਕਬੱਡੀ ਵਿੱਚ ਯੰਗ ਕਬੱਡੀ ਕਲੱਬ ਨੇ ਸ਼ਹੀਦ ਊਧਮ ਸਿੰਘ ਕਲੱਬ ਮਲੂਰਾ ਨੂੰ 43 – 37 ਅੰਕਾਂ ਹਰਾ ਕੇ ਪਹਿਲਾਂ ਸਥਾਨ ਹਾਸਿਲ ਕੀਤਾ। ਮਿਲਡੂਰਾ ਦਾ ਮਹੈਸ਼ੀ ਹਰਖੋਵਾਲ 19 ਪੁਆਇੰਟਾਂ ਨਾਲ ਸਰਵੋਤਮ ਰੇਡਰ ਬਣਿਆ, ਜਦ ਕਿ ਮੈਲਬੌਰਨ ਦਾ ਗੁਰਵਿੰਦਰ ਘਾਗੋਂਵਾਲ ਵਧੀਆ ਜਾਫੀ ਚੁਣਿਆ ਗਿਆ। ਇਸ ਮੌਕੇ ਬੀਬੀਆਂ ਦੀ ਮਿਉਜੀਕਲ ਚੇਅਰ ਰੇਸ ਮੁੱਖ ਖਿੱਚ ਦਾ ਕੇਂਦਰ ਰਹੀ। ਬੱਚਿਆਂ ਦੀਆਂ ਦੌੜਾਂ ਵੀ ਕਾਬਲੇਤਰੀਫ ਸੀ। ਅੰਗਰੇਜ਼ਾਂ ਦੇ ਬੱਚਿਆਂ ਨੇ ਵੀ ਇਸ ਖੇਡ ਮੇਲੇ ਵਿੱਚ ਵੀ ਵੱਡੀ ਗਿਣਤੀ ਵਿੱਚ ਭਾਗ ਲਿਆ। ਟੂਰਨਾਮੈਂਟ ਦੌਰਾਨ ਜਿੱਥੇ ਮਿਲਡੂਰਾ ਦੀ ਮੇਅਰ ਹੈਲੀ ਹੈਲਨ ਨੇ ਹਾਜਰੀ ਭਰੀ ਉਥੇ ਟੂਰਨਾਮੈਂਟ ਦੇ ਉਦਘਾਟਨੀ ਸਮਾਰੋਹ ਵਿੱਚ ਤੇ ਮੈਂਬਰ ਪਾਰਲੀਮੈਂਟ "ਐਨ ਵੈਬਸਟਰ" ਨੇ ਖੇਡਾਂ ਦਾ ਉਦਘਾਟਨ ਕੀਤਾ ਅਤੇ ਉਦਘਾਟਨੀ ਮੈਚਾ ਦੀਆਂ ਫੁੱਟਬਾਲ ਅਤੇ ਕਬੱਡੀ ਦੀਆਂ ਟੀਮਾਂ ਦੇ ਨਾਲ ਜਾਣ ਪਹਿਚਾਣ ਕਰਦੇ ਦੱਸਿਆ ਕਿ ਮਿਲਡੂਰਾ ਦੇ ਵਿਕਾਸ ਵਿੱਚ ਪੰਜਾਬੀਆਂ ਦਾ ਵੱਡਾ ਯੋਗਦਾਨ ਹੈ। ਪੰਜਾਬੀ ਹੁਣ ਖੇਡਾਂ ਦੇ ਖੇਤਰ ਵਿੱਚ ਵੀ ਵਿਲੱਖਣ ਪਹਿਚਾਣ ਬਣਾਉਣਗੇ ।ਉਸ ਤੋਂ ਬਾਅਦ ਸ਼ਾਮ ਦੇ ਟਾਈਮ ਖੇਡਾਂ ਦੇ ਫਾਈਨਲ ਦੌਰਾਨ ਮਿਲਡੂਰਾ ਦੀ ਐਮ ਐਲ ਏ "ਜੇਡ ਬੇਨਮ " ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਹਨਾਂ ਨੇ ਕਬੱਡੀ ਟੀਮਾਂ ਨਾਲ ਜਾਣ ਪਹਿਚਾਣ ਕੀਤੀ ।

ਐਮ ਐਲ ਏ ਸਾਹਿਬਾ ਜੇਡ ਬੇਨਮ ਨੇ ਟੂਰਨਾਮੈਂਟ ਦੇ ਪ੍ਰਬੰਧਕਾਂ ਖਾਸ ਕਰਕੇ ਮੁੱਖ ਪ੍ਰਬੰਧਕ ਬੌਬੀ ਗਿੱਲ ਅਤੇ ਕਮਲਜੀਤ ਸਿੰਘ ਗਰੇਵਾਲ ਨੂੰ ਉਚੇਚੇ ਤੌਰ ਤੇ ਵਧਾਈ ਦਿੱਤੀ।

ਇਸ ਮੌਕੇ ਖੇਡਾਂ ਦੇ ਗੋਲਡ ਸਪੋਂਸਰ ਮੇਜਰ ਸਿੰਘ, ਭਗਵੰਤ ਸਿੰਘ ਚੰਦੀ, ਸਨੀ ਗਰੇਵਾਲ ਨਾਰੰਗਵਾਲ, ਜਦਕਿ ਟੂਰਨਾਮੈਂਟ ਦੇ ਪਲਾਟੀਨਮ ਸਪਾਂਸਰ ਕਮਲਜੀਤ ਸਿੰਘ ਮਨਸ਼ੂਰਾ ਗਰੇਵਾਲ ਆਟਾ ਚੱਕੀ ਵਾਲੇ, ਮਨਜਿੰਦਰ ਸਿੰਘ ਗਰੇਵਾਲ, ਵਿਕਰਮ ਸਿੰਘ, ਹਰਮੇਸ਼ ਸਿੰਘ ਰੋਡਾ , ਚੈਰੀ ਗਰੇਵਾਲ ਗੁੱਜਰਵਾਲ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸਿਲਵਰ ਸਪਾਂਸਰ ਤੇਜੀ ਗਰੇਵਾਲ, ਸਤਨਾਮ ਸਿੰਘ ਦਿਓਲ, ਮਾਝੇ ਵਾਲੇ ਭਾਓ, ਹਿਰਦੇਪ੍ਰੀਤ ਸਿੰਘ ਮਲਹਾਂਸ ਟਰਾਂਸਪੋਰਟ, ਰਘਬੀਰ ਸਿੰਘ ਕਰੀ ਐਂਡ ਤੰਦੂਰ ਰੈਸਟੋਰੈਂਟ, ਸਿਮਰਨਜੀਤ ਸਿੰਘ ਅਰਲੀ ਆਸਟਰੇਲੀਅਨ ਮੋਟਲ, ਹਰਵਿੰਦਰ ਸਿੰਘ ਚੌਧਰੀ, ਗੋਲਡੀ ਸਿੰਘ ਹੈਲੋ ਟੈਕਸੀ, ਨੂੰ ਵੀ ਉਨਾਂ ਦੀਆਂ ਤਨ ਮਨ ਧਨ ਦੀਆਂ ਵਧੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਖੇਡ ਮੈਦਾਨਾਂ ਵਿੱਚ ਮਨਿੰਦਰ ਬਰਾੜ ਅਤੇ ਨਿਊਜੀਲੈਂਡ ਤੋਂ ਅਮਨ ਰੰਧਾਵਾ ਨੇ ਆਪਣੀ ਖੇਡ ਕਮੈਂਟਰੀ ਦੇ ਰੰਗ ਬੰਨਿਆ। ਮੈਲਬਰਨ ਤੋਂ ਆਏ ਨਵਦੀਪ ਸਿੰਘ ਬੱਲ ਬਤਾਲਾ ਨੇ ਆਪਣੀ ਫੋਟੋ ਕਲਾਕਾਰੀ ਨਾਲ ਖੇਡ ਮੇਲੇ ਦਾ ਰੰਗ ਆਪਣੇ ਕੈਮਰੇ ਚ ਕੈਦ ਕੀਤਾ। ਅੰਤ ਵਿੱਚ ਬੌਬੀ ਗਿੱਲ ਨੇ ਆਏ ਮਹਿਮਾਨਾ ਖਿਡਾਰੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ, ਅਤੇ ਐਲਾਨ ਕੀਤਾ ਕਿ ਅਗਲੇ ਵਰ੍ਹੇ ਮਿਲਡੂਰੇ ਦਾ ਖੇਡ ਮੇਲਾ ਅਪਰੈਲ ਮਹੀਨੇ 18-19 ਅਪ੍ਰੈਲ 2026 ਦੇ ਆਖਰੀ ਹਫਤੇ ਹੋਵੇਗਾ।

**ਵੇਖਣ ਯੋਗ ਹੈ ਬਾਗਾਂ ਦਾ ਸ਼ਹਿਰ ਹੈ ਮਿਲਡੂਰਾ**

ਵਿਕਟੋਰੀਆ ਸਟੇਟ ਵਿੱਚ ਪੈਂਦਾ ਮੈਲਬੋਰਨ ਤੋਂ 550 ਕਿਲੋਮੀਟਰ ਦੂਰ ਮਿਲਡੂਰਾ ਸਿਟੀ, ਜਿਸ ਦੀ ਆਬਾਦੀ ਲਗਭਗ 35000 ਹਜ਼ਾਰ ਦੇ ਕਰੀਬ ਹੈ, ਇਹ 1934 ਵਿੱਚ ਸਥਾਪਿਤ ਹੋਇਆ। ਮਿਲਡੂਰਾ ਸ਼ਹਿਰ ਨੂੰ ਬਾਗਾਂ ਦਾ ਸ਼ਹਿਰ ਮੰਨਿਆ ਜਾਂਦਾ ਹੈ। ਜਿੱਥੇ ਵੱਡੀ ਗਿਣਤੀ ਵਿੱਚ ਅੰਗੂਰਾਂ, ਬਦਾਮਾਂ, ਸੰਗਤਰੇ ਅਤੇ ਖੇਤੀਬਾੜੀ ਦੇ ਨਾਲ ਸੰਬੰਧਿਤ ਫਾਰਮ ਹਾਊਸ ਹਨ । ਇਥੋਂ ਦਾ ਦੇ 2 ਚਰਚਿਤ ਦਰਿਆ ਆਸਟਰੇਲੀਆ ਦੀ ਸਭ ਤੋਂ ਲੰਬੀ ਰਿਵਰ ਮਰੀ , ਸਾਊਥ ਵੇਲਜ ਵੱਲੋਂ ਆ ਰਹੀ ਡਾਰਲਿੰਗ ਰਿਵਰ ਜੋ ਇੱਕ ਥਾਂ ਤੇ ਇਕੱਠੇ ਹੁੰਦੇ ਹਨ ,ਦੋ ਰੰਗਾਂ ਦਾ ਪਾਣੀ ਆਪਸ ਵਿੱਚ ਮਿਲਦਾ ਹੈ ।ਜਿਸ ਦਾ ਨਜ਼ਾਰਾ ਵੇਖਣ ਯੋਗ ਹੈ। ਮਿਲਡੂਰਾ ਸ਼ਹਿਰ ਦੇ ਆਲੇ ਦੁਆਲੇ ਨਿੱਕੇ ਨਿੱਕੇ ਕਸਬੇ ਨਿਕਲਿਸ ਪੁਆਇੰਟ, ਰਿੰਪਲ , ਮਰਬਿਨ, ਰੈੱਡਕਲਿਫ, ਕੇਬਾਰਿਟਾ ਆਦਿ ਵਿੱਚ ਘਿਰਿਆ ਹੋਇਆ ਹੈ।

**ਮਿਲਡੂਰਾ ਵਿੱਚ ਪੰਜਾਬੀਆਂ ਦੀ ਪਹਿਚਾਣ ਵੱਖਰੀ**

ਮਿਲਡੂਰਾ ਸ਼ਹਿਰ ਵਿੱਚ ਵੱਖ ਵੱਖ ਮੁਲਕਾਂ ਦੇ ਪ੍ਰਵਾਸੀ ਅਤੇ ਵੱਖ ਵੱਖ ਧਰਮਾਂ ਦੇ ਲੋਕ ਵਸਦੇ ਹਨ। ਉਥੇ ਇਸ ਸ਼ਹਿਰ ਵਿੱਚ ਪੰਜਾਬੀਆਂ ਦੀ ਪਹਿਚਾਣ ਵੱਖਰੀ ਹੀ ਹੈ। ਪੰਜਾਬੀਆਂ ਨੇ ਆਪਣੀ ਹੱਡ ਤੋੜਵੀਂ ਮਿਹਨਤ ਨਾਲ ਵੱਡੇ ਵੱਡੇ ਫਾਰਮ ਹਾਊਸ ਅਤੇ ਕਾਰੋਬਾਰ ਸਥਾਪਤ ਕੀਤੇ ਹਨ। ਮਨਸੂਰਾਂ ਵਾਲੇ ਕਮਲਜੀਤ ਸਿੰਘ ਗਰੇਵਾਲ, ਮਨਜਿੰਦਰ ਸਿੰਘ ਗਰੇਵਾਲ ਭਰਾਵਾਂ ਨੇ ਖਾਣ ਪੀਣ ਦੀਆਂ ਵਸਤੂਆਂ ਤਿਆਰ ਕਰਨ ਵਿੱਚ ਆਪਣਾ ਵੱਖਰੀ ਪਹਿਚਾਣ ਬਣਾਈ ਹੈ। ਉਹ ਗਰੇਵਾਲ ਆਟਾ ਚੱਕੀ ਵਾਲੇ ਵਜੋਂ ਜਾਣੇ ਜਾਂਦੇ ਹਨ। ਇਸ ਤੋਂ ਇਲਾਵਾ ਭਗਵੰਤ ਸਿੰਘ ਚੰਦੀ ਅਤੇ ਮੇਜਰ ਸਿੰਘ ਸੰਤਰਿਆਂ ਦੇ ਬਾਗਾਂ ਦੇ ਬਾਦਸ਼ਾਹ ਹਨ। ਬਿਕਰਮ ਸਿੰਘ ਬਾਈ ਨੇ ਵੱਡੇ ਪੱਧਰ ਤੇ ਸਬ ਵੇਅ ਖੋਲ੍ਹੇ ਹਨ। ਸਾਡੇ ਪੱਤਰਕਾਰ ਭਾਈਚਾਰੇ ਦਾ ਸਾਥੀ, ਛੋਟਾ ਭਰਾ ਬੌਬੀ ਗਿੱਲ, ਚੈਰੀ ਗਰੇਵਾਲ 10 ਨੌਹਾਂ ਦੀ ਕਿਰਤ ਕਮਾਈ ਕਰਕੇ 200 ਏਕੜ ਦੇ ਮਾਲਕ ਬਣ ਗਏ ਹਨ, ਅਤੇ ਸਮਾਜ ਸੇਵੀ ਕੰਮਾਂ ਲਈ ਵਧੀਆ ਦਸੌਂਦ ਕੱਢਦੇ ਹਨ। ਮਿਲਡੂਰਾ ਦੇ ਪੰਜਾਬੀ ਭਾਈਚਾਰੇ ਅਤੇ ਸਿੱਖ ਸੰਗਤਾਂ ਵੱਲੋਂ 14 ਏਕੜ ਵਿੱਚ ਗੁਰੂ ਘਰ ਦੀ ਸਥਾਪਨਾ ਕੀਤੀ ਜਾ ਰਹੀ ਹੈ।

ਜਗਰੂਪ ਸਿੰਘ ਜਰਖੜ, ਖੇਡ ਲੇਖਕ, 98143-00722

# ਹਾਕੀ: ਯੂਰਪੀ ਗੇੜ ਲਈ ਭਾਰਤੀ ਮਹਿਲਾ ਟੀਮ ਦਾ ਐਲਾਨ

## ਸਲੀਮਾ ਟੇਟੇ ਕਰੇਗੀ ਟੀਮ ਦੀ ਅਗਵਾਈ; ਨਵਨੀਤ ਕੌਰ ਉਪ ਕਪਤਾਨ



ਨਵੀਂ ਦਿੱਲੀ : ਭਾਰਤ ਨੇ ਅੱਜ ਮਹਿਲਾ ਪ੍ਰੋ ਲੀਗ ਹਾਕੀ ਦੇ ਯੂਰਪੀ ਗੇੜ ਲਈ 24 ਮੈਂਬਰੀ ਟੀਮ ਦਾ ਐਲਾਨ ਕੀਤਾ ਹੈ, ਜਿਸ ਵਿੱਚ ਮਿਡਫੀਲਡਰ ਸਲੀਮਾ ਟੇਟੇ ਨੂੰ ਕਪਤਾਨ ਬਣਾਇਆ ਗਿਆ ਹੈ। ਭਾਰਤ 14 ਤੋਂ 29 ਜੂਨ ਤੱਕ ਲੰਡਨ, ਐਂਟਵਰਪ ਅਤੇ ਬਰਲਿਨ ਵਿੱਚ ਆਸਟਰੇਲੀਆ, ਅਰਜਨਟੀਨਾ, ਬੈਲਜੀਅਮ ਅਤੇ ਚੀਨ ਖ਼ਿਲਾਫ਼ ਦੋ-ਦੋ ਮੈਚ ਖੇਡੇਗਾ। ਟੀਮ 14 ਜੂਨ ਨੂੰ ਆਸਟਰੇਲੀਆ ਖ਼ਿਲਾਫ਼ ਆਪਣੀ ਮੁਹਿੰਮ ਦੀ ਸ਼ੁਰੂਆਤ ਕਰੇਗੀ। ਤਜਰਬੇਕਾਰ ਫਾਰਵਰਡ ਨਵਨੀਤ ਕੌਰ ਟੀਮ ਦੀ ਉਪ ਕਪਤਾਨ ਹੋਵੇਗੀ। ਟੀਮ ਵਿੱਚ ਗੋਲਕੀਪਰ ਸਵਿਤਾ ਅਤੇ ਬਿਚੂ ਦੇਵੀ ਖਾਰੀਬਾਮ ਵੀ ਸ਼ਾਮਲ ਹਨ। ਸੁਸ਼ੀਲਾ ਚਾਨੂ, ਜਯੋਤੀ, ਸੁਮਨ ਦੇਵੀ, ਜਯੋਤੀ ਸਿੰਘ, ਇਸ਼ਿਕਾ ਚੌਧਰੀ ਅਤੇ ਜਯੋਤੀ ਛੱਤਰੀ ਡਿਫੈਂਡਰ ਹੋਣਗੀਆਂ। ਮਿਡਫੀਲਡ ਦੀ ਜ਼ਿੰਮੇਵਾਰੀ ਵੈਸ਼ਨਵੀ ਵਿੱਠਲ ਫਾਲਕੇ, ਸੁਜਾਤਾ ਕੁਜੂਰ, ਮਨੀਸ਼ਾ ਚੌਹਾਨ, ਨੇਹਾ, ਸਲੀਮਾ, ਲਾਲਰੇਮਸਿਆਮੀ, ਸ਼ਰਮੀਲਾ ਦੇਵੀ, ਸੁਨੀਤਾ ਟੋਪੋ ਅਤੇ ਮਹਿਮਾ ਟੇਟੇ ਦੇ ਮੋਢਿਆਂ 'ਤੇ ਹੋਵੇਗੀ। ਦੀਪਿਕਾ, ਨਵਨੀਤ, ਦੀਪਿਕਾ ਸੋਰੇਂਗ, ਬਲਜੀਤ ਕੌਰ, ਰੁਤੁਜਾ ਦਾਦਾਸੋ, ਬਿਊਟੀ ਡੁੰਗਡੁੰਗ ਅਤੇ ਸਾਕਸ਼ੀ ਰਾਣਾ ਫਾਰਵਰਡ ਹੋਣਗੀਆਂ। ਟੀਮ ਦੀ ਚੋਣ ਬਾਰੇ ਭਾਰਤੀ ਮਹਿਲਾ ਹਾਕੀ ਟੀਮ ਦੇ ਮੁੱਖ ਕੋਚ ਹਰਿੰਦਰ ਸਿੰਘ ਨੇ ਕਿਹਾ, 'ਅਸੀਂ ਸੰਤੁਲਿਤ ਟੀਮ ਬਣਾਈ ਹੈ, ਜਿਸ ਵਿੱਚ ਤਜਰਬੇ ਅਤੇ ਨੌਜਵਾਨ ਹੁਨਰ ਦਾ ਮਿਸ਼ਰਣ ਹੈ। ਯੂਰਪੀ ਗੇੜ ਪ੍ਰੋ ਲੀਗ ਦਾ ਅਹਿਮ ਗੇੜ ਹੈ।'

# ਵਿਰਾਟ ਕੋਹਲੀ ਨੇ ਲਿਆ ਸੰਨਿਆਸ



ਵਿਰਾਟ ਕੋਹਲੀ ਨੇ 12 ਮਈ 2025 ਨੂੰ ਸਵੇਰੇ 11:43 ਵਜੇ ਟੈਸਟ ਕ੍ਰਿਕਟ ਤੋਂ ਸੰਨਿਆਸ ਲੈ ਲਿਆ। ਉਸਨੇ ਆਪਣੀ ਰਿਟਾਇਰਮੈਂਟ ਦਾ ਐਲਾਨ ਇੰਸਟਾਗ੍ਰਾਮ 'ਤੇ ਕੀਤਾ। ਵਿਰਾਟ ਕੋਹਲੀ ਨੇ ਇੰਸਟਾਗ੍ਰਾਮ 'ਤੇ ਟੈਸਟ ਕਿੱਟ ਵਿੱਚ ਇੱਕ ਫੋਟੋ ਸਾਂਝੀ ਕੀਤੀ। ਇਸ ਦੇ ਕੈਪਸ਼ਨ ਵਿੱਚ ਉਸਨੇ ਲਿਖਿਆ, ਟੈਸਟ ਕ੍ਰਿਕਟ ਵਿੱਚ ਪਹਿਲੀ ਵਾਰ ਬੈਗੀ ਬਲੂ ਜਰਸੀ ਪਹਿਨੇ ਨੂੰ 14 ਸਾਲ ਹੋ ਗਏ ਹਨ। ਇਮਾਨਦਾਰੀ ਨਾਲ ਕਹਾਂ ਤਾਂ ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਇਹ ਫਾਰਮੇਟ ਮੈਨੂੰ ਕਿਸ ਸਫ਼ਰ 'ਤੇ ਲੈ ਜਾਵੇਗਾ। ਇਸਨੇ ਮੈਨੂੰ ਪਰਖਿਆ, ਮੈਨੂੰ ਆਕਾਰ ਦਿੱਤਾ, ਅਤੇ ਮੈਨੂੰ ਉਹ ਸਬਕ ਸਿਖਾਏ ਜੋ ਮੈਂ ਆਪਣੀ ਬਾਕੀ ਦੀ ਜ਼ਿੰਦਗੀ ਆਪਣੇ ਨਾਲ ਰੱਖਾਂਗਾ।

ਵਿਰਾਟ ਕੋਹਲੀ ਨੇ ਲਿਖਿਆ, 'ਚਿੱਟੇ ਕੱਪੜਿਆਂ ਵਿੱਚ ਖੇਡਣਾ ਇੱਕ ਬਹੁਤ ਹੀ ਨਿੱਜੀ ਅਨੁਭਵ ਹੈ।' ਸ਼ਾਂਤ ਮਿਹਨਤ, ਲੰਬੇ ਦਿਨ, ਛੋਟੇ-ਛੋਟੇ ਪਲ ਜੋ ਕੋਈ ਨਹੀਂ ਦੇਖਦਾ ਪਰ ਹਮੇਸ਼ਾ ਤੁਹਾਡੇ ਨਾਲ ਰਹਿੰਦੇ ਹਨ। ਜਦੋਂ ਮੈਂ ਇਸ ਫਾਰਮੇਟ ਤੋਂ ਦੂਰ ਜਾ ਰਿਹਾ ਹਾਂ, ਤਾਂ ਇਹ ਆਸਾਨ ਨਹੀਂ ਹੈ, ਪਰ ਇਹ ਸਹੀ ਮਹਿਸੂਸ ਹੁੰਦਾ ਹੈ। ਮੈਂ ਇਸਨੂੰ ਆਪਣਾ ਸਭ ਕੁਝ ਦੇ ਦਿੱਤਾ ਹੈ ਅਤੇ ਇਸਨੇ ਮੈਨੂੰ ਮੇਰੀ ਉਮੀਦ ਤੋਂ ਵੱਧ ਦਿੱਤਾ ਹੈ। ਮੈਂ ਖੇਡ ਲਈ, ਮੈਦਾਨ 'ਤੇ ਮੌਜੂਦ ਲੋਕਾਂ ਲਈ, ਅਤੇ ਇਸ ਯਾਤਰਾ ਵਿੱਚ ਮੇਰਾ ਸਾਥ ਦੇਣ ਵਾਲੇ ਹਰ ਵਿਅਕਤੀ ਲਈ ਬਹੁਤ ਧੰਨਵਾਦੀ ਹਾਂ। ਮੈਂ ਹਮੇਸ਼ਾ ਆਪਣੇ ਟੈਸਟ ਕਰੀਅਰ ਨੂੰ ਮੁਸਕਰਾਹਟ ਨਾਲ ਦੇਖਾਂਗਾ।

ਵਿਰਾਟ ਕੋਹਲੀ ਦੇ ਟੈਸਟ ਕਰੀਅਰ ਦੀ ਗੱਲ ਕਰੀਏ ਤਾਂ ਉਸਨੇ ਜੂਨ 2011 ਵਿੱਚ ਕਿੰਗਸਟਨ ਵਿੱਚ ਵੈਸਟਇੰਡੀਜ਼ ਖ਼ਿਲਾਫ਼ ਮੈਚ ਨਾਲ ਆਪਣੇ ਟੈਸਟ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਸਨੇ ਆਪਣਾ ਆਖਰੀ ਟੈਸਟ ਮੈਚ ਜਨਵਰੀ 2025 ਵਿੱਚ ਆਸਟ੍ਰੇਲੀਆ ਵਿਰੁੱਧ ਸਿਡਨੀ ਵਿੱਚ ਖੇਡਿਆ ਸੀ। ਵਿਰਾਟ ਕੋਹਲੀ ਨੇ ਜੂਨ 2011 ਤੋਂ ਜਨਵਰੀ 2025 ਦਰਮਿਆਨ 123 ਟੈਸਟ ਮੈਚ ਖੇਡੇ।

**ਟੈਸਟ ਕ੍ਰਿਕਟ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਚੌਥਾ ਭਾਰਤੀ**

ਵਿਰਾਟ ਕੋਹਲੀ ਨੇ 210 ਟੈਸਟ ਪਾਰੀਆਂ ਵਿੱਚ 46.85 ਦੀ ਔਸਤ ਨਾਲ 9230 ਦੌੜਾਂ ਬਣਾਈਆਂ। ਇਸ ਵਿੱਚ ਉਸਦੇ 30 ਸੈਂਕੜੇ ਅਤੇ 31 ਅਰਧ ਸੈਂਕੜੇ ਸ਼ਾਮਲ ਹਨ। ਵਿਰਾਟ ਕੋਹਲੀ ਭਾਰਤੀ ਟੈਸਟ ਕ੍ਰਿਕਟ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਚੌਥੇ ਬੱਲੇਬਾਜ਼ ਹਨ। ਟੈਸਟ ਕ੍ਰਿਕਟ ਵਿੱਚ ਉਸ ਤੋਂ ਵੱਧ ਦੌੜਾਂ ਬਣਾਉਣ ਵਾਲੇ ਸਿਰਫ਼ ਭਾਰਤੀ ਖਿਡਾਰੀ ਸਚਿਨ ਤੇਂਦੁਲਕਰ (15921 ਦੌੜਾਂ), ਰਾਹੁਲ ਦ੍ਰਾਵਿੜ (13288 ਦੌੜਾਂ) ਅਤੇ ਸੁਨੀਲ ਗਾਵਸਕਰ (10122 ਦੌੜਾਂ) ਹਨ।

# ਆਈਪੀਐੱਲ 17 ਮਈ ਤੋਂ ਹੋਵੇਗਾ ਮੁੜ ਸ਼ੁਰੂ; 3 ਜੂਨ ਨੂੰ ਫਾਈਨਲ



ਨਵੀਂ ਦਿੱਲੀ : ਬੀਸੀਸੀਆਈ ਨੇ ਅੱਜ ਐਲਾਨ ਕੀਤਾ ਕਿ ਸੋਧੇ ਹੋਏ ਪ੍ਰੋਗਰਾਮ ਅਨੁਸਾਰ ਆਈਪੀਐੱਲ ਦਾ ਫਾਈਨਲ 3 ਜੂਨ ਨੂੰ ਖੇਡਿਆ ਜਾਵੇਗਾ ਜਦਕਿ ਇਸ ਦੇ ਰਹਿੰਦੇ ਮੈਚ 17 ਮਈ ਤੋਂ ਸ਼ੁਰੂ ਹੋ ਜਾਣਗੇ ਜੋ ਛੇ ਥਾਵਾਂ 'ਤੇ ਖੇਡੇ ਜਾਣਗੇ। ਜ਼ਿਕਰਯੋਗ ਹੈ ਕਿ 8 ਮਈ ਨੂੰ ਪੰਜਾਬ ਕਿੰਗਜ਼ ਅਤੇ ਦਿੱਲੀ ਕੈਪੀਟਲਜ਼ ਵਿਚਾਲੇ ਮੈਚ ਨੂੰ ਰੱਦ ਕਰਨ ਤੋਂ ਬਾਅਦ ਆਈਪੀਐਲ ਨੂੰ ਰੋਕ ਦਿੱਤਾ ਗਿਆ ਸੀ ਕਿਉਂਕਿ ਪਾਕਿਸਤਾਨ ਨੇ ਚੰਡੀਗੜ੍ਹ ਨੇੜੇ ਭਾਰਤੀ ਹਵਾਈ ਖੇਤਰ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ ਜਿਸ ਤੋਂ ਬਾਅਦ ਸਟੇਡੀਅਮ ਵਿੱਚ ਬਲੈਕਆਊਟ ਕੀਤਾ ਗਿਆ ਸੀ।

ਬੀਸੀਸੀਆਈ ਬੋਰਡ ਨੇ ਇੱਕ ਬਿਆਨ ਵਿੱਚ ਕਿਹਾ ਕਿ ਆਈਪੀਐਲ 2025 ਨੂੰ 17 ਮਈ ਤੋਂ ਮੁੜ ਸ਼ੁਰੂ ਕੀਤਾ ਜਾਵੇਗਾ। ਇਹ ਫੈਸਲਾ ਸਰਕਾਰ ਅਤੇ ਸੁਰੱਖਿਆ ਏਜੰਸੀਆਂ ਅਤੇ ਸਾਰੇ ਪ੍ਰਮੁੱਖ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਕੀਤਾ ਗਿਆ ਹੈ। ਇਸ ਦਾ ਪਹਿਲਾ ਮੈਚ 17 ਮਈ ਨੂੰ ਬੰਗਲੁਰੂ 'ਚ ਰੌਇਲ ਚੈਲੰਜਰਜ਼ ਬੰਗਲੁਰੂ ਅਤੇ ਚੇਨਈ ਸੁਪਰ ਕਿੰਗਜ਼ ਵਿਚਾਲੇ ਹੋਵੇਗਾ।

ਸੋਧੇ ਹੋਏ ਸ਼ਡਿਊਲ ਅਨੁਸਾਰ ਲੀਗ ਮੈਚ ਛੇ ਸਥਾਨਾਂ 'ਤੇ ਹੋਣਗੇ ਜਿਨ੍ਹਾਂ ਵਿਚ ਬੰਗਲੁਰੂ, ਜੈਪੁਰ, ਦਿੱਲੀ, ਲਖਨਊ, ਅਹਿਮਦਾਬਾਦ ਅਤੇ ਮੁੰਬਈ ਸ਼ਾਮਲ ਹਨ। ਪਲੇਔਫ ਮੈਚਾਂ ਲਈ ਸਥਾਨਾਂ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ। ਬੀਸੀਸੀਆਈ ਨੇ ਦੱਸਿਆ ਕਿ ਛੇ ਥਾਵਾਂ 'ਤੇ ਕੁੱਲ 17 ਮੈਚ ਖੇਡੇ ਜਾਣਗੇ।







